


SIS GANJ ਮਾਸਿਕ
ਸੀਸ ਗੰਜ

Volume 60 May 2023 Issue 5 Rs. 5

ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ

ਇਸ ਮਹੀਨੇ ਦਾ ਵਿਚਾਰ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੩ }

: ਪਦ ਅਰਥ :


ਜੇਠਿ – ਜੇਠ ਵਿਚ । ਹਰਿ ਜੁੜੰਦਾ ਲੋੜੀਐ – ਪ੍ਰਭੂ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਸਭਿ – ਸਾਰੇ ਜੀਵ । ਨਿਵੰਨਿ – ਨਿਉਂਦੇ ਹਨ । ਸਜਣ ਦਾਵਣਿ – ਸੱਜਣ ਦੇ ਦਾਮਨ ਵਿਚ, ਪੱਲੇ ਵਿਚ । ਕਿਸੈ...ਬੰਨਿ – ਕਿਸੇ ਨੂੰ ਬੰਨ੍ਹਣ ਨਹੀਂ ਦੇਂਦਾ, ਕਿਸੇ ਜਮ ਆਦਿਕ ਨੂੰ ਆਗਿਆ ਨਹੀਂ ਦੇਂਦਾ ਕਿ ਉਸ ਜੀਵ ਨੂੰ ਬੰਨ੍ਹ ਕੇ ਅੱਗੇ ਲਾ ਲਏ । ਰੰਗ ਜੇਤੇ – ਜਿਤਨੇ ਭੀ ਰੰਗ ਹਨ । ਨਾਰਾਇਣੈ – ਪਰਮਾਤਮਾ ਦੇ । ਭਾਵੰਨਿ – ਪਿਆਰੇ ਲੱਗਦੇ ਹਨ । ਕਰੰਨਿ – ਕਰਦੇ ਹਨ । ਪ੍ਰਭਿ – ਪ੍ਰਭੂ ਨੇ । ਕਹੀਅਹਿ – ਕਹੇ ਜਾਂਦੇ ਹਨ । ਵਿਛੁੜਿ – ਪ੍ਰਭੂ ਤੋਂ ਵਿਛੁੜ ਕੇ । ਸਾਧੂ ਸੰਗੁ – ਗੁਰੂ ਦਾ ਸਾਥ । ਤਿਸੁ – ਉਸ (ਮਨੁੱਖ) ਨੂੰ । ਜਿਸ ਕੈ ਮਥੰਨਿ – ਜਿਸ ਦੇ ਮੱਥੇ ਉੱਤੇ ।

: ਅਰਥ :

ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਜੇ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ) । (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌਖ਼ਲਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤਿ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ । ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ । (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ।

ਜਿਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿਫ਼ਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ੇ ਮਿਲਦੀ ਹੈ । (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿੱਛੁੜ ਕੇ ਦੁਖੀ ਕਿਉਂ ਹੋਣ? ਹੇ ਨਾਨਕ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿਨ੍ਹਾਂ ਨੂੰ ਗੁਰੂ ਦਾ ਸਾਥ ਮਿਲ ਜਾਏ । ਜਿਸ ਮਨੁੱਖ ਦੇ ਮੱਥੇ ਉੱਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ ।੪।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ



ਜਿਲਦ 60 – ਨੰਬਰ 5
ਮਈ 2023 – ਵੈਸਾਖ / ਜੇਠ 2079

ਐਡੀਟੋਰੀਅਲ ਬੋਰਡ :
ਸ. ਹਰਮੀਤ ਸਿੰਘ ਕਾਲਕਾ
ਸ. ਜਗਦੀਪ ਸਿੰਘ ਕਾਹਲੋਂ
ਸ. ਹਰਵਿੰਦਰ ਸਿੰਘ ਕੇ.ਪੀ.
ਸ. ਆਤਮਾ ਸਿੰਘ ਲੁਬਾਣਾ
ਸ. ਜਸਮੇਨ ਸਿੰਘ ਨੋਨੀ

ਮੁੱਖ ਸੰਪਾਦਕ :
ਸ. ਹਰਮੀਤ ਸਿੰਘ ਕਾਲਕਾ

ਸੰਪਾਦਕ :
ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ :
ਸ. ਜਸਪ੍ਰੀਤ ਸਿੰਘ ਕਰਮਸਰ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲੀਸ਼ਰ
ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : dsgmcdelhi@gmail.com
Website : www.dsgmc.in
Phone : +91 11 23712580-81-82
+91 11 23737328-29
Extn. : 104

Total Pages : 1 to 64 (With Cover)

ਸੀਸ ਗੰਜ ਦੇ ਇਸ ਅੰਕ 'ਚ

4 ਸੰਪਾਦਕੀ
ਸ. ਹਰਮੀਤ ਸਿੰਘ ਕਾਲਕਾ

5 ਗੁਰ ਅਰਜਨ ਵਿਟਹੁ ਕੁਰਬਾਣੀ
ਡਾ. ਮਨਪ੍ਰੀਤ ਸਿੰਘ

7 ਮੇਰੇ ਗ਼ਰੀਬ ਨਿਵਾਜ.....
ਸ. ਰਜਿੰਦਰ ਸਿੰਘ ਜੋਲੀ

16 "ਚੜ੍ਹਦੀ ਕਲਾ" ਸਿੰਘਾਂ ਦਾ ਵਿਰਸਾ
ਡਾ. ਜਸਬੀਰ ਸਿੰਘ ਸਰਨਾ

20 ਸਿੱਖ ਰਾਜ ਕਿਵੇਂ ਗਿਆ
ਸ. ਹਰਬੰਸ ਸਿੰਘ ਘੀਕ

24 ਬੰਦਾ ਸਿੰਘ ਦੀ ਨਾਂਦੇੜ ਤੋਂ ਪੰਜਾਬ.....
ਕਮੋਡੋਰ ਗੁਰਨਾਮ ਸਿੰਘ

35 ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ
ਸ. ਜੋਗਿੰਦਰ ਸਿੰਘ ਸੇਠੀ

43 ਸਰਦਾਰ ਜੱਸਾ ਸਿੰਘ ਆਹਲੂਵਾਲੀਆ
ਸ. ਰਜਿੰਦਰ ਸਿੰਘ ਜੋਲੀ

50 ਸਰਗਰਮੀਆਂ
ਧਰਮ ਪ੍ਰਚਾਰ ਤੇ ਦਿੱ.ਸਿ.ਗੁ.ਪ੍ਰ. ਕਮੇਟੀ


61 ਚਿੱਠਾ ਆਮਦਨ ਖ਼ਰਚ
ਅਕਾਊਂਟਸ ਵਿਭਾਗ













ਛੋਟਾ ਘੱਲੂਘਾਰਾ

ਖਾਨ ਬਹਾਦਰ ਜੋ ਜ਼ਕਰੀਆ ਖਾਂ ਦੇ ਨਾਂ ਨਾਲ ਲਾਹੌਰ ਦਾ ਸੂਬੇਦਾਰ ਨਿਯੁਕਤ ਹੋਇਆ। ਇਹ ਅਬਦੁਸਮਦ ਖਾਂ ਦਾ ਪੁੱਤਰ ਸੀ ਤੇ ਉਸ ਦੀ ਮੌਤ ਉਪਰੰਤ ਇਸ ਨੇ ਗਵਰਨਰ ਲਾਹੌਰ ਬਣਦਿਆਂ ਹੀ ਸਿੱਖਾਂ 'ਤੇ ਪਿਉ ਨਾਲੋਂ ਵੱਧ ਸਖ਼ਤੀ ਕਰ ਕੇ ਉਨ੍ਹਾਂ ਦਾ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਜਾਣ ਲੱਗੇ। ਸਿੰਘਾਂ ਦੀ ਭਾਲ ਵਿੱਚ ਗਸ਼ਤੀ ਟੁਕੜੀਆਂ ਦਾ ਜਾਲ ਵਿਛਾ ਕੇ ਸਿੰਘਾਂ ਨੂੰ ਮੁਕਾਇਆ ਜਾਣ ਲੱਗਾ ਪਰ ਸਿੱਖ ਕੌੜੀ ਵੇਲ ਦੀ ਤਰ੍ਹਾਂ ਫਿਰ ਵੀ ਵਧਦੇ ਗਏ। ਜ਼ਕਰੀਆ ਖਾਂ ਨੇ ਸਿੰਘਾਂ ਦਾ ਖੁਰਾ ਖੋਜ ਮੁਕਾਉਣ ਲਈ ਸੂਬੇ ਦੀ ਪੂਰੀ ਤਾਕਤ ਲੱਗਾ ਦਿੱਤੀ।

1 ਜੁਲਾਈ, 1745 ਈਸਵੀ ਨੂੰ ਜ਼ਕਰੀਆ ਖਾਂ ਮਰ ਗਿਆ। ਉਸ ਦਾ ਪੁੱਤਰ ਸ਼ਾਹ ਨਿਵਾਜ਼ ਖਾਨ ਜੋ ਯਾਹੀਆ ਖਾਂ ਦੇ ਨਾਂ ਨਾਲ ਸੂਬਾ ਲਾਹੌਰ ਬਣਿਆ। ਉਹ ਵੀ ਆਪਣੇ ਪਿਉ ਦਾਦੇ ਵਾਂਗ ਸਿੱਖਾਂ ਦਾ ਕੱਟੜ ਦੁਸ਼ਮਣ ਸੀ। ਉਸ ਨੇ ਵੀ ਸੂਬੇਦਾਰ ਬਣਦਿਆਂ ਹੀ ਸਿੰਘਾਂ ਵਿਰੁੱਧ ਸ਼ਾਹੀ ਫਤਵਾ ਜਾਰੀ ਕਰਵਾ ਦਿੱਤਾ। ਕੋਈ ਵੀ ਸਿੱਖ ਜ਼ਿੰਦਾ ਨਹੀਂ ਬਚਣਾ ਚਾਹੀਦਾ। ਇਸ ਨੇ ਤਾਂ ਮਿਲਵਰਤਨੀਆਂ ਸਿੰਘ ਭਾਈ ਸੁਬੇਗ ਸਿੰਘ ਤੇ ਉਸ ਦੇ ਪੁੱਤਰ ਸ਼ਾਹਬਾਜ ਸਿੰਘ ਨੂੰ ਵੀ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕਰਵਾ ਦਿੱਤਾ। ਜਦੋਂ ਕਿ ਇਹ ਉਸ ਸਮੇਂ ਲਾਹੌਰ ਦੀ ਕੋਤਵਾਲੀ ਦਾ ਕੋਤਵਾਲ ਵੀ ਸੀ।

ਯਾਹੀਆਂ ਖਾਨ ਦੇ ਪਿਉ ਜ਼ਕਰੀਆ ਖਾਨ ਦੇ ਸਮੇਂ ਲਖਪਤ ਰਾਏ ਸੂਬਾ ਲਾਹੌਰ ਦਾ ਦੀਵਾਨ ਸੀ ਅਤੇ ਉਸ ਦਾ ਦੂਜਾ ਭਰਾ ਜਸਪਤ ਰਾਏ ਐਮਨਾਬਾਦ ਦੇ ਇਲਾਕੇ ਦਾ ਫ਼ੌਜਦਾਰ ਮੁਕਰੱਰ ਸੀ। ਇਹ ਦੋਵੇਂ ਹਿੰਦੂ ਭਰਾ ਸਨ ਤੇ ਸੂਬੇ ਦੀ ਸ਼ਹਿ 'ਤੇ ਇਨ੍ਹਾਂ ਨੇ ਵੀ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਸਿੰਘਾਂ 'ਤੇ ਸਖ਼ਤੀ ਦਾ ਦੌਰ ਇੰਨਾ ਵਧਾ ਦਿੱਤਾ ਕਿ ਸਿੰਘ ਜੰਗਲਾਂ ਵਿੱਚ ਟਿਕਾਣਾ ਕਰਕੇ ਦਿਨ ਕੱਟੀ ਕਰਨ ਲੱਗੇ। ਇੱਕ ਵਾਰ ਸਿੰਘਾਂ ਦਾ ਇੱਕ ਜੱਥਾ ਕਈ ਦਿਨਾਂ ਦਾ ਭੁੱਖਾ ਭਾਣਾ ਐਮਨਾਬਾਦ ਦੇ ਇਲਾਕੇ ਜਾ ਨਿਕਲਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਬਜ਼ੁਰਗ, ਬੱਚੇ ਅਤੇ ਇਸਤਰੀਆਂ ਵੀ ਸ਼ਾਮਿਲ ਸਨ। ਜਸਪਤ ਰਾਏ ਨੇ ਆਪਣੀ ਫ਼ੌਜ ਇਨ੍ਹਾਂ ਦੇ ਪਿੱਛੇ ਲਗਾ ਦਿੱਤੀ। ਅਗਲੇ ਪਾਸਿਉਂ ਚੌਧਰੀਆਂ ਨੇ ਘੇਰਾ ਪਾ ਲਿਆ। ਸਿੰਘਾਂ ਪਾਸ ਕੋਈ ਹਥਿਆਰ ਸ਼ਸਤਰ ਆਦਿ ਨਹੀਂ ਸਨ। ਦੂਸਰਾ ਕਈ ਦਿਨਾਂ ਦੇ ਢਿੱਡੋਂ ਭੁੱਖੇ ਸਨ। ਪਰ ਇਸ ਦੇ ਬਾਵਜੂਦ ਵੀ ਜਸਪਤ ਰਾਏ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਉਸਦੀ ਫ਼ੌਜ ਭੱਜ ਨਿਕਲੀ।

ਜਦੋਂ ਦੀਵਾਨ ਲਖਪਤ ਰਾਏ ਨੂੰ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਹ ਕੁਰਲਾ ਉਠਿਆ ਤੇ ਭਰਾ ਦੀ ਮੌਤ ਦਾ ਬਦਲਾ ਲੈਣ ਲਈ ਯਾਹੀਆ ਖਾਨ ਤੋਂ ਹਰ ਸਹਾਇਤਾ ਮੰਗੀ। ਜੋ ਉਸ ਨੇ ਪ੍ਰਵਾਨ ਕਰ ਲਈ ਤੇ ਕਹਿੰਦੇ ਹਨ ਕਿ ਸਿੱਖਾਂ ਨੂੰ ਮਾਰਨ ਦਾ ਅਜਿਹਾ ਦੌਰ ਚੱਲਿਆ ਕਿ ਲਾਹੌਰ ਦੇ ਆਸ ਪਾਸ ਦੇ ਸਾਰੇ ਸਿੰਘ ਸ਼ਹੀਦ ਕੀਤੇ ਗਏ। ਜੋ ਦੂਰ ਨੇੜੇ ਵਿਖਾਈ ਦਿੰਦੇ, ਉਹ ਲਾਹੌਰ ਦੇ ਨਖਾਸ ਚੌਂਕ ਵਿਖੇ ਲਿਆ ਕੇ ਸ਼ਹੀਦ ਕੀਤੇ ਜਾਂਦੇ। ਉਸਨੇ ਯਹੀਆ ਖਾਨ ਤੋਂ ਤੋਪਖਾਨਾ, ਘੋੜ ਸਵਾਰ ਤੇ ਪੈਦਲ ਸਵਾਰਾਂ ਨੂੰ ਮੰਗਾਇਆ ਤੇ ਸਿੰਘਾਂ ਦੇ ਜੰਗਲਾਂ ਜੂਹਾਂ ਵਿਚਲੇ ਦਸਤਿਆਂ ਨੂੰ ਵੀ ਮਾਰ ਮੁਕਾਉਣ ਲੱਗਾ। ਜਲੰਧਰ ਤੇ ਮੁਲਤਾਨ ਦੇ ਸੂਬੇਦਾਰ ਵੀ ਇਸ ਮੁਹਿੰਮ ਵਿੱਚ ਸ਼ਾਮਿਲ ਹੋ ਗਏ।

ਸਥਾਨਕ ਸਿੱਖ ਵੀ ਮਾਝੇ ਵਿੱਚੋਂ ਨਿਕਲ ਕੇ ਕਾਹਨੂਵਾਨ ਦੇ ਛੰਭ ਵਿੱਚ ਜਾ ਪਹੁੰਚੇ। ਸਿੰਘਾਂ ਕੋਲ ਰਸਦ ਪਾਣੀ ਤੇ ਖਾਣ ਪੀਣ ਦਾ ਕੋਈ ਵੀ ਸਮਾਨ ਨਹੀਂ ਸੀ। ਉਨ੍ਹਾਂ ਪਾਸ ਕੋਈ ਜੰਗੀ ਸਮਾਨ ਜਾਂ ਗੋਲਾ ਬਰੂਦ ਨਹੀਂ ਸੀ। ਦੁਸ਼ਮਨ ਫ਼ੌਜਾਂ ਨੇ ਬੜਾ ਸਖ਼ਤ ਘੇਰਾ ਪਾ ਲਿਆ। ਬੱਚੇ, ਬੁੱਢੇ, ਇਸਤਰੀਆਂ ਵੀ ਨਾਲ ਸਨ। ਪੂਰੀ ਤਰ੍ਹਾਂ ਦੁਸ਼ਮਣ ਫ਼ੌਜਾਂ ਦੀ ਲਪੇਟ ਵਿੱਚ ਆ ਗਏ। ਇਥੋਂ ਤੱਕ ਕੇ ਉਥੋਂ ਦੇ ਆਸ ਪਾਸ ਦੇ ਸਥਾਨਕ ਲੋਕਾਂ ਨੇ ਵੀ ਸਿੰਘਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਇੱਕ ਪਾਸੇ ਦਰਿਆ ਵਿੱਚ ਹੜ੍ਹ ਆਇਆ ਸੀ ਦੂਸਰੇ ਪਾਸੇ ਪਹਾੜ ਸਨ। ਸਿੰਘ ਬੁਰੀ ਤਰ੍ਹਾਂ ਘਿਰ ਗਏ। 10000 ਤੋਂ ਵੱਧ ਸਿੰਘ ਸਿੰਘਣੀਆਂ, ਬੱਚੇ ਬੁੱਢੇ ਇਸ ਘੱਲੂਘਾਰੇ ਵਿੱਚ ਸ਼ਹੀਦ ਹੋਏ। ਜੋ ਜੀਉਂਦੇ ਹੱਥ ਆਏ ਉਨ੍ਹਾਂ ਨੂੰ ਲਾਹੌਰ ਲਿਆ ਕੇ ਸ਼ਹੀਦ ਕੀਤਾ ਗਿਆ।

ਇਹ ਸਾਕਾ ਜੂਨ 1746 ਈਸਵੀ ਨੂੰ ਵਾਪਰਿਆ। ਇੱਕ ਵਾਰ ਤਾਂ ਅਜਿਹਾ ਲੱਗ ਰਿਹਾ ਸੀ ਕਿ ਸਿੰਘਾਂ ਦਾ ਖੁਰਾ ਖੋਜ ਪੂਰੀ ਤਰ੍ਹਾਂ ਮਿੱਟ ਗਿਆ ਹੈ ਪਰ ਸਾਲ ਡੇਢ ਸਾਲ ਬਾਅਦ ਹੀ ਸਿੰਘਾਂ ਨੇ ਆਪਣੀ ਖਿੰਡੀ ਪੁੰਡੀ ਤਾਕਤ ਇਕੱਠੀ ਕਰ ਕੇ ਅੰਮ੍ਰਿਤਸਰ ਦੇ ਆਸ ਪਾਸ ਘੁੰਮਣ ਘੇਰੀਆਂ ਪਾ ਕੇ ਆਪਣੀ ਚੜ੍ਹਦੀ ਕਲਾ ਦੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ ਸੀ।

– ਹਰਮੀਤ ਸਿੰਘ ਕਾਲਕਾ

ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਗੁਰ ਅਰਜਨ ਵਿਟਹੁ ਕੁਰਬਾਣੀ

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਆਮਦ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਿਹ ਵਿਖੇ ਮਾਤਾ ਭਾਨੀ ਜੀ ਦੀ ਪਾਵਨ ਕੁੱਖੋਂ 1563 ਈਸਵੀ ਵਿਚ ਗੋਇੰਦਵਾਲ ਸਾਹਿਬ ਦੀ ਮੁਕੱਦਸ ਧਰਤੀ 'ਤੇ ਹੋਈ। ਆਪ ਜੀ ਦੇ ਪ੍ਰਕਾਸ਼ ਬਾਰੇ ਭੱਟ ਸਾਹਿਬਾਨਾਂ ਨੇ ਬਾਣੀ ਵਿਚ ਜੋ ਬਚਨ ਉਚਾਰੇ ਹਨ ਉਹ ਆਪ ਮੁਹਾਰੇ ਹੀ ਗੁਰੂ ਸਾਹਿਬ ਜੀ ਦੀ ਰੂਹਾਨੀ ਸ਼ਖ਼ਸੀਅਤ ਨੂੰ ਨਮਨ ਕਰਨ ਲਈ ਮਨ ਅੰਦਰ ਸ਼ਰਧਾ ਪੈਦਾ ਕਰਦੇ ਹਨ। ਭੱਟ ਮਥੁਰਾ ਜੀ ਉਚਾਰਦੇ ਹਨ **'ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ ਕਛੁ ਭੇਦ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ॥'**

ਆਪ ਜੀ ਪਾਰਬ੍ਰਹਮ ਪਰਮੇਸ਼ਵਰ ਦੀ ਅਗੰਮੀ ਜੋਤ ਰੂਪ ਦਾ ਪ੍ਰਗਟਾਵਾ ਧਰਤੀ, ਆਕਾਸ਼ ਤੇ ਨੌ ਖੰਡਾਂ ਵਿਚ ਵਿਆਪ ਰਿਹਾ ਹੈ। ਗੁਰੂ ਅਰਜਨ ਸਾਹਿਬ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਰੂਪ ਹੋ ਕੇ ਸਾਖਿਆਤ ਅਕਾਲ ਪੁਰਖ ਹਨ, ਕੋਈ ਫ਼ਰਕ ਨਹੀਂ ਹੈ ਕਿਉਂਕਿ ਗੁਰੂ ਅਰਜਨ ਸਾਹਿਬ ਜੀ ਦੇ ਹਿਰਦੇ ਵਿਚ ਪੂਰਨ ਬ੍ਰਹਮ ਪ੍ਰਤੱਖ ਤੌਰ 'ਤੇ ਨਿਵਾਸ ਕਰ ਰਹੇ ਹਨ।

ਪਰਤਛਿ ਰਿਦੈ ਗੁਰ ਅਰਜੁਨ ਕੈ
ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥

ਗੁਰੂ ਸਾਹਿਬ ਜੀ ਦੀ ਪਰਵਰਿਸ਼ ਗੁਰੂ ਰਾਮਦਾਸ ਜੀ ਦੀ ਨਜ਼ਰਸਾਨੀ ਵਿਚ ਹੋਈ ਅਤੇ 1581 ਈ. ਵਿਚ ਆਪ ਜੀ ਨੂੰ ਪਿਤਾ ਗੁਰੂ ਜੀ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦਾ ਵਾਰਿਸ ਥਾਪਿਆ ਗਿਆ ਅਤੇ ਆਪ ਇਸ ਗੁਰਤਾਗੱਦੀ ਦੇ ਪੰਜਵੇਂ ਵਾਰਿਸ ਬਣੇ। ਆਪ ਜੀ ਕੋਲ ਜੋ ਬਾਣੀ ਦਾ ਖ਼ਜ਼ਾਨਾ ਪਿਤਾ ਗੁਰੂ ਜੀ ਪਾਸੋਂ ਪ੍ਰਾਪਤ ਹੋਇਆ ਉਸ ਬਾਣੀ ਨੂੰ ਆਪ ਜੀ ਨੇ ਪੋਥੀ ਸਾਹਿਬ ਦੇ ਰੂਪ ਵਿਚ ਸੰਪਾਦਿਤ ਕਰਕੇ 1604 ਵਿਚ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਪ੍ਰਕਾਸ਼ ਕੀਤਾ। ਸਿੱਖਾਂ ਨੂੰ ਧਰਮ ਸਥਾਨ ਬਖ਼ਸ਼ਣ ਦੇ ਨਾਲ-ਨਾਲ ਸ਼ਬਦ ਗੁਰੂ ਕੀ ਸਦੈਵ ਰਹਿਣ ਵਾਲੀ ਪਰਪੰਰਾ 'ਪੋਥੀ ਪਰਮੇਸ਼ਰ ਕਾ ਥਾਨੁ।।' ਦੀ ਜੋਤ ਅਤੇ ਜੁਗਤ ਨੂੰ ਪ੍ਰਗਟ ਕੀਤਾ। ਆਪ ਜੀ ਨਾ ਸਿਰਫ ਸਿੱਖ ਜਗਤ ਵਿਚ ਬਲਕਿ ਕੁਲ ਕਾਇਨਾਤ ਵਿਚ ਸ਼ਹੀਦੀ ਦੀ ਐਸੀ ਮਿਸਾਲ ਕਾਇਮ ਕਰ ਗਏ ਜੋ ਅੱਜ ਤੋਂ ਪਹਿਲਾਂ ਕਦੀ ਵੀ ਨਹੀਂ ਸੀ ਵਾਪਰੀ। ਇਸ ਕਰਕੇ ਆਪ ਜੀ ਨੂੰ ਸਮੁੱਚੇ ਸਿੱਖ ਜਗਤ ਵਿਚ 'ਸ਼ਹੀਦਾਂ ਦੇ ਸਿਰਤਾਜ' ਵਾਲੀ ਸਤਿਕਾਰਤ ਉਪਾਧੀ ਤੋਂ ਯਾਦ ਕੀਤਾ ਜਾਂਦਾ ਹੈ ਅਤੇ ਇਸ ਸ਼ਹੀਦੀ ਨੂੰ ਨਮਨ ਕੀਤਾ ਜਾਂਦਾ ਹੈ। ਆਪ ਜੀ ਦੀ ਸ਼ਹੀਦੀ ਦੇ ਫੁਰਮਾਨ ਬਾਦਸ਼ਾਹ ਜਹਾਂਗੀਰ ਨੇ ਕੱਢੇ ਸਨ।

ਇਤਿਹਾਸ ਵਿਚ ਸ਼ਹੀਦੀ ਦੇ ਕਾਰਣਾਂ ਦੀ ਸੂਚੀ ਵੱਖ-ਵੱਖ ਕਈ ਕਾਰਨਾਂ ਦਾ ਜ਼ਿਕਰ ਕਰਦੀ ਹੈ। ਜਿਹਦੇ ਵਿਚ ਚੰਦੂ ਦੀ ਧੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਲਈ ਲੈਣ ਤੋਂ ਇਨਕਾਰ ਕਰਨਾ ਪੀਲੂ, ਛੱਜੂ, ਕਾਨ੍ਹਾ, ਸ਼ਾਹ-ਹੁਸੈਨ ਆਦਿ ਲਿਖਾਰੀਆਂ ਦੀਆਂ ਕਾਵਕ ਰਚਨਾਵਾਂ ਆਦਿ ਗੁਰੂ ਸਾਹਿਬ ਜੀ ਦੀ ਬਾਣੀ ਦੇ ਸਿਧਾਂਤਕ ਪੱਖ ਤੋਂ ਅਨੁਕੂਲ ਨਾ ਹੋਣ ਕਰਕੇ ਪੋਥੀ

ਸਾਹਿਬ ਵਿਚ ਦਰਜ਼ ਕਰਨ ਤੋਂ ਕੋਰੀ ਨਾ ਕਰ ਦੇਣੀ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਵੱਧ ਰਹੀ ਤੇਜ਼ੀ ਅਤੇ ਗੁਰੂ ਸਾਹਿਬ ਅਤੇ ਗੁਰੂ ਘਰ ਵੱਲ ਲੁਕਾਈ ਦਾ ਖਿੱਚਿਆ ਜਾਣਾ ਸਰਕਾਰ-ਏ-ਦਰਬਾਰ ਵਿਚ ਚਿੰਤਾ ਦਾ ਵਿਸ਼ਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸਲਾਮ ਦੇ ਮੁਰਸ਼ਦ ਅਤੇ ਬਾਦਸ਼ਾਹ ਜਹਾਂਗੀਰ ਦੀ ਤਾਰੀਫ ਵਾਸਤੇ ਬਚਨ ਲਿਖਣ ਤੋਂ ਮਨ੍ਹਾ ਕਰ ਦੇਣਾ ਆਦਿ। ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਸਭ ਤੋਂ ਵੱਡਾ ਕਾਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੀ ਹੈ, ਜਿਸ ਨੇ ਧਰਤੀ ਤੇ ਸਭ ਮਨੁੱਖਾਂ ਨੂੰ ਬਰਾਬਰ ਦਾ ਦਰਜ਼ਾ ਬਖ਼ਸ਼ਿਸ਼ ਕੀਤਾ ਅਤੇ ਨਰ ਨਾਰੀ ਵਿਚ ਕੋਈ ਫ਼ਰਕ ਨਹੀਂ ਰਖਿਆ ਅਤੇ ਜ਼ਾਤ-ਪਾਤ ਦੇ ਵਿਤਕਰੇ ਤੋਂ ਉਪਰ ਉਠ ਕੇ ਸਭ ਨੂੰ ਪ੍ਰਭੂ ਦੇ ਨਾਮ ਨੂੰ ਜਪਣ ਦੀ ਆਜ਼ਾਦੀ ਅਤੇ ਸਮਾਜ ਵਿਚ ਹਰ ਪੱਖ ਤੋਂ ਸਤਿਕਾਰਿਆ।

ਗੁਰੂ ਸਾਹਿਬ ਜੀ ਦੀ ਸ਼ਹਾਦਤ 1606 ਈਸਵੀ ਨੂੰ ਲਾਹੌਰ ਦੀ ਕੋਤਵਾਲੀ ਵਿਚ ਹੋਈ। ਕਈ ਭੁਲੇਖੇ ਇਹ ਵੀ ਪੈਦਾ ਕੀਤੇ ਗਏ ਕਿ ਚੰਦੂ ਦੀ ਨੂੰਹ ਗੁਰੂ ਸਾਹਿਬ ਜੀ ਲਈ ਛਬੀਲ ਲੈ ਕੇ ਆਈ ਪਰ ਇਹ ਬਿਲਕੁਲ ਝੂਠ ਅਤੇ ਕੱਚ-ਘੜਕ ਗੱਲ ਹੈ ਜੋ ਸੋਸ਼ਲ ਮੀਡੀਆ ਉਪਰ ਪ੍ਰਚਾਰੀ ਜਾ ਰਹੀ ਹੈ। ਛਬੀਲ ਦਾ ਪਛੋਕੜ ਗੁਰੂ ਘਰ ਨਾਲ ਜੁੜਦਾ ਨਾਂ ਕਿ ਗੁਰੂ ਘਰ ਨਾਲ ਵੈਰ ਕਮਾਉਣ ਵਾਲੇ ਚੰਦੂ ਨਾਲ। ਛਬੀਲ ਦਾ ਅਰਥ ਹੈ ਸੀਤਲ ਜਲ ਜੋ ਕਿ ਗੁਰੂ ਸਾਹਿਬ ਜੀ ਵੱਲੋਂ ਦੂਰ-ਦਰਾਡੇ ਤੋਂ ਆਈ ਸੰਗਤਾਂ ਨੂੰ ਸਿੱਖਾਂ ਵੱਲੋਂ ਰਸਤੇ ਵਿਚ ਵਰਤਾਇਆ ਜਾਂਦਾ ਸੀ। ਇਸ ਕਰਕੇ ਛਬੀਲ ਦੇ ਲੰਗਰ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਵਾਲੇ ਮਹੀਨੇ ਸਿੱਖ-ਸੰਗਤਾਂ ਵੱਲੋਂ ਗੁਰੂ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਲਗਾਏ ਜਾਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਣਮਨੁੱਖੀ ਤਸ਼ੱਦਦ ਦੇ ਕੇ 1606 ਈਸਵੀ ਨੂੰ ਤੱਤੀ ਤਵੀ ਉਪਰ ਬਿਠਾ ਕੇ, ਗਰਮ ਰੇਤਾ ਪਾ ਕੇ ਅਤੇ ਗਰਮ ਪਾਣੀ ਦੀ ਦੇਗ ਵਿਚ ਉਬਾਲਾ ਦੇ ਕੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਜੀ ਵਾਹਿਗੁਰੂ ਜੀ ਦਾ ਭਾਣਾ ਮੰਨ ਕੇ ਸ਼ਹੀਦੀ ਦਾ ਜਾਮ ਪੀ ਕੇ ਪ੍ਰਭੂ ਵਿਚ ਲੀਨ ਹੋ ਗਏ ਅਤੇ ਇਹ ਹੀ ਉਚਾਰਿਆ।

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

– ਗੁਲਾਮ ਗੁਰੂ ਕਾ

ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਜ਼ਫ਼ਰਨਾਮਾ

ਕਿ ਊ ਬੇਮੁਹਾਬਸਤੁ ਸ਼ਾਹਾਨਿਸ਼ਾਹ
ਜ਼ਿਮੀਨੋ ਜ਼ਮਾਂ ਰਾ ਸੱਚਾਏ ਪਾਤਸ਼ਾਹ ।੭੧।

ਬੇਮੁਹਾਬ – ਨਿਰਭੈ

: ਅਰਥ :

ਉਹ ਨਿਰਭੈ ਤੇ ਮਾਣ ਪ੍ਰਤਿਸ਼ਠਾ ਦੀ ਚਾਹ ਤੋਂ ਉਪਰ ਹੈ ਅਤੇ ਉਹੋ ਅਰਸ਼-ਫ਼ਰਸ਼ ਦਾ ਵਾਲੀ, ਸਮੇਂ ਦਾ ਸੁਆਮੀ ਸੱਚਾ ਪਾਤਸ਼ਾਹ ਹੈ।

ਖ਼ੁਦਾਵੰਦਿ ਏਜ਼ਦ ਜ਼ਿਮੀਨੋ ਜ਼ਮਾਂ
ਕੁਨਿੰਦਸਤ ਹਰ ਕਸ ਮਕੀਨੋ ਮਕਾਂ ।੭੨।

: ਅਰਥ :

ਉਹ ਪਰਮੇਸ਼ਰ ਧਰਤੀ ਤੇ ਅਕਾਸ਼ ਦਾ ਮਾਲਕ ਹੈ, ਉਸੇ ਨੇ ਹਰ ਥਾਂ ਅਤੇ ਵੱਸਣ ਵਾਲੇ ਜੀਆ-ਜੰਤ ਦੀ ਰਚਨਾ ਕੀਤੀ ਹੈ।

ਹਮਅਜ਼ ਪਰਿ ਮੋਰੋ ਹਮਜ਼ ਪੀਲਤਨ
ਕਿ ਆਜਿਜ਼ ਨਿਵਾਜ਼ਸਤੁ ਗ਼ਾਫ਼ਲ ਸ਼ਿਕਨ ।੭੩।

ਪਰਿਮੋਰ – ਕੀੜੀ ਦਾ ਖੰਭ ।
ਪੀਲਤਨ – ਹਾਥੀ ਦੇ ਆਕਾਰ ਵਾਲਾ, ਭਾਵ ਵੱਡਾ

: ਅਰਥ :

ਉਹ ਕੀੜੀ ਤੋਂ ਹਾਥੀ ਭਾਵ ਛੋਟੇ ਤੋਂ ਵੱਡੇ ਤਕ ਦਾ ਪ੍ਰਿਤਪਾਲਕ ਹੈ। ਉਹ ਗ਼ਰੀਬਾਂ ਨੂੰ ਨਿਵਾਜਣ ਵਾਲਾ ਤੇ ਗ਼ਾਫ਼ਲਾਂ ਨੂੰ ਸੋਧਣ ਵਾਲਾ ਹੈ।

ਕਿ ਊਰਾ ਚੁ ਇਸਮਸਤ ਆਜਿਜ਼-ਨਿਵਾਜ਼
ਕਿ ਊ ਬੇ ਸਪਾਸ ਅਸਤ ਓ ਬੇ ਨਿਆਜ਼ ।੭੪।

: ਅਰਥ :

ਉਸ ਦਾ ਨਾਮ ਹੀ ਗ਼ਰੀਬ ਨਿਵਾਜ਼ ਜਾਂ ਦੀਨਬੰਧੂ ਹੈ, ਉਹ ਖੁਸ਼ਾਮਦ ਤੋਂ ਦੂਰ ਤੇ ਬੇਪਰਵਾਹ ਹੈ।

ਟੀਕਾਕਾਰ – ਪਿਆਰਾ ਸਿੰਘ ਪਦਮ



ਮੇਰੇ ਗ਼ਰੀਬ ਨਿਵਾਜ

ਸ੍ਰੀ ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਦਾ ਅਵਤਾਰ (ਵਿਸਾਖ ਸੁਦੀ 3, ਸੰਮਤ 1526 ਬਿਕ੍ਰਮੀ, 15 ਅਪ੍ਰੈਲ ਸੰਨ 1469 ਈ ਵਿਚ ਲਾਹੌਰ- ਪਾਕਿਸਤਾਨ ਤੋਂ ਤਕਰੀਬਨ 40 ਮੀਲ ਦੀ ਦੂਰੀ ਤੇ, ਰਾਇ ਭੋਇਂ ਦੀ ਤਲਵੰਡੀ (ਅਜੋਕੇ ਨਨਕਾਣਾ ਸਾਹਿਬ), ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਪਿੰਡ ਦੇ ਪਟਵਾਰੀ, ਭਾਈ ਚਰਨ ਦਾਸ ਜੀ ਦੇ ਸਪੁੱਤਰ ਮਹਿਤਾ ਕਲਿਆਣ ਦਾਸ, (ਮਹਿਤਾ ਕਾਲੂ ਜੀ) ਅਤੇ ਮਾਤਾ ਤ੍ਰਿਪਤਾ ਜੀ (ਸਪੁੱਤਰੀ ਮਾਝਾ ਵਸਨੀਕ ਭਾਈ ਰਾਮਾ ਜੀ) ਦੇ ਘਰ ਹੋਇਆ। ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਅਨੁਸਾਰ, "ਸਿੱਖ ਧਰਮ ਦੇ ਆਚਾਰਯ, ਅਗਯਾਨ ਅੰਧਕਾਰ ਦੇ ਵਿਨਾਸ਼ਕ ਸੂਰਯਰੂਪ ਜਗਤ ਗੁਰੂ ਨਾਨਕ ਦਾ ਜਨਮ ਵੈਸਾਖ ਸੁਦੀ 3(20 ਵੈਸਾਖ) ਸੰਮਤ 1526ਬਿ:(15 ਅਪ੍ਰੈਲ ਸੰਨ 1469) ਨੂੰ ਬੇਦੀ ਕਾਲੂਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ, ਰਾਇਭੋਇਂ ਦੀ ਤਲਵੰਡੀ ਵਿਚ (ਜੋ ਹੁਣ, ਨਾਨਕਿਆਣਾ ਪ੍ਰਸਿਧ ਹੈ) ਹੋਇਆ।(ਪੰਨਾ 519 ਮਹਾਨ ਕੋਸ਼)।

ਮਹਿਤਾ ਕਲਿਆਨ ਦਾਸ ਜੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪੱਠੇਵਾਲ (ਪੱਠੇ ਵਿੰਡ) ਦੇ ਵਾਸੀ ਬੇਦੀ ਸ਼ਿਵ ਰਾਮ ਜੀ ਅਤੇ ਮਾਤਾ ਬਨਾਰਸੀ ਜੀ ਦੇ ਸਪੁੱਤਰ, ਰਾਏ ਭੋਇਂ ਦੀ ਤਲਵੰਡੀ ਦੇ ਪਟਵਾਰੀ ਸਨ।

ਇਤਿਹਾਸਕਾਰ ਲਿਖਦੇ ਹਨ ਕਿ ਰਾਤ ਦੇ ਦੋ ਪਹਿਰ ਤੇ ਇੱਕ ਘੜੀ ਬੀਤੇ ਸਨ, ਜਦੋਂ ਦੌਲਤਾਂ(ਦਾਈ) ਨੂੰ ਨੂਰੀ ਚੇਹਰੇ ਦਾ ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਤਾਂ ਨਹੀਂ ਕਿ ਦੌਲਤਾਂ ਕਿੰਨੀ ਭਾਗਾਂ ਵਾਲੀ ਹੋਏਗੀ, ਜਿਸ ਨੂੰ ਗੁਰੂ ਨਾਨਕ ਸਾਹਿਬ ਨੂੰ ਜਨਮ ਦੇਣ ਵਾਲੀ ਮਾਤਾ ਤ੍ਰਿਪਤਾ ਜੀ ਤੋਂ ਵੀ ਪਹਿਲਾਂ ਰੱਬੀ ਨੂਰ ਨੂੰ ਨਿਹਾਰਨ ਦੀ ਖ਼ੁਸਕਿਸਮਤੀ ਨਸੀਬ ਹੋਈ। ਸਾਕੀਆਂ ਰਾਹੀਂ ਇਹ ਪੜ੍ਹਿਆ/ਸੁਣਿਆ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਸਮੇਂ ਦੌਲਤਾਂ ਨੇ ਬਦਲਾਂ ਚੋਂ ਚਮਕਣ ਵਾਲੀ ਬਿਜਲੀ ਦੀ ਚਮਕ ਵਰਗੀ ਰੌਸ਼ਨੀ ਮਹਿਸੂਸ ਕੀਤੀ, ਜਿਸ ਨੇ ਦੌਲਤਾਂ ਦੀਆਂ ਅੱਖੀਆਂ ਹੀ ਚੁੰਧਿਆ ਦਿੱਤੀਆਂ ਸਨ। ਜ਼ਾਹਿਰ ਹੈ ਕਿ ਗੁਰੂ

ਨਾਨਕ ਸਾਹਿਬ ਦੇ ਨੂਰੀ ਮੁਖ਼ੜੇ ਦਾ ਹੀ ਉਹ ਪ੍ਰਕਾਸ਼ ਰਿਹਾ ਹੋਏ ਗਾ, ਜੋ ਦੌਲਤਾਂ ਨੂੰ ਬਿਜਲੀ ਦਾ ਲਿਸ਼ਕਾਰਾ ਜਾਪਿਆ ਸੀ। ਸਿੱਖ ਜਗਤ ਦੇ ਮਹਾਂ ਕਵਿ ਭਾਈ ਗੁਰਦਾਸ ਜੀ ਨੇ ਅਜਿਹੇ ਲਮਹੇ ਦੇ ਤਸੱਵਰ ਨੂੰ ਆਪਣੇ ਸ਼ਬਦਾਂ ਵਿਚ ਕਲਮਬੰਦ ਕਰਦਿਆਂ ਲਿਖਿਆ ਹੈ :

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਧਾਰਨ ਸਮੇਂ ਦਿੱਲੀ ਦੇ ਤਖ਼ਤ ਤੇ ਸਿਕੰਦਰ ਲੋਧੀ ਦਾ ਰਾਜ ਸੀ। ਸਿਕੰਦਰ ਲੋਧੀ ਨੇ ਪੰਜਾਬ ਵਿਚ ਤਾਤਾਰਖ਼ਾਨ ਨੂੰ ਪੰਜਾਬ ਦਾ ਨਵਾਬ ਬਣਾ ਕੇ ਭੇਜਿਆ ਸੀ। ਤਾਤਾਰਖਾਨ ਤੋਂ ਮਗਰੋਂ ਦੌਲਤਖਾਨ ਸੰਨ 1504 ਈਸਵੀ ਵਿਚ ਪੰਜਾਬ ਦਾ ਨਵਾਬ ਬਣਾਇਆ ਗਿਆ। ਕਿਹਾ ਜਾਂਦਾ ਹੈ ਕਿ ਦੌਲਤਖਾਨ, ਸਿਕੰਦਰ ਦੇ ਸਮਿਆਂ ਤਕ ਤਾਂ ਉਸ ਦਾ ਵਫ਼ਾਦਾਰ ਰਿਹਾ ਪਰ ਇਬਰਾਹਿਮ ਲੋਧੀ ਦੇ ਤਖ਼ਤ 'ਤੇ ਬੈਠਦਿਆਂ ਹੀ, ਉਹ ਸਾਜ਼ਸ਼ਾਂ ਰਚਾਣ ਲੱਗਾ। ਕਿਹਾ ਜਾਂਦਾ ਹੈ ਕਿ ਉਹ ਵੀ ਬਾਬਰ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਲਈ ਸੱਦਾ ਦੇਣ ਵਾਲਿਆਂ ਵਿਚੋਂ ਹੀ ਇੱਕ ਸੀ। ਇਸ ਕਥਨ ਦੀ ਪੁਸ਼ਟੀ ਵਿਚ ਮੈਂ ਅੰਗ੍ਰੇਜ਼ੀ ਲਿਪੀ ਵਿਚ ਲਿਖੀ ਗਈ ਪੁਸਤਕ 'Sikhs' ਦੇ ਲੇਖਕ JC ARCHER ਦੀ ਟਿਪਣੀ,"In 1524 he was invited by LODI Viceroy of Lahore to join him in desposing the LODI king Ibrahim of Delhi (whose actual capital at the time was Agra). By January 1526 he entered India with a modest force of 12,000 men" page 101 Book 'SIKHS' by J.C.ARCHER.

ਗੁਰੂ ਨਾਨਕ ਸਾਹਿਬ ਦੇ ਜਨਮ ਵੇਲੇ ਤਲਵੰਡੀ ਦਾ ਮੁਖੀਆ ਰਾਏ ਬੁਲਾਰ ਸੀ ਜੋ ਬਾਅਦ ਵਿਚ ਗੁਰੂ ਨਾਨਕ ਦਾ ਸ਼ੁਭ-ਚਿੰਤਕ ਅਤੇ ਅਨੁਯਾਈ ਬਣ ਗਿਆ। ਰਾਏ ਬੁਲਾਰ ਦਾ ਪਿਤਾ ਰਾਏ ਭੋਇਂ ਭੱਟੀ ਰਾਜਪੂਤ ਹਿੰਦੂ ਸੀ। ਇਸਲਾਮ ਕਬੂਲ ਕਰਨ ਸਮੇਂ ਉਸ ਨੂੰ ਹਾਕਮ ਵੱਲੋਂ ਤਲਵੰਡੀ ਅਤੇ ਆਸਪਾਸ ਦੇ ਪਿੰਡਾਂ ਦੀ ਜ਼ਮੀਨ ਪ੍ਰਾਪਤ ਹੋਈ ਸੀ। ਗੁਰੂ ਨਾਨਕ ਸਾਹਿਬ ਦੀ ਇੱਕ ਵੱਡੀ ਭੈਣ ਸੀ, ਜਿਸ ਦਾ ਨਾਮ ਬੇਬੇ ਨਾਨਕੀ ਜੀ ਹੈ। ਸਿੱਖ ਮੱਤ ਦੀ ਸਥਾਪਨਾ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਸਲਾਮ ਅਤੇ ਹਿੰਦੂ ਦੋ ਸਥਾਈ ਮਤ ਸਨ। ਇਨ੍ਹਾਂ ਧਰਮਾਂ ਦੇ ਜੁਦਾ ਜੁਦਾ ਧਾਰਮਿਕ ਕੇਂਦਰ ਸਥਾਪਿਤ ਹੋ ਚੁੱਕੇ ਸਨ। ਮਸੀਤਾਂ ਇਸਲਾਮ ਮਤ ਦੇ ਹਾਮੀਆਂ ਲਈ ਰਾਖਵੀਆਂ ਅਤੇ ਮੰਦਰ ਹਿੰਦੂਆਂ ਲਈ ਰਾਖਵੇਂ ਹੋ ਚੁੱਕੇ ਸਨ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਮਾਨ ਹੋਣ ਸਮੇਂ, ਅਸਮਾਜਿਕਤਾ ਦੇ ਦੁਰਗੁਣ ਮਨੁੱਖੀ ਜੀਵਨ ਨੂੰ ਪੂਰੀ ਤਰ੍ਹਾਂ ਆਪਣੀ ਲਪੇਟ ਵਿਚ ਲੈ ਚੁੱਕੇ ਸਨ। ਹਿੰਦੁਸਤਾਨ ਵਿਚ, ਚਾਰ ਵਰਣਾਂ ਦੀ ਵੰਡੀਆਂ ਵਿਚ ਵਿਚਰਦੀ ਮਨੁੱਖੀ ਜ਼ਿੰਦਗੀ ਸਮਾਜਿਕ ਅਤੇ ਧਾਰਮਿਕ ਤੌਰ ਤੇ ਝੂਠ, ਧੋਖੇ ਬਾਜ਼ੀ, ਲਾਲਚ, ਅਪਰਾਧ ਅਤੇ ਦੁਈ-ਦਵੈਤ ਵਿਚ ਪੂਰੀ ਤਰ੍ਹਾਂ ਗਲਤਾਨ ਹੋ, ਕਲਜੁਗੀ ਵਿਵਸਥਾ ਵਿਚ ਗਰਕ ਹੋ ਚੁੱਕੀ ਸੀ। ਅਖੌਤੀ ਉੱਚ ਵਰਗ ਦੁਆਰਾ ਤ੍ਰਿਸਕਾਰੇ ਲੋਕ ਬੇਗਾਨਗੀ ਦੇ ਅਹਿਸਾਸ ਹੇਠਾਂ ਦਬਦੇ ਜਾ ਰਹੇ ਸਨ। ਗੈਰ ਧਰਮ ਤਾਂ ਕੀ, ਛੋਟੀ ਜਾਤਾਂ ਦੇ ਹਿੰਦੂਆਂ ਨੂੰ ਵੀ ਮੰਦਰਾਂ (ਧਰਮ ਸਥਾਨਾਂ) ਦੇ ਵਿੱਚ ਪੂਜਾ ਕਰਨ ਦੀ ਬਰਾਬਰੀ ਦਾ ਹੱਕ ਰਖਣਾ ਤਾਂ ਇਕ ਪਾਸੇ, ਉਨ੍ਹਾਂ ਨੂੰ ਮੰਦਰਾਂ ਵਿੱਚ ਦਾਖ਼ਿਲ ਹੋਣ ਤਕ ਦੀ ਮਨਾਹੀ ਸੀ। ਭਗਤ ਨਾਮ ਦੇਵ ਜੀ ਦੀ ਰਚੀ ਬਾਣੀ ਵਿਚ ਇਸ ਤੱਥ ਦੀ ਗਵਾਹੀ ਮਿਲਦੀ ਹੈ।

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥
ਲੈ ਕਮਲੀ ਚਲਿਓ ਲਪਟਾਇ॥
ਦੇਹੁਰੇ ਪਾਛੈ ਬੈਠਾ ਜਾਇ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥
ਭਗਤ ਜਨਾ ਕਉ ਦੇਹੁਰਾ ਫਿਰੈ॥

(ਅੰਗ ੧੧੬੪)

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਸਮੇਂ ਦਾ ਪੰਜਾਬ :

ਗੁਰੂ ਨਾਨਕ ਸਾਹਿਬ ਦੇ ਅਵਤਾਰ ਧਾਰਨ ਸਮੇਂ ਪੰਜਾਬ, ਲਹੌਰ, ਮੁਲਤਾਨ, ਸਰਹੰਦ, ਦੀਪਾਲਪੁਰ, ਸੁਲਤਾਨਪੁਰ, ਜਲੰਧਰ ਅਤੇ ਸਮਾਣਾ ਦੇ ਨਾਵਾਂ ਨਾਲ ਜਾਣੇ ਜਾਂਦੇ ਸੱਤ ਸੂਬਿਆਂ ਵਿਚ ਵੰਡਿਆ ਹੋਇਆ ਸੀ। (ਸਾਡਾ ਇਤਿਹਾਸ- ਲੇਖਕ ਸਤਿਬੀਰ ਸਿੰਘ ਪੰਨਾ 43)


ਵਿਦਿਆ :

ਛੇਅ ਸਾਲ ਦੀ ਉਮਰ ਵਿਚ ਸੰਮਤ 1532 ਬਿ: ਵਿਚ ਗੁਰੂ ਨਾਨਕ ਦੇਵ ਜੀ ਨੂੰ ਹਿੰਦੀ ਸ਼ਬਦਾਂ ਦੇ ਗਿਆਨ ਲਈ ਗੋਪਾਲ ਪੰਡਿਤ ਪਾਸ, ਫਿਰ ਸਮੰਤ 1535 ਬਿ: ਵਿਚ ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਅਤੇ ਸੰਮਤ 1539 ਬਿ: ਵਿਚ

ਫ਼ਾਰਸੀ ਅਤੇ ਅਰਬੀ ਦੀ ਵਿਦਿਆ ਸਿੱਖਣ ਲਈ ਮੌਲਵੀ ਕੁਤਬ-ਉਦ-ਦੀਨ ਪਾਸ ਭੇਜਿਆ ਗਿਆ।(ਮਹਾਨ ਕੋਸ਼ ਪੰਨਾ 519) ਜਿੱਥੇ ਬਾਲ ਨਾਨਕ ਨੇ ਆਪਣੇ ਰੱਬੀ ਗਿਆਨ ਦੁਆਰਾ ਆਪਣੇ ਅਧਿਆਪਕਾਂ ਦਾ ਦਿਲ ਜਿੱਤ ਕੇ ਆਪਣਾ ਸ਼ਰਧਾਲੂ ਬਣਾ ਲਿਆ।

ਜਨੇਊ ਪਹਿਨਣ ਤੋਂ ਇਨਕਾਰ :

ਪੁੱਤਰ ਦੇ ਜਨਮ ਦੀ ਖਬਰ ਸੁਣ ਕੇ, ਮਹਿਤਾ ਜੀ ਤੋਂ, ਸਵੇਰ ਦਾ ਸੂਰਜ ਚੜ੍ਹਨ ਦੀ ਉਡੀਕ ਕਰਨੀ ਔਖੀ ਹੋ ਗਈ। ਪ੍ਰਮਾਤਮਾ ਵੱਲੋਂ ਮਿਲੀ ਖ਼ੁਸ਼ੀ ਦੀ ਸਾਂਝ ਪਾਉਣ, ਆਪਣੇ



ਕੁੱਲ ਗੁਰੂ ਪੰਡਤ ਹਰਦਿਆਲ ਦੇ ਘਰ ਦੀ ਸਰਦਲ ਪਾਰ ਕਰ ਕਾਹਲੀ ਕਾਹਲੀ ਅੰਦਰ ਦਾਖਿਲ ਹੋਏ। ਮਹਿਤਾ ਜੀ ਨੇ, ਪੁੱਤਰ ਦੀ ਆਮਦ ਦੀ ਖ਼ਬਰ ਦਿੰਦਿਆਂ, ਜਨਮ ਘੜੀ(ਸਮਾਂ)ਫਿਰ ਗ੍ਰਿਹਾਂ ਦੇ ਆਧਾਰ ਤੇ ਪੁੱਤਰ ਦਾ ਭਵਿਖ ਜਾਣਨ ਦੀ ਇੱਛਾ ਪ੍ਰਗਟ ਕੀਤੀ। ਕੁੱਲ ਗੁਰੂ ਨੇ ਨਵ-ਜਨਮੇ ਬੱਚੇ ਦਾ ਭਵਿੱਖ ਦੱਸਣ ਤੋਂ ਪਹਿਲਾਂ, ਬੱਚੇ ਦਾ ਚੇਹਰਾ ਦੇਖਣ ਦੀ ਇੱਛਾ ਪ੍ਰਗਟ ਕੀਤੀ।

ਰੇਸ਼ਮੀ ਕਪੜਿਆਂ ਵਿਚ ਲਪੇਟੇ ਬਾਲ ਦਾ ਨੂਰੀ ਚੇਹਰਾ ਨਿਹਾਰਿਆ, ਫਿਰ ਬਾਲ ਦੇ ਕੋਮਲ ਹੱਥ ਅਤੇ ਚਰਨਾਂ (ਪੈਰਾਂ) ਦੀਆਂ ਰੇਖਾਵਾਂ ਨੂੰ ਗਹੁ ਨਾਲ ਪੜਤਾਲਿਆ। ਅਚਾਨਕ ਪੰਡਤ ਹਰਦਿਆਲ ਦੇ ਹੱਥ ਸ਼ਰਧਾ ਵਿਚ ਜੁੜ ਗਏ, ਸਿਰ ਬਾਲ(ਨਾਨਕ)ਦੇ ਕੋਮਲ ਨਿੱਕੇ ਨਿੱਕੇ ਚਰਨਾਂ (ਪੈਰਾਂ) ਤੇ ਝੁੱਕ ਗਿਆ। ਆਪਣੇ ਜਜਮਾਨਾਂ ਦੀ ਹੈਰਾਨੀ ਨੂੰ ਮਹਿਸੂਸ ਕਰਦਿਆਂ, ਪੰਡਤ ਹਰਦਿਆਲ ਨੇ ਕਿਹਾ,"ਗ੍ਰਿਹ ਵਿਗਿਆਨ ਅਨੁਸਾਰ, ਬਾਲ ਦੇ ਜਨਮ ਦੀ ਘੜੀ, ਅਲੌਕਿਕ ਸਮਾਂ ਸੀ, ਅਰਥਾਤ ਕਿਸੇ ਪੈਗੰਬਰ ਜਾਂ ਵਲੀ ਦੇ ਅਵਤਾਰ ਧਾਰਨ ਦੀ ਘੜੀ ਸੀ। ਅਜਿਹੀਆਂ ਘੜੀਆਂ ਸਦੀਆਂ ਬਾਅਦ ਆਉਂਦੀਆਂ ਹਨ। ਇਹ ਹਕੀਕਤ ਤਾਂ ਮੈਂ ਆਪਣੇ ਘਰ ਹੀ ਜਾਣ ਗਿਆ ਸੀ, ਹੁਣ ਵਾਲ ਦਾ ਦੀਦਾਰ ਕਰਨ, ਹਸਤ ਤੇ ਪਗ ਰੇਖਾਂਵਾਂ ਨਿਹਾਰਨ ਅਤੇ ਦੌਲਤਾਂ ਤੋਂ ਜਨਮ ਕ੍ਰਿਆ ਜਾਣਨ ਤੋਂ ਬਾਅਦ, ਮੈਂ ਨਿਸ਼ਚੇ ਪੂਰਵਕ ਕਹਿ ਸਕਦਾ ਹਾਂ ਕਿ ਇਹ ਚੱਕਰਵਰਤੀ ਬਾਲਕ, ਹਿੰਦੂ-ਮੁਸਲਿਮ ਵਿਚਾਰਧਾਰਾ ਦੀਆਂ ਸਾਰੀਆਂ ਵਲਗਣਾਂ ਤੋੜ ਕੇ, ਜਗਿਆਸੂਆਂ ਨੂੰ ਭਵਸਾਗਰ ਪਾਰ ਕਰਵਾਏਗਾ।ਹਿੰਦੂ ਅਤੇ ਮੁਸਲਿਮ ਧਰਮ ਦੇ ਧਾਰਨੀ ਇਸ ਬਾਲ ਦੇ ਪੈਰੋਕਾਰ ਹੋਣਗੇ। ਇਹ ਬਾਲ ਰਹਿੰਦੀ ਦੁਨੀਆਂ ਤਕ ਤੁਹਾਡੇ ਖ਼ਾਨਦਾਨ ਦਾ ਨਾਮ ਰੌਸ਼ਨ ਕਰੇਗਾ। ਇਹ ਮੇਰੀ ਪੈਸ਼ੀਨਗੋਈ ਹੈ।"

ਨਵ-ਜਨਮੇ ਬਾਲ ਦੇ ਦਰਸ਼ਨ ਕਰ ਪੰਡਿਤ ਹਰਦਿਆਲ ਨੇ (ਗੁਰੂ) ਨਾਨਕ ਸਾਹਿਬ ਦੇ ਆਉਣ ਵਾਲੇ ਜੀਵਨ ਬਾਰੇ ਭਵਿੱਖਵਾਣੀ ਤਾਂ ਕਰ ਦਿੱਤੀ, ਪਰ ਪੰਡਿਤ ਹਰਦਿਆਲ ਦੇ ਮਨ ਵਿਚ ਅਨੇਕਾਂ ਸਵਾਲ ਉਮੜ ਪਏ ਸਨ। ਪੰਡਿਤ ਹਰਦਿਆਲ ਇਸ ਸਚਾਈ ਨੂੰ ਬਖ਼ੂਬੀ ਜਾਣਦਾ ਸੀ ਕਿ ਉਹ ਉਮਰ ਦੀ ਦਹਿਲੀਜ਼ ਤੋਂ ਬੁਢਾਪੇ ਵਿਚ ਪੈਰ ਧਰ ਚੁਕਿਆ ਹੈ। ਹੋਰਨਾਂ ਦੀ ਉਮਰ ਤੇ ਜ਼ਿੰਦਗੀ ਵਿਚ ਆਉਣ ਵਾਲੀਆਂ ਘਟਨਾਵਾਂ ਦੱਸਣ ਵਾਲਾ, ਅੱਜ ਆਪਣੀ ਜ਼ਿੰਦਗੀ ਦੇ ਚਕ੍ਰਵਿਹੂ ਵਿਚ ਫਸਿਆ ਲੱਗ ਰਿਹਾ ਸੀ। ਕੀ ਪ੍ਰਭੂ ਮੈਨੂੰ ਵੀ ਅਵਸਰ ਦਏਗਾ, ਜੋ ਮੈਂ ਇਸ ਬਾਲਕ ਦੇ ਵੱਡੇ ਹੋਣ ਤਕ, ਜੀਅ ਸਕਾਂ? ਜੇਕਰ, ਪ੍ਰਭੂ ਅਜਿਹਾ ਅਵਸਰ ਬਖਸ਼ੇ, ਮੈਂ ਵੀ ਇਸ ਬਾਲ ਦੇ ਕੌਤਕ ਦੇਖ ਕੇ ਆਪਣਾ ਜੀਵਨ ਸਫਲ ਅਤੇ ਆਪਣੀ ਵਿਦਿਆ ਤੇ ਨਾਜ਼ ਕਰ ਸਕਾਂ। ਪਿੰਡ ਵਾਸੀਆਂ ਤੋਂ ਬਾਲ ਨਾਨਕ ਦੇ ਕੌਤਕ ਦੀਆਂ ਗੱਲਾਂ ਸੁਣ-ਸੁਣ ਕੇ, ਪੰਡਤ ਹਰਦਿਆਲ ਦੇ ਮਨ ਦੇ ਕਿਸੇ ਕੋਨੇ ਵਿਚ, ਗੁਰੂ ਨਾਨਕ ਸਾਹਿਬ ਦਾ ਕੋਈ ਅਸਚਰਜ ਰੂਪ ਅੱਖੀ ਦੇਖਣ ਦੀ ਲੋਚਾ ਪੁੰਗਰ ਪਈ ਸੀ।

ਗੁਰੂ ਨਾਨਕ ਸਾਹਿਬ ਅੱਠ ਸਾਲ ਦੇ ਹੋ ਚੱਲੇ ਸਨ। ਪੰਡਤ ਹਰਦਿਆਲ ਨੂੰ ਆਪਣੇ ਮਨ ਦੀ ਲੋਚਾ ਪੂਰਨ ਹੁੰਦੀ ਦਿੱਸੀ ਜਦੋਂ, ਕੁਲ ਗੁਰੂ ਹਰਦਿਆਲ ਨੇ ਸਨਾਤਨੀ ਵਿਚਾਰਧਾਰਾ ਵਾਲੇ ਆਪਣੇ ਜਜਮਾਨਾਂ ਨੂੰ ਗੁਰੂ ਨਾਨਕ ਨੂੰ ਜਨੇਊ ਪਾਉਣ ਦਾ ਸੁਨੇਹਾ ਭੇਜਿਆਂ। ਕੁਲ ਗੁਰੂ ਤੋਂ ਸੁਨੇਹਾ ਮਿਲਦਿਆਂ, ਘਰ ਦੇ ਵਿਹੜੇ ਵਿਚ ਹੋਣ ਵਾਲੀ ਇਕ ਅਹਿਮ ਰਸਮ ਦੇ ਸਮਾਗਮ ਦੀਆਂ ਤਿਆਰੀਆਂ ਆਰੰਭ ਹੋ ਗਈਆਂ। ਰਿਸ਼ਤੇਦਾਰਾਂ ਅਤੇ ਪਤਵੰਤਿਆਂ ਨੂੰ ਸੱਦੇ ਪਤਰ ਅਤੇ ਸੁਨੇਹੇ ਘੱਲੇ ਜਾਣ ਦਾ ਪ੍ਰਬੰਧ ਹੋਣ ਲੱਗਾ। ਗੁਰੂ ਨਾਨਕ ਸਾਹਿਬ ਦੇ ਮਨ ਨੂੰ ਇਹ ਰਸਮ ਪਰਵਾਨ ਨਹੀਂ ਸੀ।

ਗੁਰੂ ਜੀ ਚਾਹੁੰਦੇ ਤਾਂ ਹੋ ਰਹੀਆਂ ਤਿਆਰੀਆਂ ਨੂੰ ਰੋਕ ਸਕਦੇ ਸਨ। ਐਪਰ ਗੁਰੂ ਸਾਹਿਬ ਦਾ ਮਨੋਰਥ ਸਮਾਜ ਵਿਚ ਪਸਰੀ ਗੰਭੀਰ ਸਮੱਸਿਆ ਨੂੰ ਨਜਿਠਣਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਘਰ ਦੇ ਜੀਆਂ ਨੂੰ ਹੀ ਨਹੀਂ ਸਾਰੀ ਬਰਾਦਰੀ ਨੂੰ ਆਪਣੀ ਗਲ ਸਮਝਾਉਣ ਲਈ, ਸਹੀ ਵਕਤ ਦੀ ਉਡੀਕ ਕਰਨੀ ਹੀ ਮੁਨਾਸਿਬ ਸਮਝੀ।

ਸ਼ੁਭ ਦਿਹਾੜੇ, ਪੰਡਿਤ ਹਰਦਿਆਲ ਆਪਣੇ ਜਜਮਾਨਾਂ ਦੀ ਹਵੇਲੀ, ਸਮੇਂ ਸਿਰ ਪੁੱਜ ਗਿਆ। ਜਜਮਾਨਾਂ ਦੀ ਹਵੇਲੀ ਵਿਚ ਬੈਠਿਆਂ, ਪੰਡਿਤ ਹਰਦਿਆਲ ਨੇ, ਕਈ ਵੇਰਾਂ (ਗੁਰੂ) ਨਾਨਕ ਸਾਹਿਬ ਦੇ ਚੇਹਰੇ ਨੂੰ ਨਿਹਾਰ ਕੇ ਕੁਝ ਪੜ੍ਹਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਹਰ ਵਾਰੀ ਗੁਰੂ ਨਾਨਕ ਸਾਹਿਬ ਦਾ ਵੱਖਰਾ ਰੂਪ ਹੀ ਦਿਖਾਈ ਦਿੱਤਾ। ਜਿਨ੍ਹਾਂ ਰੂਪਾਂ ਨੂੰ ਵੇਖ ਕੇ, ਪੰਡਿਤ ਹਰਦਿਆਲ ਨੂੰ ਆਪਣੀ ਭਵਿੱਖਵਾਣੀ ਸੱਚ ਹੁੰਦੀ ਸਾਫ ਦਿਖਾਈ ਦੇ ਰਹੀ ਸੀ। ਪੰਡਿਤ ਹਰਦਿਆਲ ਨੇ ਮਨ ਹੀ ਮਨ ਆਪਣੇ ਪ੍ਰਭੂ ਦਾ ਸ਼ੁਕਰਾਨਾ ਕੀਤਾ, ਜਿਸ ਨੇ ਉਸ ਨੂੰ ਅੱਜ ਦੇ ਸਮਾਗਮ ਤਕ ਜੀਊਂਦਿਆਂ ਰੱਖ ਕੇ, ਹਰਦਿਆਲ ਦੀ ਮਨੋਕਾਮਨਾ ਪੂਰਨ ਕੀਤੀ। ਸ਼ੁਭ ਸਮਾਂ ਆਉਣ ਤੇ ਪੰਡਿਤ ਹਰਦਿਆਲ ਨੇ ਗੁਰੂ ਨਾਨਕ ਸਾਹਿਬ ਨੂੰ ਜਨੇਊ ਪਾਉਣ ਲਈ ਆਪਣੇ ਕੋਲ ਬਹਿਣ ਨੂੰ ਕਿਹਾ। ਗੁਰੂ ਨਾਨਕ ਸਾਹਿਬ ਜਾਣਦੇ ਸਨ, ਕਿ ਜੋ ਸੰਦੇਸ਼ ਦੇਣ ਲਈ, ਉਨ੍ਹਾਂ ਨੇ ਇਸ ਘੜੀ ਦੀ ਇਤਜ਼ਾਰ ਕੀਤੀ ਹੈ, ਉਹ ਸੰਦੇਸ਼ ਦੇਣ ਲਈ, ਸਾਰੇ ਮਹਿਮਾਨਾਂ ਦੇ ਸਾਹਮਣੇ ਆਪਣੇ ਧਾਰਮਿਕ ਆਗੂ ਨਾਲ ਮਨੁੱਖੀ ਕਦਰਾਂ-ਕੀਮਤਾਂ ਪ੍ਰਗਟ ਕਰਨ ਦੀ ਭਾਵਨਾ ਨਾਲ, ਇਸ ਰਸਮ ਦੀ ਮਹੱਤਤਾ ਬਾਰੇ ਜਾਣਨ ਦੀ ਆਪਣੀ ਇੱਛਾ ਪ੍ਰਗਟ ਕੀਤੀ। ਪੰਡਿਤ ਹਰਦਿਆਲ ਭਾਵੇਂ ਗੁਰੂ ਨਾਨਕ ਸਾਹਿਬ ਦੇ ਇਸ ਸਵਾਲ ਬਾਰੇ ਬਿਲਕੁਲ ਤਿਆਰ ਨਹੀਂ ਸੀ, ਫਿਰ ਵੀ ਉਹ, ਗੁਰੂ ਨਾਨਕ ਸਾਹਿਬ ਦੀ ਦੂਰਦਰਸ਼ਤਾ ਤੋਂ ਪ੍ਰਭਾਵਿਤ ਹੋ ਕੇ ਮਨ ਹੀ ਮਨ, ਮੁਸਕਰਾਉਣ ਨੂੰ ਮਜਬੂਰ ਹੋ ਗਿਆ।

ਪੰਡਿਤ ਹਰਦਿਆਲ ਨੇ ਆਪਣੀ ਜ਼ਿੰਦਗੀ ਵਿੱਚ ਅਨੇਕਾਂ ਹੀ ਅਜਿਹੀਆਂ ਰਸਮਾਂ ਅਦਾ ਕੀਤੀਆਂ ਸਨ। ਉਸ ਦੀ ਜ਼ਿੰਦਗੀ ਵਿਚ ਇਹ ਪਹਿਲਾਂ ਮੌਕਾ ਸੀ, ਜਦੋਂ ਜਨੇਊ ਪਾਉਣ ਵਾਲੇ ਨੇ ਇਸ ਰਸਮ ਦੀ ਅਹਿਮੀਅਤ ਜਾਣਨ ਦੀ ਇੱਛਾ ਪ੍ਰਗਟ ਕੀਤੀ ਸੀ। ਪੰਡਿਤ ਹਰਦਿਆਲ ਗੁਰੂ ਨਾਨਕ ਸਾਹਿਬ ਦੀ ਜਿਗਿਆਸਾ ਤੋਂ ਬਹੁਤ ਪ੍ਰਭਾਵਿਤ ਹੋਇਆ ਜਾਪ ਰਿਹਾ ਸੀ।

ਦੇਖਣ ਵਿਚ ਆਇਆ ਹੈ ਕਿ ਧਾਰਮਿਕ ਆਗੂ ਆਪਣੀ ਸੋਚਣੀ ਅਨੁਸਾਰ, ਆਪਣੇ ਆਪਣੇ ਧਰਮ ਨੂੰ, ਹੋਰਨਾਂ ਸਾਹਮਣੇ ਪ੍ਰਭਾਸ਼ਿਤ ਕਰਨ ਦਾ ਉਪਰਾਲਾ ਕਰਦੇ ਹਨ। ਗੁਰੂ ਨਾਨਕ ਸਾਹਿਬ ਦੀ ਜਿਗਿਆਸਾ ਨੂੰ ਭਾਪਦੇ ਹੋਏ, ਪੰਡਤ ਹਰਦਿਆਲ ਨੇ ਬੜੇ ਚਾਅ ਨਾਲ, ਗੁਰੂ ਨਾਨਕ ਸਾਹਿਬ ਨੂੰ ਦਸਣਾ ਆਰੰਭ ਕੀਤਾ ਕਿ '' ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਜਨੇਊ ਪਾਣ ਵਾਲਾ ਵਿਅਕਤੀ ਭਾਈਚਾਰੇ ਅਤੇ ਸਮਾਜ ਵਿਚ ਵਿਸ਼ੇਸ਼ ਬਣ ਜਾਂਦਾ ਹੈ।'' ''ਬ੍ਰਹਮੰਡੀ ਅਧਿਕਾਰਾਂ ਦੇ ਵਣਜਾਰੇ ਗੁਰੂ ਨਾਨਕ ਸਾਹਿਬ ਦੀ ਪ੍ਰਤੀਕ੍ਰਿਆ ਸੀ, ''ਫਿਰ ਤਾਂ ਮੇਰੀ ਭੈਣ ਮੇਰੇ ਤੋਂ ਵੱਡੀ ਹੈ, ਜਨੇਊ ਪਾਉਣ ਦਾ ਪਹਿਲਾ ਹੱਕ ਭੈਣ ਨਾਨਕੀ ਜੀ ਦਾ ਬਣਦਾ ਹੈ, ਗੁਰੂ ਨਾਨਕ ਸਾਹਿਬ ਦੀ ਭੋਲੇ ਭਾ ਪ੍ਰਤਿਕ੍ਰਿਆ ਸੀ।

ਗੁਰੂ ਨਾਨਕ ਸਾਹਿਬ ਦੇ ਮਨ ਦੀ ਬੁਝੱਣ ਤੋਂ ਅਸਮਰੱਥ, ਪੰਡਿਤ ਹਰਦਿਆਲ ਨੇ ਇਸ ਵਿਸ਼ੇ ਨੂੰ ਸਪਸ਼ਟ ਕਰਨ ਦੇ ਇਰਾਦੇ ਨਾਲ, ਅੱਗੇ ਫਿਰ ਕਿਹਾ ਕਿ, ਸ਼ਾਸਤਰਾਂ ਵਿਚ ਔਰਤ ਨੂੰ ਅਪਵਿੱਤਰ ਮੰਨਿਆ ਗਿਆ ਹੈ। ਇਸ ਕਾਰਨ ਸਮਾਜ ਨੇ ਔਰਤ ਨੂੰ ਜਨੇਊ ਪਾਉਣ ਦੀ ਹੱਕ ਨਹੀਂ ਦਿੱਤਾ।'' ਪੰਡਿਤ ਹਰਦਿਆਲ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ, ''ਇਹ ਹੀ ਨਹੀਂ, ਮਰਦਾਂ ਵਿਚ ਵੀ ਹਰ ਮਰਦ, ਜਨੇਊ ਪਾਉਣ ਦਾ ਹੱਕਦਾਰ ਨਹੀਂ। ਸ਼ੂਦਰ ਇਸ ਰਸਮ ਤੋਂ ਵਾਂਝਿਆਂ ਰਹਿੰਦੇ ਹਨ।'' ਸਮਾਜ ਵਿਚ ਮੁਹਤਬਰ ਕਹਾਉਣ ਵਾਲਿਆਂ ਦੇ ਮੂਹੋਂ ਇਹ ਸ਼ਬਦ ਸੁਣਨ ਲਈ ਗੁਰੂ ਨਾਨਕ ਸਾਹਿਬ ਤਾਂ ਕਦੋਂ ਦੀ ਉਡੀਕ ਕਰ ਰਹੇ ਸਨ। ਲੋਹਾ ਗਰਮ ਦੇਖ, ਸੱਟ ਮਾਰਨ ਦਾ ਸਹੀ ਵਕਤ ਜਾਣ, ਗੁਰੂ ਨਾਨਕ ਸਾਹਿਬ ਨੇ ਪੰਡਿਤ ਹਰਦਿਆਲ ਦੇ ਸ਼ਬਦਾਂ ਤੇ ਇਕ ਵਾਰ ਫਿਰ ਪ੍ਰਤਿਕ੍ਰਿਆ ਕਰਦਿਆਂ ਫਰਮਾਇਆ ਕਿ ''ਸ਼ੂਦਰ ਕੌਣ ਹਨ ਤੇ ਕਿਸ ਨੇ ਬਣਾਏ ਹਨ?'' ''ਸਮਾਜ ਨੇ ਨੀਚ ਕੰਮ ਕਰਨ ਵਾਲਿਆਂ ਨੂੰ ਸ਼ੂਦਰ ਨਾਮ ਦਿੱਤਾ ਹੈ।'' ਪਡੰਤ ਹਰਦਿਆਲ ਦੁਆਰਾ ਦੋਹਾਂ ਸਵਾਲਾਂ ਦਾ ਸਾਂਝਾ ਜਵਾਬ ਸੀ।

ਰੱਬ/ਅਕਾਲ ਪੁਰੱਖ ਤਾਂ ਆਪਣੀ ਹਰ ਕ੍ਰਿਤੀ ਵਿਚ ਵਿਰਾਜਮਾਨ ਹੈ। ਰੱਬ ਨੇ ਤਾਂ ਹਰ ਇਨਸਾਨ ਨੂੰ ਇੱਕੋ ਜਿਹੇ ਨੈਣ-ਨਕਸ਼ ਦੇ ਕੇ ਸਭਨਾਂ ਨੂੰ ਬਰਾਬਰੀ ਦਾ ਹੱਕ ਅਧਿਕਾਰ ਦਿੱਤਾ ਹੈ। ਅਰਥਾਤ, ਨਸਲ, ਧਰਮ, ਜ਼ਾਤ-ਪਾਤ ਕਾਰਨ ਕੋਈ ਮਨੁੱਖ ਨੀਵਾਂ ਜਾਂ ਉੱਤਮ ਨਹੀਂ ਹੁੰਦਾ। ਕਦੇ ਸੋਚਿਆ ਜੇ ਕਿ, ਸਮਾਜਿਕ ਅਸਮਾਨਤਾ ਹੀ ਏਕਤਾ ਅਤੇ ਸਮੂਹਿਕ ਸ਼ਕਤੀ ਦੀ ਰਾਹ ਦਾ ਰੋੜਾ ਬਣਦੀ ਹੈ। ਰੱਬ ਦੇ ਬਣਾਏ ਇਸ ਸੰਸਾਰ ਵਿਚ, ਇਨਸਾਨ ਕੇਵਲ ਆਪਣੇ ਕੀਤੇ ਕਰਮਾਂ ਦੇ ਫਲਸਰੂਪ ਹੀ ਨੀਵਾਂ

ਜਾਂ ਉੱਤਮ ਬਣਦਾ ਹੈ। ਕਰਮਾਂ ਦਾ ਲੇਖਾ ਨੀਚ ਤਾਂ ਕੀ, ਉੱਤਮ ਕਹਾਉਣ ਵਾਲਿਆਂ ਨੂੰ ਵੀ ਦੇਣਾ ਪੈਂਦਾ ਹੈ। ਧਰਮ ਦਾ ਸੰਬੰਧ ਬਾਹਰਲੇ ਰੂਪ ਜਾਂ ਪਹਿਰਾਵੇ ਕਾਰਨ ਨਹੀਂ, ਸਗੋਂ ਇਨਸਾਨੀ ਰੂਹ ਨਾਲ ਜੁੜੇ, ਸੰਸਕਾਰਾਂ ਕਾਰਨ ਹੁੰਦਾ ਹੈ। ਜੋ ਰਸਮ ਤੇ ਰਿਵਾਜ, ਗਰੀਬਾਂ ਦਾ ਸੋਸ਼ਣ ਕਰਨ ਲਈ, ਇਨਸਾਨਾਂ ਵਿਚ ਵਿਤਕਰਾ ਕਰਦੇ ਹਨ, ਜਿਨ੍ਹਾਂ ਨਾਲ ਸਮਾਜ ਦੇ ਕਿਸੇ ਵਰਗ ਦਾ ਦਮ ਘੁਟਦਾ ਹੋਏ, ਮੈਨੂੰ ਸਮਾਜ ਦੇ ਉਹ ਰਸਮ ਤੇ ਰਿਵਾਜ ਪਰਵਾਨ ਨਹੀਂ,'' ਗੁਰੂ ਨਾਨਕ ਸਾਹਿਬ ਦਾ ਦੋ ਟੂਕ ਫ਼ੈਸਲਾ ਸੀ। ਜਨੇਊ ਬਾਰੇ ਗੁਰੂ ਨਾਨਕ ਸਾਹਿਬ ਨੇ ਪੰਡਿਤ ਹਰਦਿਆਲ ਨੂੰ,

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੈ ਪਾਇ॥

(ਅੰਗ ੪੭੧)

ਸ਼ਬਦ ਉਚਾਰਨ ਕਰਦਿਆਂ ਸੁਝਾਇਆ, ਕਿ ਜੇ ਉਪ੍ਰੋਕਤ ਖ਼ੂਬੀਆਂ ਵਾਲਾ ਕੋਈ ਜਨੇਊ, ਤੁਹਾਡੇ ਪਾਸ ਹੈ ਤਾਂ, ਮੈਂ ਤੁਹਾਡੀ, ਜਨੇਊ ਪਹਿਨਾਣ ਦੀ ਮਨਸ਼ਾ ਜ਼ਰੂਰ ਪੂਰੀ ਕਰ ਸਕਦਾ ਹਾਂ।'' ਔਰਤਾਂ ਨੂੰ ਅਪਵਿੱਤਰ ਮੰਨਣ ਬਾਰੇ ਵਿਚਾਰਾਂ ਦੀ ਪ੍ਰਤਿਕ੍ਰਿਆ ਕਰਦਿਆਂ, ਗੁਰੂ ਨਾਨਕ ਸਾਹਿਬ ਨੇ, ਪੰਡਤ ਹਰਦਿਆਲ ਤੋਂ ਪੁੱਛਿਆ,''ਰਿਸ਼ੀਆਂ-ਮੁਨੀਆਂ ਸੰਤਾਂ ਅਤੇ ਪੈਗੰਬਰਾਂ ਵਰਗੇ ਮਰਦਾਂ ਦੀ ਜਨਮਦਾਤੀ, ''ਮਾਂ'' ਅਤੇ ਮਾਵਾਂ ਵਰਗੇ ਫ਼ਰਜ਼ ਨਿਭਾਉਣ ਅਤੇ ਪਿਆਰ ਕਰਨ ਵਾਲੀ ਵੱਡੀ-ਭੈਣ ਭਲਾ ਕਿਸ ਤਰ੍ਹਾਂ ਅਪਵਿੱਤਰ ਹੋ ਸਕਦੀਆਂ ਹਨ। ਗੁਰੂ ਨਾਨਕ ਸਾਹਿਬ ਦੇ ਬਾਲ-ਅਵਸਥਾ ਵਿਚ, ਅਚਨਚੇਤ ਰੁਹਾਨੀ ਬਿਰਤੀ ਦੇ ਵਿਚਾਰ ਸੁਣ ਕੇ, ਪੰਡਤ ਹਰਦਿਆਲ, ਜ਼ਿੰਦਗੀ ਵਿਚ ਪਹਿਲੀ ਵੇਰਾਂ, ਖ਼ੁਦ ਨੂੰ ਲਾਜਵਾਬ ਮਹਿਸੂਸ ਕਰ ਰਿਹਾ ਸੀ।

ਗੁਰੂ ਨਾਨਕ ਸਾਹਿਬ ਦੁਆਰਾ ਰਚਾਏ ਸੰਵਾਦ ਤੋਂ ਬਾਅਦ, ਪੰਡਤ ਹਰਦਿਆਲ ਨੂੰ, ਗੁਰੂ ਨਾਨਕ ਸੱਚਮੁੱਚ, ਦੈਵੀ ਪੁਰੱਖ ਨਜ਼ਰ ਆਏ। ਪੰਡਤ ਹਰਦਿਆਲ ਨੇ ਆਪਣੇ ਮਨ ਵਿਚ ਸਮਾਜਿਕ ਚੇਤਨਾ ਦੀ ਚਿਣਗ ਜਨਮ ਲੈਂਦੀ ਮਹਿਸੂਸ ਕੀਤੀ। ਪੰਡਤ ਹਰਦਿਆਲ ਖ਼ੁਸ਼ ਸੀ, ਬੁਢਾਪੇ ਵਿਚ ਹੀ ਸਹੀ,ਅੱਖੀਆਂ ਬੰਦ ਕਰਨ ਤੋਂ ਪਹਿਲਾਂ ਉਸ ਦਾ ਸੱਚ ਨਾਲ ਸਾਹਮਣਾ ਹੋਇਆ ਹੈ। ਜੀਵਨ ਦੇ ਅੰਤਲੇ ਪਲਾਂ ਵਿਚ, ਪੰਡਤ ਹਰਦਿਆਲ ਨੂੰ ਉਸ ਦੀ ਆਪਣੀ ਜੀਵਨ ਕਸ਼ਤੀ, ਕੂੜ ਦੇ ਭੰਵਰ ਵਿਚ ਫਸੀ ਨਜ਼ਰ ਆਈ। ਇਸ ਦੇ ਬਾਵਜੂਦ ਉਹ ਖ਼ੁਸ਼ ਸੀ ਕਿ ਦੈਵੀ ਪੁਰੱਖ ਗੁਰੂ ਨਾਨਕ ਬਾਰੇ ਉਸ ਦੀ ਭਵਿੱਖ ਬਾਣੀ ਸੱਚ ਸਾਬਤ ਹੁੰਦੀ ਨਜ਼ਰ ਆ ਰਹੀ ਹੈ।

ਔਰਤ ਨੂੰ ਮਨੁੱਖਤਾ ਵਿਚ ਬਰਾਬਰੀ ਦੇ ਗੰਭੀਰ ਸਵਾਲ ਬਾਰੇ, ਗੁਰੂ ਨਾਨਕ ਸਾਹਿਬ ਨੇ ਕਿਸੇ ਹੋਰ ਸਮੇਂ, ਮਨੁੱਖ ਦੀ ਜਨਮਦਾਤੀ ਔਰਤ ਨੂੰ ਸਮਾਜਿਕ ਬਰਾਬਰੀ ਦਾ ਦਰਜਾ ਦਿਵਾਣ ਲਈ ਆਵਾਜ਼ ਉਠਾਂਦਿਆਂ, ''**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**'' ਸ਼ਬਦ ਉਚਾਰਨ ਕਰ ਕੇ, ਸਮਾਜਿਕ ਬੁਰਾਈ ਦਾ ਖੰਡਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਸਦੀਵੀ ਸੱਚ ਦੀ ਰਾਹ ਦਿਖਾਈ।

ਸੱਚਾ ਸੌਦਾ :

ਵਿਦਿਆ ਪੂਰੀ ਕਰਨ ਤੋਂ ਬਾਅਦ, ਪਿਤਾ ਕਲਿਆਣ ਦਾਸ ਜੀ ਨੇ ਗੁਰੂ ਨਾਨਕ ਨੂੰ ਵਪਾਰ ਵੱਲ ਮੋੜਨ ਦਾ ਉਪਰਾਲਾ ਕੀਤਾ। ਗੁਰੂ ਨਾਨਕ ਨੂੰ ਇਕ ਰਕਮ ਦੇ ਕੇ ਚੂਹੜਕਾਣੇ(ਜ਼ਿਲ੍ਹਾਂ ਗੁਜਰਾਤ ਵਿਚ ਇਕ ਵਪਾਰਕ ਸੈਂਟਰ) ਕਿਸੇ ਖਰਾ (ਸੱਚਾ) ਸੌਦਾ ਕਰਨ ਦੀ ਸਲਾਹ ਦਿੱਤੀ। ਗੁਰੂ ਨਾਨਕ ਨੇ ਉਸ ਰਕਮ ਨਾਲ ਭੁੱਖੇ ਸਾਧੂਆਂ ਦੀ ਟੋਲੀ(ਸਤਿਬੀਰ ਸਿੰਘ ਅਨੁਸਾਰ ਅਬਦਾਲਾ ਸੂਫੀ ਤਬਕਾ- ਸਾਡਾ ਇਤਿਹਾਸ ਪੰਨਾ 83) ਨੂੰ ਰਸਦ ਖਰੀਦ ਕੇ ਭੋਜਨ ਛਕਾਇਆ। ਫਿਰ ਉਨ੍ਹਾਂ ਸਾਧੂਆਂ ਨੂੰ ਸਮਝਾਇਆ ਕਿ ਤਿਆਗ ਦਾ ਸੰਬੰਧ ਘਰ-ਬਾਰ ਛੋੜ ਕੇ ਸੰਨਿਆਸੀ ਬਣਨ ਨਾਲ ਨਹੀਂ। ਤਿਆਗ ਦਾ ਸੰਬੰਧ ਕੇਵਲ ਮਨ




ਅਤੇ ਆਪਣੀ ਸੁਰਤ(ਬਿਰਤੀ) ਨਾਲ ਹੁੰਦਾ ਹੈ। ਵੈਰਾਗ ਤਾਂ ਮਨ ਵਿਚ ਉਪਜਣਾ ਚਾਹੀਦਾ ਹੈ। ਘਰ-ਬਾਰ(ਗ੍ਰਹਿਸਥ ਜੀਵਨ) ਛੱਡ ਜਾਂ ਤਿਆਗ ਕਰ ਕੇ ਬਾਹਰ ਭਟਕਣ ਤੋਂ ਬਾਅਦ ਵੀ ਤਾਂ ਆਖਰ ਗ੍ਰਹਿਸਥੀਆਂ ਪਾਸ ਹੀ ਖਾਣ-ਪੀਣ ਲਈ ਮੰਗਣ ਜਾਂਦੇ ਹੋ। ਅਸਲ ਵਿਚ ਅਕਾਲਪੁਰੱਖ ਦੇ ਰਚੇ ਸੰਸਾਰ ਵਿਚ ਇੱਕ ਗ੍ਰਹਿਸਥੀ ਹੀ ਸੱਚੀ-ਸੁੱਚੀ ਕਮਾਈ ਕਰ ਕੇ, ਅਕਾਲਪੁਰਖ

ਦੇ ਭਾਣੇ ਵਿਚ, ਆਪਣੇ ਪਰਿਵਾਰ ਦੀ ਪਾਲਣਾ ਕਰਨ ਦੇ ਨਾਲ, ਹੋਰਨਾ ਜ਼ਰੂਰਤਮੰਦਾਂ ਦੀ ਮਦੱਦ ਕਰਦਿਆਂ ਜੀਵਨ ਬਤੀਤ ਕਰਦਾ ਹੈ।

ਇਸ ਤਰ੍ਹਾਂ ਅਧਿਆਤਮਕ ਤੇ ਸਮਾਜਿਕ ਦ੍ਰਿਸ਼ਟੀ ਤੋਂ ਗ੍ਰਹਿਸਤੀ ਮਨੁੱਖ ਗੈਰ ਗ੍ਰਹਿਸਤੀ ਨਾਲੋਂ ਵਧੇਰੇ ਉੱਚਾ ਨਜ਼ਰ ਆਉਂਦਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਹ ਵੀ ਸਮਝਾਇਆ ਕਿ ਤਿਆਗ ਸਰੀਰ ਦੀ ਥਾਂ ਮਨ ਵਿਚ ਰੱਖੋ। ਮਨ ਦੇ ਵਿਕਾਰਾਂ ਤੇ ਕਾਬੂ ਪਾ ਕੇ, ਨਿਰਮਲ ਮਨ ਨਾਲ, ਸੰਜਮ ਅਤੇ ਸੰਤੋਖ ਦੇ ਗੁਣਾਂ ਨਾਲ ਪ੍ਰਭੂ ਭਗਤੀ ਕਰਨ ਦਾ ਹੀ ਲਾਭ ਹੁੰਦਾ ਹੈ, ਨਾ ਕਿ ਜੰਗਲਾਂ ਵਿਚ ਭਟਕਣ ਨਾਲ। ਘਰ ਆ ਕੇ ਪਿਤਾ ਕਾਲੂ ਨੂੰ ਸਾਰੀ ਵਿਥਾ ਸੁਣਾ ਕਿਹਾ ਕਿ ਮੈਨੂੰ ਤਾਂ ਇਸ ਤੋਂ ਖਰਾ ਸੌਦਾ ਹੋਰ ਕੋਈ ਨਜ਼ਰ ਹੀ ਨਹੀਂ ਆਇਆ।

ਸੁਲਤਾਨਪੁਰ ਦਾ ਮੋਦੀਖਾਨਾ :

ਵਪਾਰ ਵਿਚ ਗੁਰੂ ਜੀ ਦੀ ਰੁਚੀ ਨਾ ਵੇਖ ਕੇ, ਗੁਰੂ ਜੀ ਨੂੰ ਪਰਿਵਾਰਕ ਵਿਹਾਰ ਦੀ ਸਾਂਭ ਲਈ, ਮੱਝੀਆਂ ਦੀ ਦੇਖਭਾਲ ਅਤੇ ਚਰਾਉਣ ਵੱਲ ਮੋੜਿਆ। ਇਸ ਕੰਮ ਵਿਚ ਵੀ ਸਫ਼ਲਤਾ ਪ੍ਰਾਪਤ ਹੁੰਦੀ ਨਾ ਵੇਖ ਕੇ, ਭੈਣ ਨਾਨਕੀ ਅਤੇ ਉਨ੍ਹਾਂ ਤੇ ਪਤੀ ਭਾਈ ਜੈ ਰਾਮ ਜੀ ਦੀ ਸਲਾਹ ਤੇ ਗੁਰੂ ਨਾਨਕ ਸਾਹਿਬ ਨੂੰ ਨਵਾਬ ਦੌਲਤ ਖ਼ਾਨ ਦੇ ਮੋਦੀਖ਼ਾਨੇ ਦੀ ਦੇਖ ਭਾਲ ਦੀ ਨੌਕਰੀ ਲਈ ਸੁਲਤਾਨਪੁਰ ਭੇਜ ਦਿੱਤਾ ਗਿਆ । (ਸਤਿਬੀਰ ਸਿੰਘ ਅਨੁਸਾਰ, ਉਸ ਸਮੇਂ ਜੋ ਮਾਲੀਆ ਆਦਿ ਦਿੱਤਾ ਜਾਂਦਾ ਸੀ, ਉਹ ਜਿਨਸਾਂ ਵਿਚ ਹੁੰਦਾ ਸੀ। ਮੋਦੀਖਾਨੇ ਦੇ ਇਨਚਾਰਜ ਨੂੰ ਉਹ ਉਗਰਾਣਾ ਹੁੰਦਾ ਸੀ। ਫਿਰ ਉਸੇ ਆਈ ਹੋਈ ਜਿਨਸ ਨੂੰ ਵੇਚਕੇ ਪੈਸੇ ਵਟਣਾ ਹੁੰਦਾ ਸੀ। ਕੰਮ ਕਾਫ਼ੀ ਸਿਆਣਪ ਅਤੇ ਜ਼ਿੰਮੇਵਾਰੀ ਦਾ ਸੀ। (ਸਾਡਾ ਇਤਿਹਾਸ ਪੰਨਾ 84)



ਸੁਲਤਾਨਪੁਰ ਲੋਧੀ ਨੂੰ, ਮੁਹੰਮਦ ਗਜ਼ਨੀ ਦੇ ਜਰਨੈਲ ਸੁਲਤਾਨ ਖ਼ਾਨ ਲੋਧੀ ਨੇ ਸੰਨ 1103 ਈ ਵਿਚ ਵਸਾਇਆ ਸੀ। ਸਮਾਂ ਪਾ ਕੇ ਇਹ ਨਗਰ ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਬਣ ਗਿਆ। ਗੁਰੂ ਨਾਨਕ ਸਾਹਿਬ ਦੇ ਨਵਾਬ ਦੌਲਤ ਖ਼ਾਨ ਦੇ ਮੋਦੀ ਖਾਨੇ ਵਿਚ ਕੰਮ ਕਰਦਿਆਂ, ਇਕ ਮਹੱਤਵਪੂਰਨ ਘਟਨਾ ਘਟੀ। ਈਰਖਾਲੂਆ ਵੱਲੋਂ, ਹਾਕਮ ਨੂੰ ਸ਼ਿਕਾਇਤ ਪੁੱਜੀ ਕਿ ਤੇਰਾ ਮੋਦੀ ਨਾਨਕ, ਤੇਰਾ ਮੋਦੀ ਖਾਨਾ, ਤੇਰਾ ਤੇਰਾ ਕਰਦਿਆਂ ਲੁਟਾਈ ਜਾ ਰਿਹਾ ਹੈ। ਜਦੋਂ ਮੋਦੀ ਖਾਨੇ ਦੇ ਹਿਸਾਬ ਦੀ ਪੜਤਾਲ ਕੀਤੀ ਗਈ ਤਾਂ ਮੋਦੀ ਖਾਨੇ ਦੇ ਸਟੋਰ ਵਿਚ ਲੁੜੀਂਦੇ ਸਟਾਕ ਤੋਂ ਜ਼ਿਆਦਾ ਮਾਲ ਪਿਆ ਮਿਲਿਆ। ਗੁਰੂ ਨਾਨਕ ਜੀ ਆਪਣੀ ਤਨਖ਼ਾਹ ਦਾ ਬਹੁਤ ਘੱਟ ਹਿੱਸਾ ਆਪਣੀਆਂ ਜ਼ਰੂਰਤਾਂ ਲਈ ਖ਼ਰਚਦੇ ਸਨ।

ਹੋ ਸਕਦਾ ਹੈ ਕਿ ਉਹ ਲੋੜਵੰਦਾਂ ਨੂੰ ਆਪਣੀ ਤਨਖ਼ਾਹ ਚੋਂ ਮਦੱਦ ਕਰ ਦਿੰਦੇ ਹੋਨ, ਜਿਸ ਦਾ ਅਰਥ ਨਿੰਦਕ ਸਮਝਣ ਤੋਂ ਅਸਮਰੱਥ ਸਨ। ਇਤਿਹਾਸਕਾਰ ਸੋਹਨ ਸਿੰਘ ਸੀਤਲ ਅਨੁਸਾਰ, ‘‘ਮੋਦੀ ਨੂੰ ਤਨਖ਼ਾਹ ਦੇ ਨਾਲ ਰੋਜ਼ਾਨਾ ਰਾਸ਼ਨ ਤੇ ਮੁਨਾਫੇ ਵਿੱਚੋਂ ਹਿੱਸਾ (ਤੇ ਜਿਨਸ ਦੀ ਤੁਲਾਈ ਵਜੋਂ ਆੜ੍ਹਤ, ਮਣ ਪਿੱਛੇ ਇੱਕ ਪਾ ਤੋਂ ਲੈ ਕੇ ਇਕ ਸੇਰ ਤਕ) ਮਿਲਦਾ। ਉਹ ਉਸ ਦੀ ਹੱਕ ਦੀ ਕਮਾਈ ਸੀ। ਪਰ ਬਹੁਤੇ ਮੋਦੀ ਜਿਨਸ ਲੈਣ ਵੇਲੇ ਤੇ ਦੇਣ ਵੇਲੇ ਘੱਟ ਤੋਲ ਕੇ ਚੋਖਾ ਕਮਾ ਲੈਂਦੇ। ਗੁਰ ਨਾਨਕ ਦੇਵ ਜੀ ਪੂਰਾ ਤੋਲ ਤੇ ਮਿੱਠਾ ਬੋਲ ਦੇ ਧਾਰਨੀ ਸਨ। ਗੁਰ ਇਤਿਹਾਸ ਦਸ ਪਾਤਸ਼ਾਹੀਆ– ਪੰਨਾ 26) ਕਾਰਨ ਕੁਝ ਵੀ ਰਹੇ ਹੋਣ, ਨਿੰਦਕਾਂ ਦੇ ਪੱਲੇ ਕੁਝ ਵੀ ਨਾ ਪਿਆ। ਨਵਾਬ ਦੌਲਤ ਖਾਨ ਵੀ ਗੁਰੂ ਨਾਨਕ ਦਾ ਸ਼ਰਧਾਲੂ ਬਣ ਗਿਆ।

ਗੁਰੂ ਨਾਨਕ ਸਾਹਿਬ ਦਾ ਵਿਆਹ :

ਸੁਲਤਾਨਪੁਰ ਵਿਖੇ ਕੁਝ ਸਮਾਂ ਬਿਤਾਉਣ ਮਗਰੋ, 15 ਸਾਲ ਦੀ ਉਮਰ ਵਿਚ ਸੰਨ 1484 ਇ, ਵਿਚ ਬਟਾਲੇ ਤੋਂ ਭਾਈ ਮੂਲ ਚੰਦ ਚੌਣਾ (ਸਹੁਰਾ ਸਾਹਿਬ) ਨੇ ਕੁੜਮਾਈ ਭੇਜੀ ਅਤੇ ਉਸੇ ਸਾਲ ਗੁਰੂ ਨਾਨਕ ਦੇਵ ਜੀ ਦਾ ਮਾਤਾ ਸੁਲੱਖਣੀ ਜੀ ਨਾਲ ਵਿਆਹ ਕਰਵਾ ਹੋ ਗਿਆ। ਬਰਾਤ ਬਟਾਲੇ ਗਈ ਸੀ। ਡਾਕਟਰ ਹਰਭਜਨ ਸਿੰਘ ਅਨੁਸਾਰ ਵਿਆਹ ਵੇਲੇ ਗੁਰੂ ਨਾਨਕ ਸਾਹਿਬ ਦੀ ਉਨ੍ਹਾਂ ਦੇ ਸੁਹਰਾ ਸਾਹਿਬ ਨਾਲ ਅਣਸੁਣੀ ਹੋ ਗਈ, ਕਿਉਂਕਿ ਗੁਰੂ ਨਾਨਕ ਸਾਹਿਬ ‘‘ ਨੇ ਸਾਫ ਕਹਿ ਦਿੱਤਾ ਕਿ ਉਹ ਥਿਤਵਾਰ ਜਾਂ ਸਮੇਂ ਬਾਰੇ ਵਹਿਮ ਨਹੀਂ ਕਰਦੇ।

ਉਨ੍ਹਾਂ ਅਨੁਸਾਰ ਸਭ ਸਮਾਂ ਪਵਿੱਤਰ ਹੈ। ਦੂਜਾ ਉਹ ਪੁਰਾਣੀ ਪ੍ਰਚਲਤ ਰੀਤ ਨੂੰ ਤੋੜਨਾ ਚਾਹੁੰਦੇ ਸਨ ਤੇ ਨਵੀਂ ਉਸਾਰੂ ਸੋਚ ਪ੍ਰਚਲਤ ਕਰਨਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਬ੍ਰਾਹਮਣਾਂ ਦੇ ਚੱਕਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਭਾਈ ਮੂਲ ਚੰਦ ਜੀ ਪੂਰੀ ਤਰ੍ਹਾਂ ਬ੍ਰਾਹਮਣਾਂ ਦੇ ਪ੍ਰਭਾਵ ਹੇਠ ਸਨ। ਉਨਹਾਂ ਨੇ ਆਪਣੀ ਧੀ ਸੁਲੱਖਣੀ ਦਾ ਵਿਆਹ ਨਾਨਕ ਜੀ ਨਾਲ ਕਰਨ ਤੋਂ ਝਿਜਕਦਿਆਂ, ਜੰਞ ਨੂੰ ਵਾਪਸ ਕਰਨ ਦੀ ਧਮਕੀ ਵੀ ਦੇ ਦਿੱਤੀ। ਮਾਮਲਾ ਵਿਗੜਦਾ ਗਿਆ।

ਇਹ ਗੱਲ ਨਗਰ ਬਟਾਲੇ ਵਿਚ ਧੁੰਮ ਗਈ। ਇਸ ਸਮੇਂ ਬਟਾਲੇ ਇਕ ਹੋਰ ਮੁਖੀ ਸਜਣ ਭੰਡਾਰੀ ਨੇ ਆਪਣੀ ਲੜਕੀ ਦੇ ਰਿਸ਼ਤੇ ਦੀ ਗੁਰੂ ਨਾਨਕ ਨੂੰ ਪੇਸ਼ਕਸ਼ ਕਰ ਦਿੱਤੀ।'' (ਪ੍ਰਕਾਸ਼ਕ ਦਸ ਗੁਰੂ ਮਹਿਲ, ਪੰਨਾ 32 – ਦਿੱਲੀ ਸਿੱਖ ਗੁਰੂਦਵਾਰਾ ਪ੍ਰਬੰਧਕ ਕਮੇਟੀ) ਅੰਤ 24 ਜੇਠ ਸੰਮਤ 1544ਬਿ: ਨੂੰ(ਮਹਾਨ ਕੋਸ਼ ਪੰਨਾ 518) ਵਿਆਹ ਜਿਵੇਂ ਗੁਰੂ ਨਾਨਕ ਚਾਹੁੰਦੇ ਸਨ, ਉਸੇ ਤਰੀਕੇ ਨਾਲ ਹੋਇਆ। ਬਟਾਲਾ ਵਿਖੇ, ਉਸ ਪਵਿੱਤਰ ਸਥਾਨ ਤੇ ਹੁਣ ਗੁਰਦਵਾਰਾ ਕੰਧ ਸਾਹਿਬ ਜੀ ਸੁਭਾਇਮਾਨ ਹੈ। (ਇਹ ਲਾਵਾਂ ਕਿੰਝ ਹੋਈਆਂ,ਇਨ੍ਹਾਂ ਲਾਵਾਂ ਵੇਲੇ ਕਿਹੜੀ ਬਾਣੀ ਪੜ੍ਹੀ ਗਈ ਸੀ, ਇਸ ਦਾ ਕੋਈ ਹਵਾਲਾ ਨਹੀਂ ਮਿਲਦਾ, ਇਹ ਗੱਲ ਜ਼ਰੂਰ ਸਮਝ ਆਉਂਦੀ ਹੇ ਕਿ ਇਸੇ ਤੋਂ ਸੇਧ ਲੈ ਕੇ ਸ੍ਰੀ ਗੁਰੂ ਰਾਮ ਦਾਸ ਜੀ ਨੇ ਪਹਿਲੀ ਵੇਰਾਂ ਚਾਰ ਲਾਵਾਂ ਦਾ ਪਾਠ ਉਚਾਰਨ ਕਰ ਕੇ ਸਿੱਖ ਧਰਮ ਦੀ ਨਵੀਂ ਪਰੰਮਪਰਾ ਨੂੰ ਜਨਮ ਦਿੱਤਾ।)ਹਰ ਜ਼ਾਤ ਅਤੇ ਵਰਗ ਦੀ ਬਾਰਾਤੀਆਂ ਨੇ ਇਕ ਸਥਾਨ ਤੇ ਬੈਠ ਕੇ, ਸਾਰਿਆ ਲਈ ਇਕੋ ਜਿਹਾ ਪਕਿਆ ਭੋਜਨ ਖਾਧਾ ਸੀ। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ– ਡਾਕਟਰ ਸਾਹਿਬ ਸਿੰਘ ਜੀ)। 28 ਸਾਲ ਦੀ ਉਮਰ ਵਿਚ ਬਾਬਾ ਸ੍ਰੀ ਚੰਦ ਜੀ ਅਤੇ 31 ਸਾਲ ਦੀ ਉਮਰ ਵਿਚ ਬਾਬਾ ਲਖਮੀ ਚੰਦ ਦਾ ਜਨਮ ਹੋਇਆ,



ਵੇਈਂ ਨਦੀ ਵਿਚ ਅਲੋਪ ਹੋਣਾ :

ਸੁਲਤਾਨਪੁਰ(ਸਫੈਦ ਵਈਂ ਕਿਨਾਰੇ, ਪੁਰਾਤਨ ਜਰਨੈਲੀ ਸੜਕ ਤੇ ਵਸਿਆ ਇਕ ਸ਼ਹਿਰ) ਵਿਖੇ, ਗੁਰੂ ਨਾਨਕ ਸਾਹਿਬ ਨਦੀ 'ਕਾਲੀ ਵੇਈਂ' ਵਿਚ ਤਿੰਨ ਦਿਨਾਂ ਲਈ ਅਲੋਪ ਹੋਏ।



(ਸਿੱਖ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਜੀ ਅਨੁਸਾਰ ਸੰਨ 1499 ਵਿਚ , 30 ਸਾਲ ਦੀ ਉਮਰ ਵਿਚ ਇਹ ਘਟਨਾ ਵਾਪਰੀ ਸੀ) ਇਸ ਸਮੇਂ ਵਿਚਕਾਰ ਗੁਰੂ ਨਾਨਕ ਸਾਹਿਬ ਦੀ ਅਕਾਲਪੁਰੱਖ ਨਾਲ ਭੇਂਟ ਹੋਈ। ਜਿਸ ਵਿਚ ਅਕਾਲਪੁਰਖ ਵੱਲੋਂ ਗੁਰੂ ਨਾਨਕ ਨੂੰ ਅੰਮ੍ਰਿਤ ਦੀ ਭਰੀ ਕਟੋਰੀ ਪੀਣ ਨੂੰ ਦਿੱਤੀ ਗਈ। ਦੁਨੀਆਂਦਾਰਾਂ ਨੂੰ ਪ੍ਰਭੂ ਦਾ ਨਾਮ ਜਪਾਉਣ ਦੇ ਮਿਸ਼ਨ ਦੀ ਸੌਂਪਣਾ ਕੀਤੀ।

ਨਾ ਹਮ ਹਿੰਦੂ ਨ ਮੁਸਲਮਾਨ॥

(ਨਵੇਂ ਧਰਮ ਦੀ ਸਥਾਪਣਾ)

ਤਿੰਨ ਦਿਨਾਂ ਬਆਦ, ਨਦੀ ਚੋਂ ਪ੍ਰਗਟ ਹੋਣ ਮਗਰੋਂ, ਗੁਰੂ ਨਾਨਕ ਸਾਹਿਬ ਨੇ ਅਕਾਲਪੁਰੱਖ ਦਾ ਸਰੂਪ ਬਿਆਨ ਕੀਤਾ। ਜਿਸ ਨੂੰ ਸਿੱਖ ਧਰਮ ਵਿਚ ਮੂਲ ਮੰਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਮੂਲ ਮੰਤਰ ਉਚਾਰਣ :

ੴ : ਰੱਬ ਇਕ ਹੈ।

ਸਤਿਨਾਮ : ਉਸ ਦਾ ਨਾਮ ਸੱਚ ਹੈ।

ਕਰਤਾਪੁਰਖ : ਉਹ ਹੀ ਸਾਰੇ ਸੰਸਾਰ ਦਾ ਰਚਨਹਾਰਾ ਪੁਰਖ ਹੈ। (ਗੁਰਬਾਣੀ ਵਿਚ ਜੀਵ ਨੂੰ ਇਸਤ੍ਰੀ ਰੂਪ ਆਖਿਆ ਗਿਆ ਹੈ।

ਨਿਰਭਉ : ਉਹ ਡਰ ਤੋਂ ਪਰੇ ਹੈ(ਡਰ ਰਹਿਤ ਹੈ) ਭਾਵ ਉਹ ਨਿਡਰ ਹੈ।

ਨਿਰਵੈਰ : ਉਸ ਨੂੰ ਕਿਸੇ ਨਾਲ ਵੀ ਵੈਰ ਵਿਰੋਧ ਜਾਂ ਈਰਖਾ ਨਹੀਂ।

ਅਕਾਲ ਮੂਰਤਿ : ਉਹ ਨਿਰਆਕਾਰ ਹੈ, ਸਰਬ ਵਿਆਪਕ ਹੈ(ਆਪਣੀ ਹਰ ਰਚਨਾ ਵਿਚ ਇੱਕ ਰਸ ਸਮਾਇਆ ਹੋਇਆ ਹੈ)

ਅਜੂਨੀ : ਉਹ ਜਨਮ ਮਰਨ ਤੋਂ ਪਰੇ ਹੈ। ਅਰਥਾਤ ਉਹ ਦੁਨੀਆਂ ਵਿਚ ਜਨਮ-ਮਰਨ ਦੇ ਗੇੜ ਵਿਚ ਨਹੀਂ ਆਉਂਦਾ ਜਾਂਦਾ।

ਸੈਭੰ : ਉਹ ਸਵੈ ਪ੍ਰਕਾਸ਼ਮਾਨ ਹੋਇਆ ਹੈ।

ਗੁਰ ਪ੍ਰਸਾਦਿ : ਉਸ ਦੇ ਮਿਲਾਪ ਦਾ ਅਨੁਭਵ ਗੁਰੂ ਦੀ ਕ੍ਰਿਪਾ ਨਾਲ ਹੀ ਹੋ ਸਕਦਾ ਹੈ।

ਗੁਰੂ ਨਾਨਕ ਸਾਹਿਬ ਨੇ ਇਕ ਹੋਰ ਸ਼ਬਦ ਵਿਚ, ਮਾਰੂ ਮਹਲਾ ੧ ਵਿਚ, ਅਕਾਲਪੁਰੱਖ ਦਾ ਉਲੇਖ, ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ।

ਤੂ ਅਕਾਲਪੁਰਖ ਨਾਹੀ ਸਿਰਿ ਕਾਲਾ॥
ਤੂ ਪੁਰਖੁ ਅਲੇਖ ਅਗੰਮ ਨਿਰਾਲਾ॥
ਸਤ ਸੰਤੋਖਿ ਸਬਦਿ ਅਤਿ ਸੀਤਲੁ
ਸਹਜ ਭਾਇ ਲਿਵ ਲਾਇਆ॥੩॥

(ਅੰਗ ੧੦੩੮)

ਅਕਾਲ ਪੁਰਖ ਦਿਆਂ ਦਰਸ਼ਨਾਂ ਤੋਂ ਵਾਪਿਸ ਆਣ ਤੋਂ ਬਾਅਦ, ਜਿਵੇਂ-ਜਿਵੇਂ ਲੋਕਾਂ ਨੂੰ ਪਤਾ ਚਲਦਾ ਗਿਆ, ਅਨੇਕਾਂ ਵਿਦਵਾਨ ਪੰਡਤ ਅਤੇ ਮੌਲਵੀ ਚਰਚਾ ਕਰਨ ਵਾਸਤੇ ਗੁਰੂ ਨਾਨਕ ਸਾਹਿਬ ਪਾਸ ਆਉਣ ਲੱਗੇ। ਹਰ ਕੋਈ, ਆਪਣੇ ਆਪਣੇ ਮਤ ਦੀ ਵਡਿਆਈ/ਸ੍ਰੇਸ਼ਟਾ ਦਸ ਕੇ ਗੁਰੂ ਨਾਨਕ ਸਾਹਿਬ ਨੂੰ ਆਪਣੇ ਵੱਲ ਪ੍ਰੇਰਨ ਦੀ ਕੋਸ਼ਿਸ਼ ਕਰਦਾ। ਗੁਰੂ ਨਾਨਕ ਸਾਹਿਬ ਨੇ ਦੋਹਾਂ ਪੱਖਾਂ ਦੇ ਆਗੂਆਂ ਦੇ ਵਿਚਾਰ ਸੁਣ ਕੇ "ਨਾ ਹਮ ਹਿੰਦੂ ਨ ਮੁਸਲਮਾਨ" ਦਾ ਨਾਹਰਾ ਲਗਾਇਆ। ਸੁਲਤਾਨਪੁਰ ਵਿਖੇ ਸ਼ਾਮ ਵੇਲੇ, ਗੁਰੂ ਨਾਨਕ ਸਾਹਿਬ ਅਨੇਕ ਸ਼ਰਧਾਲੂਆਂ ਨਾਲ ਅਕਾਲਪੁਰੱਖ ਦੀ ਉਸਤਤੀ ਵਿਚ ਰੱਲ ਬੈਠਦੇ। ਸੁਲਤਾਨਪੁਰ ਵਿਖੇ ਹੀ ਗੁਰੂ ਨਾਨਕ ਸਾਹਿਬ ਦੀ ਮਲਸੀਆ ਦੇ ਵਸਨੀਕ ਧਨਾਢ ਭਾਈ ਭਗੀਰਥ ਨਾਲ ਮਿਲਣੀ ਹੋਈ, ਜੋ ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਸ਼ਰਧਾਲੂ ਬਣ ਗਿਆ। ਲਾਹੌਰ ਦੇ ਕਾਰੋਬਾਰੀ ਭਾਈ ਮਨਸੁੱਖ ਨਾਲ ਵੀ ਗੁਰੂ ਨਾਨਕ ਸਾਹਿਬ ਦੀ ਮੁਲਾਕਾਤ ਇਸੇ ਸਥਾਨ ਤੇ ਹੋਈ, ਉਹ ਵੀ ਗੁਰੂ ਨਾਨਕ ਦਾ ਸ਼ਰਧਾਲੂ ਬਣਿਆ। ਭਾਈ ਗੁਰਦਾਸ ਜੀ, ਜਿਨ੍ਹਾਂ ਨੂੰ ਮੁਢਲੇ ਸਿੱਖ ਇਤਿਹਾਸਕਾਰ ਕਹਾਉਣ ਦਾ ਮਾਣ ਪ੍ਰਾਪਤ ਹੈ, ਉਨ੍ਹਾਂ ਨੇ ਵੀ ਆਪਣੀਆਂ ਵਾਰਾਂ ਵਿਚ ਸੁਲਤਾਨਪੁਰ (ਪਹਿਲਾ ਸਿੱਖੀ ਕੇਂਦਰ ਜਿੱਥੇ ਭਾਈ ਮਰਦਾਨਾ ਜੀ ਦੀਆਂ ਰਬਾਬੀ ਧੁਨਾਂ ਤੇ 'ਧੁਰ ਕੀ ਬਾਣੀ' ਦਾ ਗੁਰਮਤਿ ਕੀਰਤਨ ਹੁੰਦਾ ਸੀ) ਦੀ ਸੰਗਤ ਦਾ ਜ਼ਿਕਰ ਵੀ ਕੀਤਾ ਹੈ :

ਸੁਲਤਾਨਪੁਰ ਦੀ ਸੰਗਤਿ
ਕਾਲੂ ਚਾਉ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ॥
ਹੇਮਾ ਵਿਚਿ ਕਪਾਹੀਆ ਗੋਬਿੰਦੁ ਘੋਈ ਗੁਰ ਨਿਸਤਾਰਾ॥
ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲ ਤਿਸੁ ਭਾਰਾ॥
ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ॥
ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ ॥
ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ॥
ਭਾਨਾ ਆਵਲ ਵਿਗਹਮਲੁ ਬੁਧੂ ਛੀਂਬਾ ਗੁਰ ਦਰਬਾਰਾ॥
ਸੁਲਤਾਨ ਪੁਰਿ ਭਗਤਿ ਭੰਡਾਰਾ॥੧੦॥

ਨਵਾਬ ਦੌਲਤ ਖਾਨ ਦੇ ਮੋਦੀ ਖਾਨੇ ਵਿਚ, ਗੁਰੂ ਨਾਨਕ ਸਾਹਿਬ ਦੁਆਰਾ ਲੋੜਵੰਦਾਂ ਦੀ ਮਦੱਦ ਕਾਰਨ, ਗੁਰੂ ਨਾਨਕ ਦੇਵ ਜੀ ਦੀ ਚਰਚਾ ਦੂਰ ਦੂਰ ਤਕ ਹੋਣ ਲਗੀ। ਨਿੰਦਕਾਂ ਪਾਸੋਂ ਇਹ ਗੱਲ ਹਜ਼ਮ ਨਹੀ ਹੋ ਰਹੀ ਸੀ।

ਨਵਾਬ ਦੌਲਤ ਖਾਨ ਤੇ ਨਮਾਜ਼ :

ਗੁਰੂ ਨਾਨਕ ਸਾਹਿਬ ਬਾਰੇ, ਦੌਲਤ ਖਾਨ ਪਾਸ ਨਿੰਦਕਾਂ ਦੀਆਂ ਸ਼ਿਕਾਇਤਾਂ ਪੁੱਜਣ ਲਗੀਆਂ। ਗੁਰੂ ਨਾਨਕ ਇਕ ਫ਼ਕੀਰ ਹੈ। ਫ਼ਕੀਰ ਦੇ ਸ਼ਬਦ ਆਸਾਨੀ ਨਾਲ ਸਮਝ ਨਹੀਂ ਆਉਂਦੇ ਕਹਿ ਕੇ ਦੌਲਤ ਖ਼ਾਨ, ਅਕਸਰ ਸ਼ਿਕਾਇਤਾਂ ਟਾਲ ਦਿੰਦਾ। ਇਕ ਸ਼ਿਕਾਇਤ ਵੇਲੇ ਸ਼ਹਿਰ ਦਾ ਕਾਜ਼ੀ ਵੀ ਹਾਜ਼ਿਰ ਸੀ। ਉਸ ਦੇ ਇਸਰਾਰ ਤੇ ਗੁਰੂ ਨਾਨਕ ਸਾਹਿਬ ਨੂੰ ਬੁਲਾਇਆ ਗਿਆ। ਗੁਰੂ ਨਾਨਕ ਸਾਹਿਬ ਦੇ ਪੁਜਦਿਆਂ ਤਕ ਸ਼ਾਮ ਦੀ ਨਮਾਜ਼ ਦਾ ਸਮਾਂ ਹੋ ਗਿਆ ਸੀ। ਗੁਰੂ ਨਾਨਕ ਸਾਹਿਬ ਵੀ

ਸਾਰਿਆਂ ਦੇ ਨਾਲ ਮਸੀਤ ਚਲੇ ਗਏ। ਗੁਰੂ ਨਾਨਕ ਸਾਹਿਬ ਗੋਡੇ ਟੇਕ ਕੇ ਨਮਾਜ਼ ਵਿਚ ਸ਼ਾਮਲ ਨਹੀਂ ਹੋਏ। ਕਾਜ਼ੀ ਨਮਾਜ਼ ਪੜ੍ਹਨ ਵੇਲੇ, ਚੋਰ ਅੱਖੀਆਂ ਨਾਲ ਗੁਰੂ ਸਾਹਿਬ ਵੱਲ ਦੇਖਦਾ ਰਿਹਾ, ਕਾਜ਼ੀ ਨੇ ਗੁਰੂ ਨਾਨਕ ਸਾਹਿਬ ਦੇ ਵਤੀਰੇ ਨੂੰ ਗੁਸਤਾਖ਼ੀ ਆਖਦਿਆਂ, ਜਵਾਬ ਤਲਬੀ ਕੀਤੀ। ਗੁਰੂ ਨਾਨਕ ਸਾਹਿਬ ਨੇ ਆਪਣੇ ਬਾਰੇ ਫ਼ੁਰਮਾਇਆ ਕਿ :

ਏਕ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨਬੇਰਾ॥

ਦੂਜੀ ਗੱਲ ਸੱਚੇ ਮਨ ਨਾਲ ਨਮਾਜ਼ ਵਿਚ ਨਾ ਨਵਾਬ ਦੌਲਤ ਖਾਨ ਅਤੇ ਨਾ ਹੀ ਕਾਜ਼ੀ ਸ਼ਾਮਲ ਸਨ। ਨਵਾਬ ਦੌਲਤ ਖਾਨ ਕੰਧਾਰ ਵਿਚ ਘੋੜੇ ਖਰੀਦਨ ਬਾਰੇ ਸੋਚ ਰਿਹਾ ਸੀ ਅਤੇ ਕਾਜ਼ੀ ਨੂੰ ਤਾਂ ਆਪਣੀ ਘੋੜੀ ਦੀ ਨਵ-ਜਨਮੀ ਵਛੇਰੀ ਜੋ, ਖੁਲ੍ਹੀ ਰਹਿ ਗਈ ਸੀ, ਉਸ ਦੀ ਫ਼ਿਕਰ ਖਾਈ ਜਾ ਰਹੀ ਸੀ, ਕਿਤੇ ਉਹ ਘਰ ਦੇ ਖੂਹ ਵਿਚ ਨਾ ਢਹਿ ਪਵੇ। ਕਾਜ਼ੀ, ਇਹ ਬੋਲ ਸੁਣ ਕੇ ਹੈਰਾਨ ਹੋ ਗਿਆ, ਉਹ ਸੋਚਣ ਨੂੰ ਮਜਬੂਰ ਹੋ ਗਿਆ ਕਿ ਸਾਧਾਰਨ ਦਿੱਸਣ ਵਾਲਾ ਫ਼ਕੀਰ ਨਾਨਕ ਤਾਂ ਖ਼ਾਸ ਜਾਪਦਾ ਹੈ। ਜੋ ਦਿਲਾਂ ਦੀ ਵੀ ਬੁਝ ਲੈਂਦਾ ਹੈ। ਗੁਰੂ ਜੀ ਦਿਆਂ ਪੈਰਾਂ ਤੇ ਗਿਰ ਕੇ ਕਾਜ਼ੀ ਨੇ ਆਪਣੀ ਭੁੱਲ ਦੀ ਮਾਫ਼ੀ ਮੰਗੀ।

ਜਿਸ ਮਨੁੱਖ ਦੇ ਜੀਵਨ ਚੋਂ ਧਰਮ ਮੁਕ ਜਾਂਦਾ ਹੈ ਤਾਂ ਉਸ ਮਨੁੱਖ ਵਿਚ ਕੇਵਲ ਪਸ਼ੂ ਬਿਰਤੀ ਹੀ ਰਹਿ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਮਨ ਵਿਚ ਬਦੀਆਂ ਤੋਂ ਬਚਣ ਦੀ ਥਾਂ, ਬਦੀਆਂ ਨਾਲ ਟਾਕਰਾ ਕਰਦਿਆਂ ਉਨ੍ਹਾਂ ਨੂੰ ਮਾਤ ਦੇਣ ਅਤੇ ਦੁਨੀਆਂ ਵਿਚ ਵਿਚਰਦਿਆਂ ਚੰਗਾ ਦੁਨੀਦਾਰ ਕਿਵੇਂ ਬਣ ਸਕੀਦਾ ਹੈ ਦਾ ਸੰਕਲਪ ਕੰਮ ਕਰ ਰਿਹਾ ਸੀ। ਕੁਝ ਦਿਨਾਂ



ਬਾਅਦ, ਅਕਾਲਪੁਰੱਖ ਵੱਲੋਂ ਲਗਾਏ ਮਿਸ਼ਨ (ਰੱਬੀ ਗਿਆਨ ਦੀਆਂ ਰਿਸ਼ਮਾਂ ਵੰਡਣ)ਦੀ ਪੂਰਤੀ ਅਤੇ ਜਗਤ ਜਲੰਦੇ ਨੂੰ ਤਾਰਨ ਖਾਤਰ ਸੰਸਾਰ ਭਰਮਣ ਦੇ ਪਹਿਲੇ ਪੜਾਅ ਅਥਵਾ ਪਹਿਲੀ ਉਦਾਸੀ ਵਾਸਤੇ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਘਰੋਂ ਤੁਰ ਪਏ। (ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਈ ਮਰਦਾਨਾ ਜੀ ਨੇ ਉਦਾਸੀਆਂ ਦੇ ਸਫਰ ਤੇ ਜਾਣ ਤੋਂ ਪਹਿਲਾਂ ਆਪਣੀ ਧੀ ਦੇ ਵਿਆਹ ਦੀ ਜ਼ੁੰਮੇਵਾਰੀ ਨਿਭਾਉਣ ਲਈ ਆਗਿਆ ਮੰਗੀ ਸੀ। ਗੁਰੁ ਨਾਨਕ ਸਾਹਿਬ ਨੇ ਆਪਣੇ ਸ਼ਰਧਾਲੂ ਭਾਈ ਭਾਗੀਰਥ ਜੀ ਨੂੰ ਲਾਹੌਰ ਭੇਜ ਕੇ ਵਿਆਹ ਲਈ ਲੁੜੀਂਦਾ ਸਾਮਾਨ ਖਰੀਦ ਕੇ ਲਿਆਉਣ ਲਈ ਭੇਜਿਆ। ਭਾਈ ਮਰਦਾਨਾ ਜੀ ਨੂੰ ਜ਼ੁੰਮੇਵਾਰੀ ਤੋਂ ਮੁਕਤ ਹੋਣ ਲਈ ਆਗਿਆ ਦਿੱਤੀ) ਭਾਈ ਮਰਦਾਨਾ ਜੀ ਦੇ ਵਾਪਿਸ ਮੁੜਨ ਮਗਰੋਂ ਭਾਈ ਗੁਰਦਾਸ ਜੀ ਦਿਆਂ ਸ਼ਬਦਾਂ ਵਿਚ :

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੁਕਾਈ॥੨੪॥

ਗੁਰੂ ਸਾਹਿਬ ਦੀ ਜਨਮ ਤਾਰੀਖ ਬਾਰੇ ਤਾਂ ਰਲਾ ਹੈ ਹੀ, ਉਦਾਸੀਆਂ ਦੇ ਸਮੇਂ ਬਾਰੇ ਵੀ ਵੱਖ ਵੱਖ ਇਤਿਹਾਸਕਾਰਾਂ ਨੇ ਵੱਖ ਵੱਖ ਸਾਲ ਹੀ ਦੱਸੇ ਹਨ। ਇਸ ਲਈ ਮੈਂ ਉਦਾਸੀਆਂ ਦੇ ਸਮੇਂ ਬਾਰੇ ਦੋ ਰਾਵਾਂ ਹੀ ਦਸ ਰਿਹਾ ਹਾਂ।

ਜਿਨ੍ਹਾਂ ਸਮਿਆਂ ਵਿਚ, ਆਮ ਆਦਮੀ ਨੂੰ ਆਵਾਜਾਈ ਦਿਆਂ ਸਾਧਨਾਂ ਦਾ ਗਿਆਨ ਤਕ ਨਹੀਂ ਸੀ, ਗੁਰੂ ਨਾਨਕ ਸਾਹਿਬ ਨੇ, ਹਿੰਦੁਸਤਾਨ ਹੀ ਨਹੀਂ ਸਗੋਂ, ਅਨੇਕਾਂ ਦੇਸ਼ਾਂ ਦੀਆ ਸੀਮਾਵਾਂ 'ਤੇ ਪਹਾੜ ਪੁਲਾਂਘੇ। ਸਮੁੰਦਰਾਂ ਦੇ ਸੀਨੇ ਚੀਰ ਕੇ, ਕੁਲ ਲੁਕਾਈ ਦੀ ਭਲਾਈ ਲਈ ਦਿਨ ਰਾਤ ਭਰਮਣ ਕੀਤਾ। ਸਿੱਖੀ ਰੂਪੀ ਬੇੜੀ ਦਿਆਂ ਸਵਾਰਾਂ ਨੂੰ,


ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰ॥੪॥

ਸਿਮਰਨ, ਕਿਰਤ ਅਤੇ ਸੇਵਾ ਰੂਪੀ ਚੱਪੂਆਂ ਦੇ ਸਹਾਰੇ ਭਵਸਾਗਰ ਤੋਂ ਪਾਰ ਹੋਣ ਦਾ ਰਾਹ ਦਿਖਾਇਆ।

.....ਚਲਦਾ

❋ ❋ ❋

– ਰਜਿੰਦਰ ਸਿੰਘ ਜੋਲੀ
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528



"ਚੜ੍ਹਦੀ ਕਲਾ" ਸਿੰਘਾਂ ਦਾ ਵਿਰਸਾ

ਚੜ੍ਹਦੀ ਕਲਾ ਨੂੰ ਸਿੱਖਾਂ ਦੇ ਬੁਲੰਦ ਹੌਸਲੇ ਦਾ ਸੰਕਲਪ ਵੀ ਆਖਿਆ ਜਾ ਸਕਦਾ ਹੈ। ਇਸ ਦੇ ਸੰਕਲਪ ਨੂੰ ਖੁਰਦਬੀਨੀ ਨਿਗਾਹਾਂ ਨਾਲ ਪਕੜਨਾ ਅਤੇ ਇਸ ਦਾ ਸਰੂਪ ਮਿਥਣਾ ਉਚਿਤ ਵੀ ਹੋ ਜਾਂਦਾ ਹੈ। ਚੜ੍ਹਦੀ ਕਲਾ ਦਾ ਫ਼ੌਲਾਦੀ ਜਜ਼ਬਾ ਇਕ ਅਜਿਹਾ ਲੋਹ ਸੰਕਲਪ ਹੈ ਜਿਸ ਦੇ ਚੁਕਾਨੇ 'ਚ ਆਤਮ-ਅਡੋਲਤਾ, ਦ੍ਰਿੜ੍ਹ ਨਿਸਚਾ, ਰੱਬੀ ਵਿਸ਼ਵਾਸ, ਰੱਬ ਦੀ ਰਜ਼ਾ ਵਿਚ ਰਹਿਣਾ ਆਦਿ ਕੇਂਦਰ-ਬਿੰਦੂ ਹੋ ਜਾਂਦੇ ਹਨ। ਇਹ ਮਨ ਦੀ ਬਿਜਲਾਣੂ ਅਵਸਥਾ ਦੀ ਟੀਸੀ ਹੈ।

ਚੜ੍ਹਦੀ ਕਲਾ ਖ਼ਾਲਸੇ ਦਾ ਇਕ ਅਜਿਹਾ ਬੋਲਾ ਹੈ ਜੋ ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੇ ਖ਼ਾਲਸੇ ਦੀ ਕਾਢ ਪ੍ਰਤੀਤ ਹੁੰਦਾ ਜਾਪਦਾ ਹੈ। ਇਸ ਸੰਕਲਪ ਦੇ ਅਰਥਾਂ ਦਾ ਘੇਰਾ ਵਿਸ਼ਾਲ ਹੈ। ਇਸ ਸੰਕਲਪ ਵਿਚ ਵੈਰੀ ਤੋਂ ਕਦੇ ਨਾ ਡਰਨਾ, ਵਿਸ਼ਵਾਸ ਨਾਲ ਰਣ ਵਿਚ ਜੂਝਣ ਦਾ ਵਿਨਿਯੋਗ ਮੂਲ ਰੂਪ 'ਚ ਇਕ ਪੁਖਤਾ ਮੁਸਮਿਮ ਅਤੇ ਦ੍ਰਿੜ੍ਹ ਲੋਹ-ਸੰਕਲਪ ਦੀ ਪ੍ਰਕਿਰਿਆ ਹੈ। ਇਸ ਸੰਕਲਪ ਵਿਚ ਵਿਚਾਰਕ ਲੀਹ ਹੈ। ਚੜ੍ਹਦੀ ਕਲਾ ਦਾ ਸੰਕਲਪ ਸੰਗਰਾਮੀਏ/ ਘੁਲਾਟੀਏ ਸਿੱਖਾਂ ਨੂੰ ਸਮੇਂ-ਸਮੇਂ ਉੱਦਾਤ ਅਤੇ ਉਚੇਰਾ ਬਣਾ ਦਿੰਦਾ ਹੈ ਅਤੇ ਪ੍ਰਕਿਰਿਆ 'ਚ ਇਕ ਸੰਤੁਲਨ ਬਿੰਦੂ ਪ੍ਰਗਟ ਕਰ ਦਿੰਦਾ ਹੈ। ਇਸ ਲਕਸ਼ ਨੂੰ ''ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'' ਨਾਲ ਸਹਿਮਿਸ਼ਰਿਤ ਕਰ ਕੇ ਚੜ੍ਹਦੀ ਕਲਾ ਦੀ ਸਦੀਵੀ ਸਮਾਨਤਾ ਦਾ ਪ੍ਰਤਿਪਾਦਨ ਕਰ ਦਿੱਤਾ ਗਿਆ ਸੀ। ਜਿੱਤ ਪ੍ਰਤੀ ਦ੍ਰਿੜ ਵਿਸ਼ਵਾਸ ਵਾਲਾ ਚੜ੍ਹਦੀ ਕਲਾ ਦਾ ਅਦੁੱਤੀ ਸੰਕਲਪ ਪੂਰਨ ਪ੍ਰਕਿਰਿਆ ਉਜਾਗਰ ਹੋ ਜਾਂਦਾ ਹੈ ਅਤੇ ਯੁੱਧ ਦੀ ਵੰਗਾਰ/ਧਰਮ ਦੀ ਵੰਗਾਰ ਧਰਮ-ਯੁੱਧ ਦਾ ਵਿਨਿਯੋਗ ਹੋ ਨਿਬੜਦੀ ਹੈ।

ਇਸ ਸੰਕਲਪ ਦੀ ਟੀਸੀ 'ਤੇ ਜਾਣ ਲਈ ਪਹਿਲਾਂ ਮਰਨ ਕਬੂਲਣਾ ਪੈਂਦਾ ਹੈ ਅਤੇ ਮੌਤ 'ਤੇ ਜਿੱਤ ਦਾ ਹਲਫ਼ਨਾਮਾ ਲੈ ਕੇ ਸੰਗਰਾਮੀਏ ਲਈ ਅਨੰਦ ਭਰਿਆ ਉਤਸਵ ਹੋ ਜਾਂਦਾ ਹੈ। ਇਹ ਹੀ ਇਸ ਦੇ ਲਕਸ਼ ਦੀ ਪ੍ਰਤਿਪਾਦਨਾ ਹੈ। ਗੁਰਬਾਣੀ ਵਿਚ ਅਨੇਕ ਥਾਵਾਂ ਉੱਤੇ ਅੰਤਰ-ਮਨ ਸੰਘਰਸ਼ ਲਈ ਰੂਪਕਾਂ ਦੀ ਵਰਤੋਂ, ਅਸਲੋਂ ਪ੍ਰਤੱਖ ਰੂਪ ਵਿਚ ਯੁੱਧ- ਖੇਤਰ ਦਾ ਜ਼ਿਕਰ

ਚੜ੍ਹਦੀ ਕਲਾ ਦਾ ਪ੍ਰਤੀਕ ਹੀ ਤਾਂ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਅੰਗ ੧੪੧੨)

ਚੜ੍ਹਦੀ ਕਲਾ ਦੇ ਮਾਨਸਿਕ ਜੁਝਾਰੂ ਸੁਝਾਰੂ ਸੁਭਾਅ ਨੂੰ ਭਗਤ ਕਬੀਰ ਜੀ ਨੇ ਦਰਸਾਇਆ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਅੰਗ ੧੧੦੫)

ਚੜ੍ਹਦੀ ਕਲਾ ਦੇ ਸੰਕਲਪ ਨੂੰ ਪਰਖਣ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਗਨ ਕੁੰਡ ਦੀ ਤੱਤੀ ਤਵੀ 'ਤੇ ਬੈਠਾਇਆ ਗਿਆ ਪਰ ਗੁਰੂ ਸਾਹਿਬ ਨੇ ਬੇਇਨਸਾਫ਼ੀ ਦੀ ਈਨ ਨਹੀਂ ਮੰਨੀ। ਉਸ ਸਮੇਂ ਦੀ ਜ਼ਾਲਮ ਹਕੂਮਤ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਕ ਦਿਨ ਮਨੁੱਖ-ਮਾਤਰ ਦੇ ਕਲਿਆਣ ਨੂੰ ਸਮਰਪਿਤ ਇਹ ਸ਼ਹੀਦੀ, ਕ੍ਰਾਂਤੀ ਲਹਿਰ, ਮਨੁੱਖਤਾ ਦੇ ਰਤ ਨਾਲ ਹੋਈ ਰਾਜਸੀ ਚਿਣਾਈ ਤੇ ਉਸਾਰੀ ਨੂੰ ਜ਼ਾਲਮ ਹੁਕਮਰਾਨਾਂ ਸਮੇਤ ਨੇਸਤ-ਓ-ਨਾਬੂਦ ਕਰ ਦੇਵੇਗੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਇਸ ਸੰਕਲਪ ਦੀ ਪੂਰਤੀ ਲਈ ਜ਼ੁਲਮ ਦੇ ਕੰਡੇ ਛਾਂਗਣੇ ਪਏ ਸਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ''ਸ੍ਰਿਸ਼ਟੀ ਦੀ ਚਾਦਰ' ਦਾ ਗੌਰਵ ਪ੍ਰਾਪਤ ਕਰ ਕੇ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ ਪਾਉਣੀ ਪਈ। ਉਨ੍ਹਾਂ ਭਾਰਤੀ ਲੋਕਾਂ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਕੇ ਧਰਮ ਦੀ ਖਾਤਰ ਜੂਝ ਮਰਨ ਦਾ ਚਿਰਾਗ ਰੋਸ਼ਨ ਕੀਤਾ। ਇਹ ਮੀਰੀ-ਪੀਰੀ ਦੇ ਜੀਵਨ ਦਰਸ਼ਨ ਦਾ ਅਗਲਾ ਸੂਤਰ ਸੀ।

ਦਸਮੇਸ਼ ਪਿਤਾ ਜੀ ਨੂੰ ਜ਼ੁਲਮ ਦੀਆਂ ਜੜ੍ਹਾਂ ਪੁੱਟਣ ਲਈ ਹੱਥ ਵਿਚ ਸ਼ਮਸ਼ੀਰ ਫੜਨੀ ਪਈ। ਕਈ ਸਦੀਆਂ ਤੱਕ ਖ਼ਾਲਸੇ ਨੂੰ ਦੇਗਾਂ, ਆਰਿਆਂ, ਚਰਖੜੀਆਂ, ਸਰਹੰਦ ਦੀਆਂ ਦੀਵਾਰਾਂ ਆਦਿ ਭਿਅੰਕਰ ਦਿਸ਼ਾਵਾਂ ਦੇਖਣੀਆਂ ਪਈਆਂ, ਪਰ ਕਸਵੱਟੀ 'ਤੇ ਪਰਖ 'ਚ ਕੋਈ ਫ਼ਰਕ ਨਾ ਪਿਆ ਅਤੇ ਕੁਠਾਲੀ ਵਿਚ ਢਾਲਿਆ ਸੋਨਾ (ਖ਼ਾਲਸਾ ਪੰਥ) ਅਨੋਖੀ ਚਮਕ ਪੈਦਾ ਕਰਦਾ ਗਿਆ।ਇੰਝ ਸਿੱਖ ਕੌਮ ਦੇ ਜਾਹੋ-ਜਲਾਲ ਦਾ ਆਫ਼ਤਾਬ ਕਦੇ ਅਸਤ ਨਾ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰਕ ਅਰਥਾਂ ਵਿਚ ਆਪਣਾ ਸਭ ਕੁਝ ਵਾਰ ਕੇ ਗ਼ੈਰਤ ਅਤੇ ਸਵੈਮਾਣ ਦੇ ਰੂ-ਬ-ਰੂ ਚੜ੍ਹਦੀ ਕਲਾ ਦੇ ਸੰਕਲਪ ਰਾਹੀਂ ਭਾਰਤ ਦੀ ਨਿਮਾਣੀ, ਨਿਤਾਣੀ ਅਤੇ ਨਿਰਬਲ ਹੋ ਚੁੱਕੀ ਲੋਕਾਈ ਵਿੱਚ ਚਾਨਣ ਮੁਨਾਰਾ ਬਣ ਕੇ ਰਾਹ ਰੋਸ਼ਨ ਕੀਤਾ।

ਇਸੇ ਸੰਕਲਪ ਸਦਕਾ ਬਾਅਦ ਵਿਚ ਸਿੱਖਾਂ ਦੀਆਂ ਲੰਮੀਆਂ ਜੱਦੋ-ਜਹਿਦਾਂ ਵਿਚੋਂ ਮਨੁੱਖੀ ਕਦਰਾਂ-ਕੀਮਤਾਂ ਦੇ ਅਵਮੂਲਨ ਦੀਆਂ ਅਨੇਕ ਦਿਸ਼ਾਵਾਂ ਉਦਘਾਟਿਤ ਹੋਈਆਂ ਅਤੇ ਚੜ੍ਹਦੀ-ਕਲਾ ਦੇ ਸੰਕਲਪ ਨੇ ਧਾਰਮਿਕ, ਸੱਭਿਆਚਾਰਕ, ਸਾਂਸਕ੍ਰਿਤਕ ਤੇ ਸਮਾਜਿਕ ਧਰਾਤਲ 'ਤੇ ਘੋਰ ਸੰਗਰਾਮਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ।

ਗੁਰੂ ਸਾਹਿਬਾਨ ਨੂੰ ਦਸਾਂ ਜਾਮਿਆਂ ਦੀ ਯਾਤਰਾ ਦੇ ਦੌਰ ਵਿਚ ਭਿਅੰਕਰ ਸੰਘਰਸ਼ਾਂ ਵਿਚੋਂ ਲੰਘਣਾ ਪਿਆ ਸੀ। ਖ਼ਾਲਸਾ ਸਦੀਆਂ ਤੋਂ ''ਸਰਬੱਤ ਦੇ ਭਲੇ ਲਈ ਮਾਰੂ ਹੱਲਿਆਂ ਦਾ ਹਲਾਹਲ (ਭਿਆਨਕ ਜ਼ਹਿਰ) ਪਾਨ ਕਰਦਾ ਆ ਰਿਹਾ ਹੈ। ਸਿੱਖਾਂ ਨਾਲ ਜਦੋਂ ਵੀ ਵਿਦੇਸ਼ੀ ਤਾਕਤਾਂ ਦਾ ਟਕਰਾਅ ਹੋਇਆ ਤਾਂ ਇਕ ਮਹਾਨ ਸੰਘਰਸ਼ ਦੀ ਸ਼ੁਰੂਆਤ ਹੋਣੀ ਲਾਜ਼ਮੀ ਤੇ ਕੁਦਰਤੀ ਸੀ। ਪੰਜਾਬ ਦੀ ਸਰਜ਼ਮੀਨ 'ਤੇ ਵਿਦੇਸ਼ੀ ਹਮਲਾਵਰਾਂ ਦੇ ਹੱਲਿਆਂ ਨੇ ਸਿੱਖਾਂ ਦੀ ਚੜ੍ਹਦੀ ਕਲਾ ਵਾਲੇ ਫ਼ੌਲਾਦੀ ਸੰਕਲਪ ਨੂੰ ਆਪਣੇ ਪਹੀਏ ਹੇਠ ਕੁਚਲਣ ਦੀ ਕੋਸ਼ਿਸ਼ ਕੀਤੀ ਪਰ ਸਿੱਖ ਹੀ ਭਾਰਤ 'ਚ ਇਕ ਅਜਿਹੀ ਕੌਮ ਸੀ ਜਿਸ ਨੇ ਮਨੁੱਖੀ ਰੱਤ ਦੇ ਧਾੜਵੀਆਂ ਨੂੰ ਚੱਟਾਨੀ ਹਿੱਕ ਨਾਲ ਰੋਕਿਆ ਅਤੇ ਹਿੰਦੋਸਤਾਨ ਦੇ ਖੜਗਧਾਰੀ ਹੋ ਨਿਬੜੇ। ਇਹ ਚੜ੍ਹਦੀ ਕਲਾ ਦੇ ਸੰਕਲਪ ਦਾ ਵਿਸ਼ੇਸ਼ ਯੋਗਦਾਨ ਹੈ।

ਨੀਲੇ ਦੇ ਸ਼ਾਹ-ਅਸਵਾਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਕਲਪ ਰਾਹੀਂ ਆਪਣੀ ਅਗੰਮੀ ਤੇ ਅਲੌਕਿਕ ਸ਼ਖ਼ਸੀਅਤ ਦੇ ਅਮਿਟ ਪ੍ਰਭਾਵ ਨਾਲ ਲੱਖਾਂ ਲੋਕਾਂ ਨੂੰ ਸਰਬ ਸਮਿਆਂ ਲਈ ''ਨਿਰਭਉ ਨਿਰਵੈਰ'' ਹੋ ਕੇ ਜੀਵਨ ਸੰਗਰਾਮ ਵਿਚ ਜੂਝਣ ਦੀ ਪ੍ਰੇਰਨਾ ਅਤੇ ਉਤਸ਼ਾਹ ਨਾਲ ਸਰਸ਼ਾਰ ਕਰ ਦਿੱਤਾ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ॥੨੨॥

''ਜ਼ਫ਼ਰਨਾਮਾ'' ਦੀ ਇਕ ਇਕ ਸਤਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਤੇ ਨਿਡਰਤਾ ਦਾ ਸਬੂਤ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਯੁੱਧਾਂ/ਲੜਾਈਆਂ


ਵਿਚ ਅਹਿਮ ਨੁਕਤਾ ਹੀ ਚੜ੍ਹਦੀ ਕਲਾ ਦਾ ਸੰਕਲਪ ਸੀ, ਜਿਸ ਸਦਕਾ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਗਿਣਤੀ ਵਿਚ ਦੁਸ਼ਮਣ ਫ਼ੌਜਾਂ ਦੇ ਪੈਰ ਉਖਾੜ ਦਿੱਤੇ ਸਨ। ਇਹ ਹਿੰਮਤ, ਦਲੇਰੀ ਅਤੇ ਸੈਨਕੀ ਸੂਝ-ਬੂਝ ਸੀ ਜਿਸ ਨੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ। ਸਿੰਘਾਂ ਦੇ ਇਹ ਗੁਣ ਸੰਸਾਰ ਦੇ ਫ਼ੌਜੀ ਇਤਿਹਾਸ ਵਿਚ ਅਭੁੱਲ ਯਾਦਾਂ ਵਾਂਗ ਅਜੇ ਤੱਕ ਸਾਂਭੇ ਪਏ ਹਨ। ਇਹ ਸਤਰਾਂ ਚੜ੍ਹਦੀ ਕਲਾ ਵਾਲਾ ਮਹਾਂਪੁਰਖ ਹੀ ਲਿਖ ਸਕਦਾ ਹੈ :

ਗੁਰਸਨਹ ਚਿਕਾਰ ਕੁਨਦ ਚਿਹਲ ਨਰ॥
ਕਿ ਦਹ ਲਖ ਬਰਆਯਦ ਬਰੋ ਬੇਖ਼ਬਰ॥੧੯॥
....
ਚਿਹਾ ਸ਼ੁਦ ਕਿ ਚੂੰ ਬੱਚਗਾ ਕੁਸ਼ਤਹ ਚਾਰ॥
ਕਿ ਬਾਕੀ ਬਿਮਾਂਦਾ ਅਸਤ ਪੇਚੀਦਹ ਮਾਰ ॥੨੮॥

ਇਹ ਹੀ ਅਣਖ ਅਤੇ ਇਰਾਦੇ ਦੀ ਦ੍ਰਿੜ੍ਹਤਾ ਦੇ ਯੁੱਧ-ਦਰਸ਼ਨ ਦੇ ਲੋਹ-ਵਜਰ ਸੰਕਲਪ ਦੀ ਗੂੰਜ ਆਖੀ ਜਾ ਸਕਦੀ ਹੈ। ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਸਾਡੇ ਇਤਿਹਾਸਕ ਵਿਰਸੇ ਦੀਆਂ ਆਤਮਾਵਾਂ ਹਨ ਜੋ ਖ਼ਾਲਸੇ ਵਿਚ ਜੀਰ ਗਈਆਂ ਹਨ। ਮਲ੍ਹਿਆਂ ਦੇ ਬੇਰ, ਕਰੀਰਾਂ ਦੇ ਡੇਲੇ, ਵਣਿਆਂ ਦੇ ਪੀਲੂ ਖਾਣੇ ਤਾਂ ਮਨਜ਼ੂਰ ਕੀਤੇ ਪਰ ਘਰੋਂ ਬੇ ਘਰ ਅਤੇ ਪਰਵਾਰਾਂ ਤੋਂ ਵਿਛੋੜਿਆਂ ਦੇ ਬਾਵਜੂਦ 'ਖ਼ਾਲਸਾ ਰਾਜ' ਦੀ ਆਸ ਉਨ੍ਹਾਂ ਨੂੰ ਚੜ੍ਹਦੀ ਕਲਾ ਦੇ ਸੰਕਲਪ ਨਾਲ ਜੋੜਦੀ ਗਈ। ਸਿੰਘ ਭਾਵੇਂ ਪਹਾੜਾਂ, ਜੰਗਲਾਂ, ਛੰਭਾਂ ਤੇ ਨਖ਼ਲਿਸਤਾਨਾਂ ਵਿਚ ਰਹੇ ਪਰ ਉਨ੍ਹਾਂ ਦੇ ਮਨ ਬਲਵਾਨ ਤੇ ਤਨ ਉੱਜਲੇ ਰਹੇ।

ਅਸਲ ਵਿਚ ਚੜ੍ਹਦੀ ਕਲਾ ਵਿਚ ਤਨ ਉੱਜਲਾ ਤੇ ਮਨ ਬਲਵਾਨ ਰਹਿੰਦਾ ਹੈ। ਭਾਈ ਤਾਰੂ ਸਿੰਘ ਜੀ ਦੀ ਜ਼ਕਰੀਆ ਖ਼ਾਂ ਦੇ ਹੁਕਮ ਨਾਲ ਖੋਪਰੀ ਲਾਹ ਦਿੱਤੀ ਪਰ ਭਾਈ ਸਾਹਿਬ ਆਪਣੀ ਖੋਪਰੀ ਤੋਂ ਬਿਨਾਂ ਸਿਦਕ ਦੇ ਆਸਰੇ ਕੁਝ ਦਿਨ ਜ਼ਿੰਦਾ ਰਹੇ। ਅਠਾਰ੍ਹਵੀਂ ਸਦੀ ਵਿਚ ਖ਼ਾਲਸੇ ਦੀਆਂ ਇਤਿਹਾਸਕ ਘਟਨਾਵਾਂ ਚੜ੍ਹਦੀ ਕਲਾ ਦੇ ਸੰਕਲਪ ਨਾਲ ਭਰਪੂਰ ਹਨ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਦੋਂ ਅੱਖਾਂ ਕੱਢੀਆਂ ਗਈਆਂ ਤਾਂ ਉਨ੍ਹਾਂ ਨੂੰ ਖ਼ਾਲਸਾ ਰਾਜ ਦੇ ਕਲਸ਼ ਉਭਰਦੇ ਨਜ਼ਰੀਂ ਪਏ। ਜਦੋਂ ਉਨ੍ਹਾਂ ਦੀਆਂ ਲੱਤਾਂ ਵੱਢੀਆਂ ਗਈਆਂ ਤਾਂ ਉਨ੍ਹਾਂ ਨੂੰ ਨੀਲੇ ਘੋੜੇ ਦੀਆਂ ਟਾਪਾਂ ਦੀ ਆਵਾਜ਼ ਆਈ ਅਤੇ ਨਗਾਰਾ ਵੱਜਦਾ ਦਿੱਸਿਆ। ਜਦੋਂ ਬਾਬਾ ਜੀ ਦੇ ਹੱਥਾਂ ਨੂੰ ਕਲਮ ਕੀਤਾ ਗਿਆ ਤਾਂ ਉਨ੍ਹਾਂ ਨੂੰ ਜਾਪਿਆ ਜਿਵੇਂ ਅਨੇਕ ਹੱਥਾਂ 'ਚ ਸ਼ਮਸ਼ੀਰਾਂ ਲਿਸ਼ਕ ਰਹੀਆਂ ਹਨ।

ਨਾਦਰਸ਼ਾਹ ਜਦੋਂ ਹਿੰਦੁਸਤਾਨ ਨੂੰ ਲੁੱਟ ਕੇ ਜਾ ਰਿਹਾ ਸੀ ਤਾਂ ਮੁੱਠੀ ਭਰ ਚੜ੍ਹਦੀ ਕਲਾ ਵਾਲੇ ਸਿੰਘਾਂ ਨੇ ਉਸ ਦਾ ਮਾਲ ਤੇ ਖ਼ਜ਼ਾਨਾ ਖੋਹ ਲਿਆ। ਮੱਸੇ ਰੰਘੜ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਨਾਚ ਤੇ ਸ਼ਰਾਬ ਦਾ ਦੌਰ ਚਲਾ ਕੇ ਰੱਜ ਕੇ ਬੇਅਦਬੀ ਕੀਤੀ। ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਵਾਂਗ ਚੜ੍ਹਦੀ ਕਲਾ ਨਾਲ ਸਰਸ਼ਾਰ ਥੋੜ੍ਹੇ ਜਿਹੇ ਸਿੰਘਾਂ ਨੂੰ ਮੁਗ਼ਲ ਫ਼ੌਜਾਂ ਅਤੇ



ਪਹਾੜੀ ਰਾਜਿਆਂ ਨੇ ਘੇਰਾ ਪਾਇਆ ਹੈ।

ਦੁਸ਼ਮਣ ਕਿਲ੍ਹੇ ਦੇ ਦਰਵਾਜ਼ੇ ਵੱਲ ਸ਼ਰਾਬੀ ਮਸਤ ਹਾਥੀ ਨੂੰ ਰਵਾਨਾ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਾਥੀ ਦੇ ਮੁਕਾਬਲੇ ਲਈ ਦੁਨੀ ਚੰਦ ਨੂੰ ਚੁਣਦੇ ਹਨ ਪਰ ਦੁਨੀ ਚੰਦ ਖ਼ਾਲਸੇ ਦੇ ਸਿਧਾਂਤਾਂ ਤੋਂ ਅਭਿੱਜਾ, ਕਰਨੀ ਤੋਂ ਬਾਂਝ ਅਤੇ ਬੌਣਾ ਹੋ ਕੇ, ਘਰ ਜਾ ਕੇ ਨਮੋਸ਼ੀ ਦੀ ਮੌਤ ਮਰਦਾ ਤਾਂ ਹੈ, ਪਰ ਤੇਜਧਾਰਕ ਭਾਈ ਬਚਿੱਤਰ ਸਿੰਘ, ਚੜ੍ਹਦੀ ਕਲਾ ਦੀ ਸਾਕਾਰ ਮੂਰਤ, ਇਤਿਹਾਸਕ ਕਰਨੀ ਲਈ ਤਤਪਰ ਹੁੰਦਾ ਹੈ ਅਤੇ ਖ਼ਾਲਸੇ ਦੀ ਕਥਨੀ ਇਤਿਹਾਸਕ ਸੱਚ ਨੂੰ ਕਰਨੀ ਨਾਲ ਨਿਭਾਉਂਦਾ ਹੈ।

ਚੜ੍ਹਦੀ ਕਲਾ ਖ਼ਾਲਸਾ ਪੰਥ ਦੀ ਸੱਭਿਆਚਾਰਕ ਨਿਧੀ ਹੈ ਜੋ ਨਿਵੇਕਲੀ ਤੇ ਵਿਲੱਖਣ ਹੈ। ਸਿੱਖ ਇਤਿਹਾਸ ਚੜ੍ਹਦੀ ਕਲਾ ਦੇ ਕ੍ਰਿਸ਼ਮਿਆਂ ਨਾਲ ਸਰਸ਼ਾਰ ਪਿਆ ਹੈ। ਕਿਹੜੀ ਕਿਹੜੀ ਘਟਨਾ ਨੂੰ ਇੱਥੇ ਸੰਮਿਲਤ ਕਰਾਂ? ਅਕਾਲੀ ਲਹਿਰ, ਮੋਰਚਿਆਂ ਦਾ ਇਤਿਹਾਸ, ਘੱਲੂਘਾਰਾ ਜੂਨ 1984 ਅਤੇ ਅਜੋਕਾ ਪੰਥਕ ਸੰਘਰਸ਼, ਕੱਲ੍ਹ ਅਤੇ ਅੱਜ ਦੀਆਂ ਗੱਲਾਂ ਹਨ। ਚੜ੍ਹਦੀ ਕਲਾ ਦਾ ਸੰਕਲਪ ਤੇ ਜੂਝ ਮਰਨ ਦੀ ਉਮੰਗ, ਇਕਸੁਰਤਾ, ਧੀਰਜ, ਇਕ ਦੂਜੇ ਪ੍ਰਤੀ ਤੇ ਬਲੀਦਾਨ ਦੀ ਭਾਵਨਾ, ਸ਼ੇਰ ਸ਼ਕਤੀ ਤੇ ਬਾਜ਼ ਦੀ ਫੁਰਤੀ ਦਾ ਸੰਬੰਧ ਸੱਚ ਦੀ ਧਾਰ 'ਤੇ ਤੁਰਨ ਵਾਲੀ ਦ੍ਰਿੜ੍ਹ ਆਤਮਾ ਨਾਲ ਹੁੰਦਾ ਹੈ। ਇਹ ਚੜ੍ਹਦੀ ਕਲਾ ਦੇ ਮਰਜੀਵੜੇ ਹੀ ਹੁੰਦੇ ਹਨ ਜੋ ਜੁਲਮ ਦੇ ਆਏ ਹੜ੍ਹ 'ਚ ਦਰਿਆਵਾਂ ਦੇ ਪਾਣੀ ਦੀ ਬੇੜੀ ਵਾਂਗ ਸੂਕਦੇ ਹਨ ਅਤੇ ਰਾਹ ਵਿਚ ਆਈਆਂ ਰੋਕਾਂ ਨੂੰ ਰੋੜ੍ਹ ਕੇ ਲੈ ਜਾਂਦੇ ਹਨ।

ਸੱਚੀ-ਸੁੱਚੀ ਲਗਨ ਤੇ ਲਗਨ ਦੀ ਪੂਰਤੀ ਲਈ ਦਿੱਤਾ ਬਲੀਦਾਨ ਬੰਦੇ ਵਿਚ ਅਡੋਲਤਾ ਭਰਦਾ ਹੈ ਅਤੇ ਸਿੰਘਾਂ ਦੀ ਕਹਿਕਸ਼ਾਂ ਵਰਗੀ ਅਡੋਲਤਾ ਤੇ ਸਮੁੰਦਰ ਵਰਗੀ ਗੰਭੀਰਤਾ ਦੇਖ ਕੇ ਹੀ ਕਾਲੀਆਂ ਹਨੇਰੀਆਂ ਦੇ ਸੁਆਮੀ ਦੰਗ ਰਹਿ ਜਾਂਦੇ ਹਨ। ਇਕ ਉਹ ਸਮਾਂ ਵੀ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਵਧਦੇ ਗਏ ਪਰ ਉਨ੍ਹਾਂ ਸਮਿਆਂ ਵਿਚ ਮਨ ਦੀ ਅੰਦਰੂਨੀ ਤਪਸ਼ ਨਾਲ ਜੀਉਂਦਿਆਂ ਚੜ੍ਹਦੀ ਕਲਾ ਦੇ ਸੰਕਲਪ ਨਾਲ ਸਿੱਖ ਜੁਝਾਰੂਆਂ ਨੇ ਮੋਢੇ-ਗੋਢੇ ਮਾਰ ਕੇ ਜ਼ਾਲਮਾਂ ਦੀਆਂ ਕਾਲੀਆਂ ਕੰਧਾਂ 'ਚ ਸਿਗਾਫ਼ ਹੀ ਨਹੀਂ ਕੀਤੇ, ਸਗੋਂ ਚੜ੍ਹਦੀ ਕਲਾ ਦੇ ਰੂ-ਬ-ਰੂ ਆਜ਼ਾਦੀ ਦਾ ਸੰਕਲਪ, ਖ਼ਾਲਸੇ ਦਾ ਬੋਲਬਾਲਾ ਹੌਲੀ-ਹੌਲੀ ਬਾਹਰ ਆ ਕੇ ਵਿਕਾਸਕ ਪ੍ਰਕਿਰਤੀ ਹੋ ਨਿੱਬੜਿਆ। ਚੜ੍ਹਦੀ ਕਲਾ ਦਾ ਜਲੋਅ ਝੱਲਿਆ ਨਹੀਂ ਸੀ ਜਾਂਦਾ। ਇਹੀ ਸੰਕਲਪ ਬਾਅਦ ਵਿਚ ਭੁਝੰਗੀ ਖ਼ਾਲਸੇ ਨੂੰ ਮਾਨਵਤਾ ਦੀ ਬਾਦਸ਼ਾਹਤ ਹਿਤ ਜੁਝਾਰੂ ਘੋਲ ਦਾ ਪ੍ਰੇਰਨਾ-ਸ੍ਰੋਤ ਬਣਾ ਦੇਂਦਾ ਹੈ। ਚੜ੍ਹਦੀ ਕਲਾ ਵਿਚ ਬੱਚਾ, ਮਰਦ, ਇਸਤਰੀ ਸਿਰ ਤਲੀ ਉੱਤੇ ਧਰ, ਸੱਚ ਦੀ ਕੁਠਾਲੀ ਵਿਚ ਢਲ ਕੇ ਖ਼ਾਲਸੇ ਦੇ ਕੁਟੰਬ ਵਿਚ ਸ਼ਾਮਲ ਹੋ ਜਾਵੇ ਤਾਂ ਮਨ ਨਹੀਂ ਡੋਲਦਾ, ਸਿਰੜ ਨਹੀਂ ਟੁੱਟਦਾ। ਇਹੀ ਸਿੰਘਾਂ ਦੀ ਅਰਦਾਸ ਹੋ ਨਿੱਬੜਦਾ ਹੈ।

ਸਿੱਖ ਇਤਿਹਾਸ ਦੱਸਦਾ ਹੈ ਕਿ ਜਦੋਂ-ਜਦੋਂ ਮਨੁੱਖਤਾ ਘਾਤੀ ਕਾਲੀਆਂ ਤਾਕਤਾਂ ਦਾ ਸੰਘਰਸ਼ ਭਖਦਾ ਗਿਆ, ਉਦੋਂ ਉਦੋਂ ਚੜ੍ਹਦੀ ਕਲਾ ਦੇ ਵਿਨਿਯੋਗ ਦੀ ਆਚਰਣਗਤ ਵਿਆਖਿਆ ਦੇ ਅਸਲੋਂ ਨਵੇਂ ਅਧਿਆਏ ਆਣ ਜੁੜਦੇ ਗਏ। ਚੜ੍ਹਦੀ ਕਲਾ ਦੇ ਸੰਕਲਪ ਨੇ ਖ਼ਾਲਸੇ ਦੀਆਂ ਆਉਣ ਵਾਲੀਆਂ ਨਸਲਾਂ ਲਈ ਵਿਆਪਕ ਦਿਸ਼ਾਵਾਂ ਪ੍ਰਦਾਨ ਹੀ ਨਹੀਂ ਕੀਤੀਆਂ, ਸਗੋਂ ਇਸ ਸੰਕਲਪ ਦੇ ਬਿੰਦੂ ਨੂੰ ਵਿਸਥਾਰਿਆ ਵੀ। ਸਿੱਖ ਸ਼ਹੀਦੀ ਇਸੇ ਲਈ ਸੰਸਾਰ ਵਿਚ ਵਿਲੱਖਣ ਹੈ ਕਿ ਉਸ ਵਿਚ ਪਾਕੀ ਤੇ ਨੂਰੀ ਦਾ, ਦੁੱਖ ਸਹਿਣ ਤੇ ਬੀਰਤਾ ਦਾ, ਪ੍ਰਣ ਤੇ ਦਾਈਏ ਦਾ ਅਤੇ ਸਿਦਕ ਤੇ ਅਭੈਤਾ ਦਾ ਅਨੋਖਾ ਸੁਮੇਲ ਹੈ।

ਚੜ੍ਹਦੀ ਕਲਾ ਖ਼ਾਲਸਾ ਰੂਪ ਵਿਚ ਮਾਨਵ ਸਮੂਹ, ਮੀਰ ਦੀ ਮੀਰੀ ਨੂੰ ਹੌਲੀ ਹੌਲੀ ਵੰਡਣ ਦੇ ਉਦੇਸ਼ ਨਾਲ ਸੰਗਰਾਮ ਕਰਦੀ ਹੋਈ ਬਾਦਸ਼ਾਹਤ ਦੇ ਤੇਜ ਨੂੰ ਧਾਰਨ ਕਰਦੀ ਹੈ। ਸਿੱਖ ਕੌਮ ਨੂੰ ਫਿਰਕਾ ਕਹਿਣ ਵਾਲੇ ਮਾਨਵਤਾ ਦੀ ਬਾਦਸ਼ਾਹਤ ਦੇ ਧਰੋਹੀ ਤੇ ਅਗਿਆਨੀ ਹਨ, ਕੇਂਦਰੀਕਰਨ ਦੇ ਸੁਆਮੀਆਂ ਦੇ ਹੱਥ ਠੋਕੇ ਤੇ ਪਿੱਠੂ ਹਨ।

ਚੜ੍ਹਦੀ ਕਲਾ ਸਿੰਘਾਂ ਦਾ ਵਿਰਸਾ ਹੈ, ਕੁਰਬਾਨੀ ਦਾ ਅੰਗਿਆਰ ਹੈ, ਸਵੈਮਾਣ ਦੀ ਚਿੰਣਗ ਹੈ। ਖ਼ਾਲਸੇ ਨੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਨਵੇਂ ਸੱਚ ਦੀ ਕਥਨੀ 'ਤੇ ਪਹਿਰਾ ਦਿੱਤਾ। ਖ਼ਾਲਸੇ ਦੀ ਸਵੈ-ਪ੍ਰਗਾਸ ਦੀ ਪੀਰੀ ਖ਼ਾਲਸਾ ਮਾਨਵ ਸਮੂਹ ਨੂੰ ਸ੍ਵੈ-ਪ੍ਰਬੰਧ ਦੀ ਮੀਰੀ ਲਈ ਜਾਗਰੂਪਤਾ ਦੇਂਦੀ ਹੈ। ਸ੍ਵੈ-ਪ੍ਰਬੰਧ ਲਈ ਮਾਨਵਤਾ ਦਾ ਜੁਝਾਰੂ ਘੋਲ ਲੜਨਾ ਖ਼ਾਲਸੇ ਦੇ ਚੜ੍ਹਦੀ ਕਲਾ ਦੇ ਸੰਕਲਪ ਦਾ ਮਾਰਗ ਹੈ :

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾ ਕੁਨੀ॥
ਕਿ ਆਤਸ਼ ਦਮਾਂ ਰ ਬਦਊਰਾਂ ਕੁਨੀ॥੭੯॥

❋ ❋ ❋

– ਡਾਕਟਰ ਜਸਬੀਰ ਸਿੰਘ ਸਰਨਾ
ਸੰਤ ਨਿਵਾਸ, ਆਰ-11, ਸਰਵਨ ਕਾਲੋਨੀ, ਗੋਲ ਗੁਜ਼ਲਾਰ,
ਜੰਮੂ ਤਵੀ-180002. ਫ਼ੋਨ : 09906566604

ਸਿੱਖ ਰਾਜ ਕਿਵੇਂ ਗਿਆ

ਮਈ ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਅਧਰੰਗ ਦਾ ਦੌਰਾ ਪਿਆ। ਮਹਾਰਾਜਾ ਸਾਹਿਬ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਹਜ਼ੂਰੀ ਬਾਗ ਵਿਚ ਦਰਬਾਰ ਕੀਤਾ । ਮਹਾਰਾਜਾ ਨੇ ਵਜ਼ੀਰਾਂ, ਅਹਿਲਕਾਰਾਂ ਤੇ ਦਰਬਾਰੀਆਂ ਨੂੰ ਸੰਬੋਧਨ ਕਰਕੇ ਕਿਹਾ ਕਿ ਮੇਰਾ ਅੰਤਮ ਸਮਾਂ ਨੇੜੇ ਆ ਗਿਆ ਹੈ, ਮੇਰੇ ਤੋਂ ਬਾਦ ਖੜਕ ਸਿੰਘ ਮਹਾਰਾਜਾ ਤੇ ਰਾਜਾ ਧਿਆਨ ਸਿੰਘ ਇਹਨਾਂ ਦੇ ਵਜ਼ੀਰ ਹੋਣਗੇ। ਰਾਜਾ ਧਿਆਨ ਸਿੰਘ ਨੇ ਮਹਾਰਾਜਾ ਸਾਹਿਬ ਦੀ ਇੱਛਿਆ ਅਨੁਸਾਰ ਗੀਤਾ ਉਪਰ ਹੱਥ ਰੱਖ ਕੇ ਖੜਕ ਸਿੰਘ ਦਾ ਵਫਾਦਾਰ ਤੇ ਰਾਜ ਭਗਤ ਰਹਿਣ ਦੀ ਸਹੁੰ ਖਾਧੀ। ਮਹਾਰਾਜਾ ਸਾਹਿਬ ਦੀ ਬੀਮਾਰੀ ਵੱਧਦੀ ਹੀ ਗਈ ਅਤੇ ਅੰਤ 27 ਜੂਨ, 1839 ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਿਆ।

ਮਹਾਰਾਜਾ ਰਣਜੀਤ ਸਿੰਘ ਬੇਸ਼ੱਕ ਦੂਰ-ਅੰਦੇਸ਼ ਰਾਜਿਆਂ ਵਿਚੋਂ ਇੱਕ ਸੀ ਪਰ ਸਰਕਾਰੀ ਪ੍ਰਬੰਧ ਵਿਚ ਧਿਆਨ ਸਿੰਘ ਡੋਗਰਾ ਰਾਜਪੂਤ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਲਗਾਉਣਾ ਅਤੇ ਉਸਦੇ ਭਰਾਵਾਂ ਗੁਲਾਬ ਸਿੰਘ, ਸੁਚੇਤ ਸਿੰਘ ਅਤੇ ਪੂਰਬੀਏ ਗੌੜ ਬ੍ਰਾਹਮਣ ਖੁਸ਼ਹਾਲ ਸਿੰਘ, ਤੇਜਾ ਸਿੰਘ ਨੂੰ ਭਰੋਸੇਯੋਗ ਅਹੁਦਿਆਂ ਤੇ ਨਿਯੁਕਤ ਕਰਨਾ ਰਣਜੀਤ ਸਿੰਘ ਕੋਲ ਸੂਝ-ਸਿਆਣਪ ਦਾ ਪੂਰਾ ਘਾਟਾ ਦਰਸਾਉਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਇਹ ਜਾਣਦਾ ਸੀ ਕਿ ਉਸ ਦੀ ਮੌਤ ਤੋਂ ਬਾਦ ਪੰਜਾਬ ਨੂੰ ਅੰਗਰੇਜ਼ ਆਪਣੇ ਅਧਿਕਾਰ ਵਿਚ ਕਰ ਲੈਣਗੇ । ਇਕ ਵਾਰ ਹਿੰਦੁਸਤਾਨ ਦਾ ਨਕਸ਼ਾ ਦੇਖਕੇ ਜਿਸ ਵਿਚ ਅੰਗਰੇਜ਼ਾਂ ਦੇ ਅਧਿਕਾਰ ਥੱਲੇ ਇਲਾਕੇ ਨੂੰ ਲਾਲ ਰੰਗ ਨਾਲ ਦਿਖਾਇਆ ਹੋਇਆ ਸੀ ਦੇਖ ਕੇ ਕਿਹਾ ਕਿ ਇਕ ਦਿਨ ਸਭ ਲਾਲ ਹੋ ਜਾਏਗਾ ।ਉਹ ਇਹ ਵੀ ਜਾਣਦਾ ਸੀ ਕਿ ਇਕ ਨਾ ਇਕ ਦਿਨ ਅੰਗਰੇਜ਼ਾਂ ਨਾਲ ਜੰਗ ਜ਼ਰੂਰ ਹੋਵੇਗਾ। ਅਗਰ ਮਹਾਰਾਜਾ ਆਪਣੇ ਸਮੇਂ ਵਿਚ ਜਦੋਂ ਕਿ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਅਤੇ ਮੋਹਕਮ ਚੰਦ ਵਰਗੇ ਜਰਨੈਲ ਮੌਜੂਦ ਸਨ, ਅਗਰ ਉਹ ਅੰਗਰੇਜ਼ਾਂ ਨਾਲ ਜੰਗ ਲੜਦਾ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ, 1839 ਨੂੰ ਹੋਈ ਤੇ ਪੰਜਾਬ ਅੰਗਰੇਜ਼ੀ ਰਾਜ ਵਿਚ 23 ਮਾਰਚ, 1849 ਨੂੰ ਸ਼ਾਮਿਲ ਕੀਤਾ ਗਿਆ । ਇਹਨਾਂ 10 ਸਾਲਾਂ ਵਿਚ ਧੋਖੇ ਬਾਜ਼, ਗੱਦਾਰ, ਦੰਗੇਬਾਜ਼ ਜੰਮੂ ਦੇ ਡੋਗਰਿਆਂ ਨੇ ਆਪਣੀਆਂ



ਗਹਿਰੀਆਂ ਚਾਲਾਂ ਜੋ ਪਹਿਲਾਂ ਤੋਂ ਮਿੱਥੀਆਂ ਹੋਈਆਂ ਸਨ, ਪੰਜਾਬ ਅੰਗਰੇਜ਼ਾਂ ਨੂੰ ਵੇਚ ਦਿੱਤਾ ਸੀ। ਮ: ਰਣਜੀਤ ਸਿੰਘ ਦੇ ਜਾਨ-ਨਸ਼ੀਨ ਵੀ ਇਹਨਾਂ ਗੱਦਾਰਾਂ ਦੀਆਂ ਚਾਲਾਂ ਦਾ ਸਾਹਮਣਾ ਕਰਨ ਦੇ ਅਸਮਰਥ ਸਨ ਅਤੇ ਸਿੱਖ ਫੋਜ ਵੀ ਕੋਈ ਕਾਬਿਲ ਲੀਡਰ ਨਾ ਉਭਾਰ ਸਕੀ ਜੋ ਪੰਜਾਬ ਵਿੱਚ ਸਥਿਰ ਰਾਜ ਸਥਾਪਤ ਕਰ ਸਕਦਾ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਉਸ ਦਾ ਨਾ-ਤਜਰਬੇਕਾਰ ਪੁੱਤਰ ਖੜਕ ਸਿੰਘ ਗੱਦੀ 'ਤੇ ਬੈਠਾ ਅਤੇ ਧਿਆਨ ਸਿੰਘ ਪ੍ਰਧਾਨ ਮੰਤਰੀ ਬਣਿਆ । ਧਿਆਨ ਸਿੰਘ ਦੇ ਹੁਕਮ ਤੇ ਖੜਕ ਸਿੰਘ ਦੇ ਖਾਣੇ ਵਿਚ ਜ਼ਹਿਰ ਮਿਲਾ ਕੇ ਦਿੱਤਾ ਜਾਣ ਲੱਗਾ ਜਿਸ ਦੇ ਨਤੀਜੇ ਵਜੋਂ ਉਹ 5 ਨਵੰਬਰ, 1840 ਨੂੰ ਕਾਲਵਾਸ ਹੋ ਗਿਆ। ਉਸੇ ਹੀ ਦਿਨ ਜਦ ਕੰਵਰ ਨੌਨਿਹਾਲ ਸਿੰਘ ਆਪਣੇ ਪਿਤਾ ਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਕੇ ਆ ਰਿਹਾ ਸੀ ਤਾਂ ਪਹਿਲਾਂ ਤੋਂ ਮਿਥੀ ਸਾਜਿਸ਼ ਦੇ ਤਹਿਤ ਕਿਲ੍ਹੇ ਦੀ ਡਿਉਢੀ ਦੇ ਦਰਵਾਜ਼ੇ ਹੇਠੋਂ ਲੰਘਣ ਸਮੇਂ ਦਰਵਾਜ਼ੇ ਦਾ ਛੱਜਾ ਕੰਵਰ ਨੌਨਿਹਾਲ ਸਿੰਘ ਉਪਰ ਗਿਰਾ ਦਿੱਤਾ ਗਿਆ ਜਿਸ ਨਾਲ ਉਹ ਜ਼ਖਮੀ ਹੋ ਗਿਆ ਅਤੇ ਪਹਿਲਾਂ ਤੋਂ ਤਿਆਰ ਕੀਤੀ ਪਾਲਕੀ ਵਿਚ ਪਾ ਕੇ ਕੰਵਰ ਜੀ ਨੂੰ ਕਿਲ੍ਹੇ ਅੰਦਰ ਲੈ ਜਾ ਕੇ ਸਿਰ 'ਤੇ ਪੱਥਰ ਮਾਰ ਕੇ ਮਾਰ ਦਿੱਤਾ ਗਿਆ।

(2)

ਕੰਵਰ ਨੌਨਿਹਾਲ ਸਿੰਘ ਦੀ ਬੇਵਕਤੀ ਮੌਤ ਤੋਂ ਬਾਦ ਉਸ ਦੀ ਮਾਤਾ ਮਹਾਰਾਣੀ ਚਾਂਦ ਕੌਰ ਨੇ ਰਾਜ ਦੀ ਵਾਗਡੋਰ ਸੰਭਾਲੀ। 9 ਜੂਨ, 1842 ਨੂੰ ਚਾਂਦ ਕੌਰ ਨੂੰ ਧਿਆਨ ਸਿੰਘ ਨੇ ਉਸ ਦੀਆਂ ਨੌਕਰਾਣੀਆਂ ਕੋਲੋਂ ਮਰਵਾ ਦਿੱਤਾ ਤੇ ਉਸ ਤੋਂ ਬਾਦ ਸ਼ੇਰ ਸਿੰਘ ਨੂੰ ਮਹਾਰਾਜਾ ਬਣਾਇਆ ਗਿਆ । ਅਜੀਤ ਸਿੰਘ ਸੰਧਾਵਾਲੀਆ ਨੇ 15 ਸਤੰਬਰ, 1843 ਨੂੰ ਫੌਜ ਦੇ ਮੁਆਇਨੇ ਸਮੇਂ ਮਹਾਰਾਜਾ ਸ਼ੇਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ । ਲਹਿਣਾ ਸਿੰਘ ਨੇ ਉਸਦੇ 12 ਸਾਲ ਦੇ ਪੁੱਤਰ ਪਰਤਾਪ ਸਿੰਘ ਦਾ ਸਿਰ ਵੱਡ ਦਿੱਤਾ । ਉਸੇ ਹੀ ਦਿਨ ਅਜੀਤ ਸਿੰਘ ਨੇ ਧਿਆਨ ਸਿੰਘ ਨੂੰ ਵੀ ਕਿਲ੍ਹੇ ਵਿਚ ਜਾ ਕੇ ਗੋਲੀ ਮਾਰ ਕੇ ਮਾਰ ਦਿੱਤਾ।

ਪੰਜ ਸਾਲ ਉਮਰ ਦੇ ਦਲੀਪ ਸਿੰਘ ਨੂੰ 15 ਸਤੰਬਰ, 1843 ਨੂੰ ਰਾਜ ਤਿਲਕ ਦੇ ਕੇ ਮਹਾਰਾਜਾ ਐਲਾਨਿਆ ਗਿਆ। ਰਾਜਾ ਹੀਰਾ ਸਿੰਘ ਪ੍ਰਧਾਨ ਮੰਤਰੀ ਤੇ ਰਾਣੀ ਜਿੰਦਾਂ ਰੀਜਟ ਨਿਯੁਕਤ ਕੀਤੇ ਗਏ । ਹੀਰਾ ਸਿੰਘ ਦਾ ਟਿਊਟਰ ਪੰਡਤ ਜਲਾ ਰਾਜ-ਸ਼ਕਤੀ ਦਾ ਕੇਂਦਰ ਹੋ ਉਭਰਿਆ । ਉਹ ਆਪਣੇ ਵਿੱਤੋਂ ਬਹੁਤ ਵੱਧ ਗਿਆ ਤੇ ਰਾਣੀ ਜਿੰਦਾਂ ਦੇ ਚਾਲ-ਚਲਣ ਉਤੇ ਹਮਲਾ ਕੀਤਾ। ਰਾਣੀ ਜਿੰਦਾਂ ਨੇ ਫੌਜ ਦੇ ਪੰਚਾਂ ਕੋਲ ਫਰਿਆਦ ਕੀਤੀ। ਇਹ ਸੁਣ ਕੇ ਫੌਜ ਵਿਚ ਗੁੱਸੇ ਦੀ ਲਹਿਰ ਦੌੜ ਗਈ, ਜਦ ਹੀਰਾ ਸਿੰਘ ਨੂੰ ਇਸ ਦਾ ਪਤਾ ਲੱਗਿਆ ਤਾਂ ਉਹ ਰਾਤੋ-ਰਾਤ ਜੰਮੂ ਵੱਲ ਉਠ ਨੱਠਾ । ਫੌਜ ਨੇ ਉਹਨਾਂ ਦਾ ਪਿੱਛਾ ਕੀਤਾ ਤੇ ਸੱਤ ਕੁ ਮੀਲ ਦੀ ਵਿੱਥ ਤੇ ਹੀਰਾ ਸਿੰਘ ਨੂੰ ਜਾ ਘੇਰਿਆ । ਲਹੂ ਡੋਲਵੀਂ ਲੜਾਈ ਵਿਚ ਉਹ ਆਪਣੇ ਸਾਥੀਆਂ ਸਮੇਤ ਮਾਰਿਆ ਗਿਆ।

ਹੀਰਾ ਸਿੰਘ ਦੀ ਮੌਤ ਤੋਂ ਬਾਦ ਰਾਣੀ ਜਿੰਦਾਂ ਦਾ ਭਰਾ ਜਵਾਹਰ ਸਿੰਘ ਵਜ਼ੀਰ ਬਣਿਆ । ਕੰਵਰ ਪਸ਼ੌਰਾ ਸਿੰਘ ਸਿਆਲਕੋਟ ਵਿਚ ਆਕੀ ਹੋ ਗਿਆ, ਜਿਸ ਨੂੰ ਦਬਉਣ ਵਾਸਤੇ ਜਵਾਹਰ ਸਿੰਘ ਨੇ ਫੌਜ ਭੇਜੀ ਤੇ ਉਸ ਨੂੰ ਕਤਲ ਕਰਵਾ ਦਿੱਤਾ। ਇਹ ਸੁਣ ਕੇ ਫੋਜ ਜਵਾਹਰ ਸਿੰਘ ਦੇ ਵਿਰੁੱਧ ਹੋ ਗਈ। ਉਸ ਨੂੰ ਫੌਜ ਸਾਹਮਣੇ ਹਾਜ਼ਰ ਹੋਣ ਲਈ ਕਿਹਾ ਗਿਆ । ਫੌਜ ਵਿਚ ਪਹੁੰਚਦਿਆਂ ਹੀ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਜਵਾਹਰ ਸਿੰਘ ਦੀ ਇਸ ਤਰ੍ਹਾਂ ਦੀ ਮੌਤ ਤੋਂ ਬਾਦ ਸਰਦਾਰਾਂ ਵਿਚ ਐਨਾ ਡਰ ਬੈਠ ਗਿਆ ਕਿ ਕੋਈ ਵੀ ਵਜ਼ੀਰ ਬਨਣ ਲਈ ਤਿਆਰ ਨਹੀਂ ਸੀ। ਆਖਰ ਲਾਲ ਸਿੰਘ ਮਿਸਰ ਵਜ਼ੀਰ ਤੇ ਤੇਜਾ ਸਿੰਘ ਸੈਨਾਪਤੀ ਬਣਾਏ ਗਏ । ਇਹ ਦੋਵੇਂ ਨਮਕ ਹਰਾਮ ਗੁਲਾਬ ਸਿੰਘ ਨਾਲ ਰਲ ਕੇ ਆਪਣੇ ਸੁਆਰਥ ਲਈ ਪੰਜਾਬ ਨੂੰ ਅੰਗਰੇਜ਼ਾਂ ਪਾਸ ਵੇਚਣ ਦੀਆਂ ਗੋਂਦਾਂ-ਗੁੰਦ ਰਹੇ ਸਨ।

ਸਿੱਖ ਫੌਜ ਹੁਣ ਤੱਕ ਕਾਫੀ ਜ਼ੋਰ ਪਕੜ ਗਈ ਸੀ ਤੇ ਆਪਣੇ ਆਪ ਨੂੰ ਸਰਬੱਤ ਖਾਲਸਾ ਕਹਾਉਣਾ ਸ਼ੁਰੂ ਕਰ ਦਿੱਤਾ ਸੀ। ਫੌਜ ਦੀ ਅਗਵਾਈ ਚੁਣੇ ਹੋਏ ਪੰਚ ਕਰਦੇ ਸਨ। ਕੁਝ ਖੁਦਗਰਜ਼ ਸਰਦਾਰ ਜੋ ਅੰਗਰੇਜ਼ਾਂ ਨਾਲ ਮਿਲ ਕੇ ਖਾਲਸਾ ਫੌਜ ਨੂੰ ਤਬਾਹ ਕਰਵਾ ਕੇ ਆਪ ਪੰਜਾਬ ਤੇ ਰਾਜ ਕਰਨਾ ਚਾਹੁੰਦੇ ਸਨ, ਉਹਨਾਂ ਨੇ ਨਵੰਬਰ 1845 ਦੇ ਆਰੰਭ ਵਿਚ ਸਿੱਖ ਸਰਦਾਰਾਂ ਤੇ ਫੌਜੀ ਪੰਚਾਂ ਦਾ ਇਕੱਠ ਕੀਤਾ । ਜਿਸ ਵਿੱਚ ਸਰਬਸੰਮਤੀ ਅੰਗਰੇਜ਼ਾਂ ਨਾਲ ਜੰਗ ਦੇ ਹੱਕ ਵਿਚ ਸੀ । ਇਸ ਤਰ੍ਹਾਂ ਅੰਗਰੇਜ਼ਾਂ ਨਾਲ ਜੰਗ ਦਾ ਮੁੱਢ ਬੱਝਾ।

(3)

ਅੰਗਰੇਜ਼ਾਂ ਨਾਲ ਸਿੱਖਾਂ ਦੀ ਪਹਿਲੀ ਜੰਗ (1845-46)

ਮੁੱਦਕੀ ਦੀ ਲੜਾਈ :

18 ਦਸੰਬਰ, 1845 ਨੂੰ ਅੰਗਰੇਜ਼ੀ ਫੌਜ ਮੁੱਦਕੀ ਦੇ

ਅਸਥਾਨ ਤੇ ਪਹੁੰਚ ਗਈ। ਅਜੇ ਉਹਨਾਂ ਨੇ ਉਥੇ ਆ ਕੇ ਪੈਰ ਹੀ ਧਰਿਆ ਸੀ ਕਿ ਸਿੱਖ ਫੌਜ ਦੇ ਦਸਤੇ ਨੇ ਉਹਨਾਂ ਉਤੇ ਹੱਲਾ ਬੋਲ ਦਿੱਤਾ। ਅੰਗਰੇਜ਼ੀ ਫੌਜਾਂ ਨੇ ਆਪਣੀ ਪੂਰੀ ਤਾਕਤ ਨਾਲ ਸਿੱਖ ਫੌਜ ਦੇ ਹਮਲੇ ਦਾ ਮੁਕਾਬਲਾ ਕਰਕੇ ਸਿੱਖਾਂ ਦੀਆਂ ਕਈ ਚੌਂਕੀਆਂ ਤੇ ਕਬਜ਼ਾ ਕਰ ਲਿਆ । ਲਾਲ ਸਿੰਘ ਦੀ ਕਮਾਨ ਹੇਠ ਮੋੜਵਾਂ ਹਮਲਾ ਕਰਕੇ ਸਿੱਖ ਫੌਜ ਨੇ ਆਪਣੀਆਂ ਚੌਕੀਆਂ ਵਾਪਸ ਹੀ ਨਹੀਂ ਲਈਆਂ ਬਲਕਿ ਅੰਗਰੇਜ਼ੀ ਫੌਜ ਨੂੰ ਕਰੜੇ ਹੱਥ ਵਿਖਾਏ । ਜਿਸ ਨਾਲ ਅੰਗਰੇਜ਼ੀ ਫੌਜ ਵਿਚ ਹਫੜਾ-ਦਫੜੀ ਮਚ ਗਈ । ਇਸੇ ਹੀ ਸਮੇਂ ਸੈਨਾਪਤੀ ਮੈਦਾਨ ਵਿਚੋਂ ਨੱਸ ਗਿਆ ਤੇ ਬਾਕੀ ਫੌਜ ਨੂੰ ਵੀ ਨੱਸ ਆਉਣ ਦਾ ਹੁਕਮ ਦੇ ਆਇਆ। ਰਾਤ ਦੇ ਹਨ੍ਹੇਰੇ ਵਿਚ ਬਾਕੀ ਦੀ ਸਿੱਖ ਫੌਜ ਵੀ ਤਿੱਤਰ -ਬਿੱਤਰ ਹੋ ਗਈ । ਇਸ ਤਰ੍ਹਾਂ ਜਿੱਤ ਹਾਰ ਵਿਚ ਬਦਲ ਗਈ।

21 ਦਸੰਬਰ ਨੂੰ ਫੇਰੂ ਸ਼ਹਿਰ, 21 ਜਨਵਰੀ ਨੂੰ ਬਦੋਵਾਲ ਅਤੇ 28 ਜਨਵਰੀ ਨੂੰ ਆਲੀਵਾਲ ਦੀਆਂ ਲੜਾਈਆਂ ਲੜੀਆਂ ਗਈਆਂ । 10 ਫਰਵਰੀ, 1846 ਨੂੰ ਸਭਰਾਉ ਦੀ ਖੌਫਨਾਕ ਜੰਗ ਲੜੀ ਗਈ । ਸੂਰਜ ਚੜ੍ਹਦੇ-ਸਾਰ ਅੰਗਰੇਜ਼ੀ ਤੋਪਖਾਨੇ ਦੇ ਧਮਾਕਿਆਂ ਨੇ ਕਿਆਮਤ ਮਚਾ ਦਿੱਤੀ ਪਰ ਸਿੱਖ ਫੌਜ ਮੈਦਾਨ ਵਿਚ ਡਟੀ ਰਹੀ । ਇਸ ਸਮੇਂ ਗ਼ੱਦਾਰ ਸੈਨਾਪਤੀ ਤੇਜਾ ਸਿੰਘ ਆਪਣੀ ਨਿਜੀ ਫੌਜ ਲੈ ਕੇ ਮੈਦਾਨ ਵਿਚੋਂ ਨੱਸ ਗਿਆ ਅਤੇ ਜਾਂਦਾ ਹੋਇਆ ਸਤੁਲਜ ਦਰਿਆ ਤੇ ਬੇੜੀਆਂ ਦੇ ਪੁਲ ਦੀ ਇਕ ਬੇੜੀ ਵੀ ਡੋਬ ਗਿਆ। ਇਸ ਨਾਲ ਸਿੱਖਾਂ ਨੂੰ ਬਾਹਰੋਂ ਮਦਦ ਮਿਲਣੀ ਬੰਦ ਹੋ ਗਈ।

ਜਦੋਂ ਇਸ ਦਾ ਪਤਾ ਸ਼ਾਮ ਸਿੰਘ ਅਟਾਰੀਵਾਲੇ ਨੂੰ ਲੱਗਾ ਤਾਂ ਉਸ ਨੇ ਹੱਥ ਵਿਚ ਭਗੌਤੀ ਪਕੜ ਕੇ ਸਿੱਖਾਂ ਨੂੰ ਲਲਕਾਰਿਆ ਤੇ ਮਰ ਮਿਣਣ ਲਈ ਅੰਗਰੇਜ਼ੀ ਫੌਜ ਨੂੰ ਚੀਰ ਕੇ ਅੱਗੇ ਵਧਣ ਲਈ ਹੱਲਾ ਬੋਲਿਆ । ਇਸ ਬਾਰੇ ਸ਼ਾਹ ਮੁਹੰਮਦ ਨੇ ਸਿੱਖਾਂ ਦੀ ਸੂਰਬੀਰਤਾ ਦੇ ਸੋਹਿਲੇ ਗਾਏ ਹਨ :

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ
ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।

ਮੈਦਾਨੇ-ਜੰਗ ਵਿਚ ਲੜਦਿਆਂ ਸ: ਸ਼ਾਮ ਸਿੰਘ ਅਟਾਰੀਵਾਲੇ ਨੂੰ ਸੱਤ ਗੋਲੀਆਂ ਲੱਗੀਆਂ ਤੇ ਉਹ ਲਹੂ ਨਾਲ ਲਥ-ਪਥ ਘੋੜੀ ਤੋਂ ਥੱਲੇ ਡਿੱਗ ਪਿਆ ਅਤੇ ਸ਼ਹੀਦ ਹੋ ਗਿਆ, ਇਸ ਨਾਲ ਸਿੱਖ ਫੌਜ ਦਾ ਹੌਂਸਲਾ ਟੁੱਟ ਗਿਆ ਤੇ ਸਿੱਖ ਫੌਜ ਦੀ ਬੁਰੀ ਤਰ੍ਹਾਂ ਹਾਰ ਹੋਈ ਤੇ ਬਹੁਤ ਸਾਰੇ ਫੌਜੀ ਕਤਲ ਕਰ ਦਿੱਤੇ ਗਏ। ਇਸ ਲੜਾਈ ਬਾਰੇ ਅੰਗਰੇਜ਼ ਜਰਨੈਲ ਹਿਊਗ ਗਫ ਲਿਖਦਾ ਹੈ ''ਨੀਤੀ ਮੈਨੂੰ ਜਨਤਕ ਤੌਰ ਤੇ ਹਾਰੇ ਹੋਏ ਦੁਸ਼ਮਣ (ਸਿੱਖਾਂ) ਦੀ ਸ਼ਾਨਦਾਰ ਬਹਾਦਰੀ ਬਾਰੇ ਆਪਣੇ ਜਜ਼ਬਾਤ ਪ੍ਰਗਟ



ਕਰਨ ਤੋਂ ਰੋਕਦੀ ਹੈ,ਪਰ ਜਿਹੜੀ ਵਿਅਕਤੀਗਤ ਤੌਰ ਤੇ ਸਿੱਖ ਸਰਦਾਰਾਂ ਅਤੇ ਸਮੁੱਚੀ ਸਿੱਖ ਫੌਜ ਨੇ ਦਿਖਾਈ । ਜੇਕਰ ਮੇਰੇ ਦੇਸ਼ ਦੇ ਹਿੱਤਾਂ ਲਈ ਉਹਨਾਂ ਦਾ ਖਾਤਮਾ ਕਰਨਾ ਜ਼ਰੂਰੀ ਨਾ ਹੁੰਦਾ ਤਾਂ ਜਿਸ ਖੌਫਨਾਕ ਢੰਗ ਨਾਲ ਸ਼ਰਧਾਵਾਨ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਅਗਰ ਮੇਰੇ ਦੇਸ਼ ਵਾਸੀਆਂ ਨਾਲ ਇਹ ਹੁੰਦਾ ਤਾਂ ਉਸ ਨੂੰ ਦੇਖ ਕੇ ਮੈਂ ਭੁੱਬਾਂ ਮਾਰ ਕੇ ਰੋਂਦਾ ।''

(4)

ਸੁਲ੍ਹਾਨਾਮਾ :

ਸਭਰਾਉ ਦੀ ਹਾਰ ਤੋਂ ਬਾਦ 9 ਮਾਰਚ, 1846 ਨੂੰ ਅਹਿਦਨਾਮਾ ਹੋਇਆ, ਜਿਸ ਨਾਲ ਜਲੰਧਰ ਦੋਆਬ ਅੰਗਰੇਜ਼ਾਂ ਨੂੰ ਦਿੱਤਾ ਗਿਆ, ਸਿੱਖ ਫੌਜ ਦੀ ਗਿਣਤੀ ਘਟਾ ਦਿੱਤੀ ਗਈ। ਦਲੀਪ ਸਿੰਘ ਪੰਜਾਬ ਦਾ ਰਾਜਾ ਤੇ ਲਾਲ ਸਿੰਘ ਵਜ਼ੀਰ ਬਣਾਏ ਗਏ । 1.5 (ਡੇਢ ਕਰੋੜ) ਰੁਪਏ ਦਾ ਹਰਜ਼ਾਨਾ ਪਾਇਆ ਗਿਆ । ਗੁਲਾਬ ਸਿੰਘ ਨੂੰ ਅੰਗਰੇਜ਼ਾਂ ਦੀ ਮਦਦ ਤੇ ਸਿੱਖਾਂ ਨਾਲ ਦਗਾ ਕਰਨ ਵਾਸਤੇ 57 ਲੱਖ ਰੁਪਏ ਵਿਚ ਜੰਮੂ ਤੇ ਕਸ਼ਮੀਰ ਵੇਚ ਦਿੱਤਾ ਗਿਆ ।

ਅੰਗਰੇਜ਼ਾਂ ਨਾਲ ਦੂਜੀ ਜੰਗ :

9 ਅਗਸਤ, 1847 ਨੂੰ ਮਹਾਰਾਣੀ ਜਿੰਦਾਂ ਨੂੰ ਜਲਾਵਤਨ ਕਰਕੇ ਬਨਾਰਸ ਭੇਜ ਦਿੱਤਾ ਗਿਆ, ਜਿਸ ਨਾਲ ਸਿੱਖ ਸਰਦਾਰਾਂ ਤੇ ਸਿੱਖ ਫੌਜ ਵਿਚ ਗੁੱਸੇ ਦੀ ਲਹਿਰ ਦੌੜ ਗਈ। ਸਿੱਖ ਫੌਜ ਦੀ ਗਿਣਤੀ ਘਟਣ ਕਰਕੇ ਬਹੁਤ ਸਾਰੇ ਸਿੱਖ ਸਿਪਾਹੀ ਬੇ ਕਾਰ ਹੋ ਗਏ, ਉਨ੍ਹਾਂ ਦੇ ਦਿਲ ਵਿਚ ਵੀ ਬੜਾ ਗੁੱਸਾ ਸੀ ਕਿ ਉਹ ਆਪਣੇ ਲੀਡਰਾਂ ਦੀ ਗੱਦਾਰੀ ਕਰਕੇ ਹਾਰੇ ਹਨ। ਅਗਰ ਦੁਬਾਰਾ ਮੌਕਾ ਮਿਲੇ ਤਾਂ ਉਹ ਅੰਗਰੇਜ਼ਾਂ ਨੂੰ ਆਪਣੇ ਕਰੜੇ ਹੱਥ ਦਿਖਾਉਣ।

ਮੁਲਤਾਨ ਦੇ ਗਵਰਨਰ ਦੀਵਾਨ ਸਾਵਣ ਮੱਲ ਦੀ ਮੌਤ ਹੋ ਗਈ ਤੇ ਜਦੋਂ ਉਸ ਦੇ ਪੁੱਤਰ ਮੂਲ ਰਾਜ ਨੇ ਗੱਦੀ ਸੰਭਾਲੀ ਤਾਂ ਅੰਗਰੇਜ਼ਾਂ ਨੇ ਉਸ ਪਾਸੋਂ 30 ਲੱਖ ਰੁਪਏ ਬਤੌਰ ਫੀਸ ਮੰਗੀ ਜੋ ਉਸ ਨੇ ਦੇਣ ਤੋਂ ਨਾਂਹ ਕਰ ਦਿੱਤੀ । ਉਸ ਦੀ ਥਾਂ ਜਨਰਲ ਕਾਹਨ ਸਿੰਘ ਨੂੰ ਮੁਲਤਾਨ ਦਾ ਗਵਰਨਰ ਬਣਾ ਦਿੱਤਾ ਗਿਆ। ਮੂਲ ਰਾਜ ਫੌਜੀਆਂ ਦਾ ਹਰਮਨ ਪਿਆਰਾ ਸੀ। ਉਸ ਨਾਲ ਬੇ ਇੱਜ਼ਤ ਕਰਨ ਵਾਲੇ ਵਰਤਾਰੇ ਨਾਲ ਫੌਜੀਆਂ ਵਿਚ ਵੀ ਗੁੱਸਾ ਸੀ । ਚਾਰਜ ਦੀ ਅਦਲਾ-ਬਦਲੀ ਵਿਚ ਸਿੱਖ ਸਿਪਾਹੀਆਂ ਪਾਸੋਂ ਦੋ ਅੰਗਰੇਜ਼ ਅਫਸਰ ਵਾਨਸ ਐਗਨੀਊ ਤੇ ਲੈਫਟੀਨੈਂਟ ਐਂਡਰਸਨ ਮਾਰੇ ਗਏ।

ਮੁਲਤਾਨ ਵਿਚ ਲੱਗੀ ਅੱਗ ਸਾਰੇ ਪੰਜਾਬ ਵਿਚ ਫੈਲ ਗਈ ਤੇ ਇਸ ਤਰ੍ਹਾਂ ਦੂਜੀ ਜੰਗ ਸ਼ੁਰੂ ਹੋ ਗਈ । 13 ਜਨਵਰੀ, 1849 ਨੂੰ ਚਲੀਆਂ ਵਾਲੀ ਦੀ ਲੜਾਈ 'ਚ 33 ਅੰਗਰੇਜ਼ ਅਫਸਰ, 53 ਸਾਰਜੰਟ, 500 ਸੌ ਤੋਂ ਵੱਧ ਸਿਪਾਹੀ ਮਾਰੇ ਗਏ । ਇਸ ਕੜੀ ਦੀ ਆਖਰੀ ਲੜਾਈ 21 ਫਰਵਰੀ, 1849 ਨੂੰ ਗੁਜਰਾਤ ਦੇ ਸਥਾਨ ਤੇ ਲੜੀ ਗਈ। ਇਹ ਜੰਗ ਸਵੇਰੇ 7-30 ਵਜੇ ਸ਼ੁਰੂ ਹੋਈ ਅਤੇ 1-00 ਵਜੇ ਖਤਮ ਹੋ ਗਈ । ਅੰਗਰੇਜ਼ੀ ਫੌਜ ਨੇ ਆਪਣੀ ਪੂਰੀ ਤਾਕਤ ਇਸ ਲੜਾਈ ਵਿਚ ਲਾਈ ਤੇ ਸਿੱਖ ਫੌਜ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ।

12 ਮਾਰਚ, 1849 ਨੂੰ ਸ਼ੇਰ ਸਿੰਘ ਤੇ 35 ਸਰਦਾਰਾਂ ਨੇ ਅੰਗਰੇਜ਼ ਅਫਸਰ ਗਿਲਬਰਟ ਦੇ ਸਾਹਮਣੇ ਹਥਿਆਰ ਰੱਖ ਦਿੱਤੇ। ਇਸੇ ਤਰ੍ਹਾਂ ਇਕ-ਇਕ ਸਿਪਾਹੀ ਆਉਂਦਾ ਗਿਆ ਤੇ ਗਿਲਬਰਟ ਦੇ ਅੱਗੇ ਹਥਿਆਰ ਰੱਖ ਦੇਂਦਾ, ਇਉਂ ਜਾਪਦਾ ਸੀ ਜਿਵੇਂ ਉਨ੍ਹਾਂ ਕੋਲੋਂ ਪ੍ਰਾਣਾਂ ਨਾਲੋਂ ਵੱਧ ਪਿਆਰੀ ਕੋਈ ਚੀਜ਼ ਖੋਹੀ ਜਾ ਰਹੀ ਸੀ। ਕਈ ਸਿਪਾਹੀ ਤਾਂ ਉਚੀ-ਉਚੀ ਧਾਹਾਂ ਮਾਰਦੇ ਤੇ ਆਖਦੇ ਕਿ ''ਸਾਡਾ ਕੰਮ ਖਤਮ ਹੋ ਗਿਆ, ਅੱਜ ਮਹਾਰਾਜਾ ਰਣਜੀਤ ਸਿੰਘ ਮਰ ਗਿਆ ।

(5)

ਸ਼ਾਹ ਮੁਹੰਮਦ ਨੇ ਵੀ ਹੌਕਾ ਭਰਦੇ ਹੋਏ ਆਹ ਭਰੀ ਤੇ ਲਿਖਿਆ :

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

29 ਮਾਰਚ, 1849 ਨੂੰ ਲਾਹੌਰ ਵਿਚ ਇੱਕ ਦਰਬਾਰ ਹੋਇਆ ਤੇ ਮਹਾਰਾਜਾ ਦਲੀਪ ਸਿੰਘ ਅੰਤਮ ਵਾਰ ਆਪਣੇ ਪਿਤਾ ਦੇ ਸਿੰਘਾਸਨ ਤੇ ਬੈਠਾ। ਗਵਰਨਰ ਜਰਨਲ ਦਾ ਐਲਾਨ ਪੜਿਆ ਗਿਆ ਜਿਸ ਨਾਲ ਸਿੱਖ ਰਾਜ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋ ਗਿਆ । ਇਸ ਤਰ੍ਹਾਂ ਮ: ਰਣਜੀਤ ਸਿੰਘ ਦੀ ਕੜੀ ਮਿਹਨਤ ਨਾਲ ਸਥਾਪਿਤ ਕੀਤੇ ਸਿੱਖ ਰਾਜ ਦਾ ਅੰਤ ਹੋ ਗਿਆ।

❋❋❋

– ਹਰਬੰਸ ਸਿੰਘ ਘੀਕ (ਐਮ. ਏ., ਬੀ. ਐਲ.)
ਮਕਾਨ ਨੰਬਰ 97, ਸੈਕਟਰ-71,
ਐਸ. ਏ. ਐਸ. ਨਗਰ, (ਮੁਹਾਲੀ)
ਮੋਬਾਇਲ : 09815759771



ਅਧਿਆਇ ੭

ਬੰਦਾ ਸਿੰਘ ਦੀ ਨਾਂਦੇੜ ਤੋਂ ਪੰਜਾਬ ਲਈ ਰਵਾਨਗੀ

ਅਤੇ ਮਾਲਵੇ ਦੇ ਖੇਤਰ ਵਿਚ ਆ ਕੇ ਆਰੰਭੀਆਂ ਮੁਹਿੰਮਾਂ

ਬੰਦਾ ਸਿੰਘ ਨੇ ਨਾਂਦੇੜ ਸ਼ਹਿਰ ਵਿਚ ਆਪਣੀ ਉਮਰ ਦੇ 16 ਸਾਲ ਗੁਜ਼ਾਰੇ ਸਨ ਪਰ ਹੁਣ ਉਸ ਨੇ ਨਾਂਦੇੜ ਸ਼ਹਿਰ, ਗੋਦਾਵਰੀ ਨਦੀ ਅਤੇ ਆਪਣੇ ਡੇਰੇ ਨੂੰ ਅਲਵਿਦਾ ਕਹਿ ਦਿੱਤੀ ਸੀ। ਉਸ ਨੂੰ ਪਤਾ ਨਹੀਂ ਸੀ ਪਰ ਅਸੀਂ ਹੁਣ ਜਾਣਦੇ ਹਾਂ ਕਿ ਉਸ ਨੇ ਫ਼ਿਰ ਨਾਂਦੇੜ ਵਾਪਸ ਨਹੀਂ ਆਉਣਾ ਸੀ। ਇਸ ਤੋਂ ਬਾਅਦ ਬੰਦਾ ਸਿੰਘ ਫ਼ਿਰ ਨਾਂਦੇੜ ਵਾਪਸ ਨਹੀਂ ਗਿਆ। ਦੱਖਣ ਤੋਂ ਹਿੰਦੁਸਤਾਨ ਦੇ ਉਤਰ ਵੱਲ ਦਾ ਸਫ਼ਰ ਕੋਈ ਡੇਢ ਹਜ਼ਾਰ ਕਿਲੋਮੀਟਰ ਦਾ ਸੀ, ਤਰ੍ਹਾਂ ਤਰ੍ਹਾਂ ਦੇ ਬੀਹੜ ਇਲਾਕਿਆਂ ਵਿਚੋਂ ਹੋ ਕੇ ਲੰਘਦਾ ਸੀ ਅਤੇ ਹਰ ਪੱਖੋਂ ਮੁਸ਼ਕਿਲ ਅਤੇ ਔਖਾ ਸੀ। ਸੰਨ 1709 ਦੇ ਮਗਰਲੇ ਅੱਧ ਵਿਚ, ਬਾਦਸ਼ਾਹ ਬਹਾਦੁਰ ਸ਼ਾਹ ਹਾਲੀ ਦੱਖਣ ਦੇ ਮਾਮਲਿਆਂ ਨੂੰ ਨਜਿੱਠਣ ਲਈ ਦੱਖਣ ਵਿਚ ਹੀ ਮੁਕੀਮ ਸੀ ਜਦੋਂ ਨਾਂਦੇੜ ਤੋਂ ਚੱਲਣ ਤੋਂ ਲੱਗਭੱਗ ਇਕ ਸਾਲ ਦੇ ਮੁਸ਼ਕਿਲ ਸਫ਼ਰ ਤੋਂ ਬਾਅਦ ਬੰਦਾ ਸਿੰਘ ਅਗਸਤ 1709 ਵਿਚ ਆਪਣੇ ਦਲ ਨਾਲ ਮਾਲਵੇ ਦੇ ਖੇਤਰ ਵਿਚ, ਦਰਿਆ ਸਤਲੁਜ ਤੇ ਸਰਹੰਦ ਸ਼ਹਿਰ ਦੇ ਵਿਚਲੇ ਇਲਾਕੇ ਵਿਚ, ਆ ਪ੍ਰਗਟ

ਕਮੋਡੋਰ ਗੁਰਨਾਮ ਸਿੰਘ ਦੀ ਲਿਖੀ **'ਜਾ ਤੇਰਾ ਬੰਦਾ-ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ'** ਪੁਸਤਕ ਦੀ ਲੜੀ ਦੀ ਅਗਲੀ ਕਿਸ਼ਤ ਪੜ੍ਹੋ। ਇਹ ਲੜੀ ਸੀਸਗੰਜ ਪੱਤ੍ਰਿਕਾ ਦੇ ਸਤੰਬਰ 2022 ਦੇ ਅੰਕ ਤੋਂ ਆਰੰਭ ਹੋਈ ਸੀ। ਲੜੀ ਜੋੜਣ ਲਈ ਪਿਛਲੇ ਬਿਰਤਾਂਤ ਵਾਸਤੇ ਸੀਸ ਗੰਜ ਪੱਤ੍ਰਿਕਾ ਦਾ ਪਿਛਲੇ ਮਹੀਨੇ ਦਾ ਅੰਕ ਵੇਖੋ – ਸੰਪਾਦਕ

ਹੋਇਆ। ਉਸ ਵੇਲੇ ਦਰਿਆ ਜਮਨਾ ਅਤੇ ਦਰਿਆ ਸਤਲੁਜ ਦੇ ਵਿਚ ਦਾ ਇਲਾਕਾ ਇਸ ਦੁਆਬ ਦੇ ਸਰਹੰਦ ਸ਼ਹਿਰ ਦੇ ਮੁਗਲਾਂ ਦੇ ਤਾਕਤਵਰ ਸੂਬੇਦਾਰ ਅਤੇ ਫ਼ੌਜਦਾਰ 74 ਸਾਲਾਂ ਦੀ ਉਮਰ ਦੇ ਵਜ਼ੀਰ ਖਾਂ ਦੀ ਅਮਲਦਾਰੀ ਵਿਚ ਸੀ। ਇਹ ਵਜ਼ੀਰ ਖਾਂ ਬੰਦਾ ਸਿੰਘ ਦੇ ਨਿਸ਼ਾਨੇ ਸੀ।

ਬੰਦਾ ਸਿੰਘ ਨੇ ਸਿੱਖ ਕਿਰਸਾਨਾਂ ਅਤੇ ਕਾਸ਼ਤਕਾਰਾਂ ਵਿਚ ਵਿਚਰ ਕੇ ਉਹਨਾਂ ਨੂੰ ਆਪਣੀ ਹਥਿਆਰਬੰਦ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਉਦਮ ਰੰਗ ਲਿਆਏ ਅਤੇ ਉਸ ਦੀ ਫ਼ੌਜ ਵਿਚ ਭਰਤੀ ਹੋਣ ਲਈ ਲੋਗ ਆਉਣੇ ਸ਼ੁਰੂ ਹੋ ਗਏ। ਇਸ ਦਿਨੋਂ ਦਿਨ ਵੱਡੀ ਹੁੰਦੀ ਜਾ ਰਹੀ ਫ਼ੌਜ ਲਈ ਹਥਿਆਰ ਅਤੇ ਹੋਰ ਜੰਗੀ ਸਮਾਨ ਚਾਹੀਦਾ ਸੀ ਅਤੇ ਇਸ ਲਈ ਹੁਣ ਧਨ ਚਾਹੀਦਾ ਸੀ। ਇਸ ਲਈ ਉਸ ਨੇ ਸੋਨੀਪਤ ਅਤੇ ਕੈਥਲ ਵਿਚ ਮੁਗਲ ਸਲਤਨਤ ਦੀਆਂ ਟਕਸਾਲਾਂ ਅਤੇ ਖਜ਼ਾਨਿਆਂ ਤੇ ਹਮਲੇ ਕਰ ਕੇ ਉਹਨਾਂ ਨੂੰ ਲੁੱਟ ਕੇ ਲੋੜੀਂਦਾ ਧਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਇਹ ਖੇਤਰ ਅਜਕਲ ਦੇ ਹਰਿਆਣੇ ਰਾਜ ਵਿਚ ਹੈ। ਓਦੋਂ ਇਹ ਸਾਰਾ ਇਲਾਕਾ ਸਰਹੰਦ ਦੇ ਮੁਗਲ ਫ਼ੌਜਦਾਰ ਵਜ਼ੀਰ ਖਾਂ ਦੀ ਫ਼ੌਜਦਾਰੀ ਵਿਚ ਸੀ। ਵਜ਼ੀਰ ਖਾਂ ਬੜਾ ਕੱਟੜ ਤੇ ਜ਼ਾਲਮ ਹਾਕਮ ਸੀ। ਗੁਰੂ ਸਾਹਿਬ ਨਾਲ ਚਿਰ ਤੋਂ ਦੁਸ਼ਮਣੀ ਰੱਖਦਾ ਸੀ ਅਤੇ ਆਪਣਾ ਵੈਰ ਕਮਾਉਣ ਵਿਚ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਂਦਾ ਸੀ। ਉਸ ਨੇ ਸ਼੍ਰੀ ਆਨੰਦਪੁਰ ਸਾਹਿਬ, ਚਮਕੌਰ ਅਤੇ ਹੋਰ ਲੜਾਈਆਂ ਵਿਚ ਵੀ ਪਹਾੜੀ ਰਾਜਿਆਂ ਨਾਲ ਮਿਲ ਕੇ ਗੁਰੂ ਸਾਹਿਬ ਨਾਲ ਆਪਣੀ ਦੁਸ਼ਮਣੀ ਅਤੇ ਵੈਰ ਦਾ ਸਬੂਤ ਦਿੱਤਾ ਸੀ। ਉਹ ਹੀ ਛੋਟੇ ਸਾਹਬਜ਼ਾਦਿਆਂ ਦੀ ਸ਼ਹੀਦੀ ਲਈ ਨਿੱਜੀ ਤੌਰ ਤੇ ਸਿੱਧਾ ਜ਼ਿੰਮੇਦਾਰ ਸੀ।

ਬੰਦਾ ਸਿੰਘ ਨੇ ਮਾਲਵੇ ਦੇ ਖੇਤਰ ਵਿਚ ਪਹੁੰਚ ਕੇ ਆਪਣੇ ਦਲ ਦੀ ਫ਼ੌਜੀ ਪੱਖਾਂ ਤੋਂ ਮਜ਼ਬੂਤੀ ਲਈ ਕੰਮ ਆਰੰਭ ਦਿੱਤਾ। ਉਸ ਨੇ ਮਾਲਵੇ ਅਤੇ ਮਾਝੇ ਦੇ ਸਿੱਖਾਂ ਨਾਲ ਸੰਪਰਕ ਸਥਾਪਤ ਕਰ ਕੇ ਉਹਨਾਂ ਨੂੰ ਗੁਰੂ ਸਾਹਿਬ ਦੇ ਹੁਕਮਨਾਮੇ ਤੋਂ ਜਾਣੂੰ ਕਰਵਾਉਣ ਲਈ ਸੁਨੇਹੇ ਤੇ ਸੰਦੇਸ਼ ਭੇਜਣੇ ਸ਼ੁਰੂ ਕਰ ਦਿੱਤੇ। ਕਈ ਪਾਸਿਆਂ ਵਲ ਇਹ ਸੁਨੇਹੇਂ ਸੀਨਾ-ਬ-ਸੀਨਾ ਦੇਣ ਲਈ ਘੁੜਸਵਾਰਾਂ ਰਾਹੀਂ ਦਸਤੀ ਭੇਜੇ ਗਏ। ਹੌਲੀ ਹੌਲੀ ਬੰਦਾ ਸਿੰਘ ਨੂੰ ਸਤਲੁਜ ਦੇ ਇਸ ਪਾਰ ਦੇ ਮਾਲਵੇ ਵਿਚੋਂ, ਸਤਲੁਜ ਤੋਂ ਪਾਰ ਦੇ ਮਾਝੇ ਵਿਚੋਂ ਅਤੇ ਸਤਲੁਜ-ਬਿਆਸ ਦੀ ਬਿਸਤ ਦੁਆਬ ਵਿਚ ਵਸਦੇ ਸਿੱਖਾਂ ਵਲੋਂ ਹੁੰਗਾਰੇ ਆਉਣ ਲਗ ਪਏ। ਅੱਡ ਅੱਡ ਥਾਵਾਂ ਤੋਂ ਸਿੱਖ ਜਥੇਬੰਦ ਹੋ ਕੇ ਇਕ ਇਕ, ਦੋ ਦੋ, ਚਾਰ ਚਾਰ ਹੋ ਕੇ, ਆਪਣੀ ਸਮਰਥਾ ਅਨੁਸਾਰ ਹਥਿਆਰਬੰਦ ਹੋ ਕੇ, ਬੰਦਾ ਸਿੰਘ ਕੋਲ ਪਹੁੰਚਣ ਲਗ ਪਏ। ਜਿਨ੍ਹਾਂ ਕੋਲ ਆਪਣੇ ਘੋੜੇ ਸਨ ਉਹ ਘੋੜਿਆਂ ਸਮੇਤ ਆਏ। ਬਾਕੀ ਜਿਹੜੇ ਆਪ ਨਹੀਂ ਆਏ ਸਨ ਉਹਨਾਂ ਨੇ ਆਪਣੀ ਸ਼ਰਧਾ ਅਨੁਸਾਰ ਸਰਦੀ ਬਣਦੀ ਕਈ ਤਰ੍ਹਾਂ ਦੀ ਮਦਦ ਭੇਜੀ।

ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਰਹਿਣ ਵਾਲੇ ਸਿੱਖ ਭਾਈਚਾਰੇ ਨੇ ਬੰਦਾ ਸਿੰਘ ਨੂੰ ਧਨ ਤੇ ਰਸਦ ਆਦਿ ਦੀ ਇਮਦਾਦ ਇਕੱਤਰ ਕਰ ਕੇ ਭੇਜਣ ਦੇ ਵੀ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਬੰਦਾ ਸਿੰਘ ਦੀ ਫ਼ੌਜ ਦੀ ਨਫ਼ਰੀ ਵਧਣ ਲਗ ਪਈ। ਪਰ ਉਸ ਨੂੰ ਹੋਰ ਲੜਾਕੂ ਸਿਪਾਹੀਆਂ ਦੀ, ਧਨ ਦੀ, ਹਥਿਆਰਾਂ ਦੀ ਅਤੇ ਘੋੜਿਆਂ ਦੀ ਹਾਲੀ ਬਹੁਤ ਲੋੜ ਸੀ। ਮੁਗਲੀਆ ਹਕੂਮਤ ਦੀ ਦੋ ਸੌ ਸਾਲਾਂ ਤੋਂ ਪੁਰਾਣੀ ਅਤੇ ਸਾਰੇ ਹਿੰਦੁਸਤਾਨ ਉਤੇ ਹਕੂਮਤ ਕਰ ਰਹੀ ਪੱਕੀ ਤਰ੍ਹਾਂ ਪੈਰ ਜਮਾ ਕੇ ਬੈਠੀ ਤਾਕਤ ਨੂੰ ਵੰਗਾਰ ਕੇ ਚੁਣੌਤੀ ਦੇਣ ਲਈ ਉਸ ਨੂੰ ਕੋਈ ਆਪਣੀ ਥਾਂ ਵੀ ਚਾਹੀਦੀ ਸੀ ਜਿਸ ਨੂੰ ਉਹ ਆਪਣਾ ਫ਼ੌਜੀ ਕੇਂਦਰ ਜਾਂ ਆਪਣੀ ਛਾਉਣੀ ਬਣਾ ਸਕੇ। ਸਿੱਖ ਫ਼ੌਜ ਦੀ ਵਧਦੀ ਗਿਣਤੀ ਦੇ ਕਾਰਣ ਸਿੱਖਾਂ ਦੀ ਕੋਈ ਆਪਣੀ ਥਾਂ ਹੋਣ ਦੀ ਇਹ ਲੋੜ ਹੋਰ ਵੀ ਜ਼ਰੂਰੀ ਹੁੰਦੀ ਜਾ ਰਹੀ ਸੀ।

ਬੰਦਾ ਸਿੰਘ ਕੋਲ ਹੁਣ ਉਸ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਸਿੱਖਾਂ ਤੋਂ ਇਲਾਵਾ ਹੋਰ ਲੋਗ ਵੀ ਇਕੱਠੇ ਹੋਣ ਲਗ ਪਏ ਸਨ। ਉਸ ਦੀ ਅਤੇ ਉਸ ਦੇ ਸਾਥੀ ਸਿੰਘਾਂ ਦੀ ਅਗਵਾਈ ਥੱਲੇ ਇਹ ਇਕੱਤਰਤਾ ਹੁਣ ਇਕ ਛੋਟੀ ਮੋਟੀ ਫ਼ੌਜ ਦੀ ਸ਼ਕਲ ਅਖ਼ਤਿਆਰ ਕਰਦੀ ਜਾ ਰਹੀ ਸੀ। ਇਸ ਫ਼ੌਜ ਨੂੰ ਹਥਿਆਰਾਂ ਨਾਲ ਲੈਸ ਕਰਨ ਦੀ ਸਮੱਸਿਆ ਹਾਲੀ ਵੀ ਬਣੀ ਹੋਈ ਸੀ। ਤਰ੍ਹਾਂ ਤਰ੍ਹਾਂ ਦੀਆਂ ਪਿਛੋਕੜਾਂ ਤੋਂ ਆਏ ਇਹਨਾਂ ਰੰਗਰੂਟਾਂ ਨੂੰ ਜਥੇਬੰਦ ਅਤੇ ਅਨੁਸ਼ਾਸਿਤ ਫ਼ੌਜ ਵਿਚ ਤਬਦੀਲ ਕਰਨ ਦਾ ਕੰਮ ਕਰਨਾ ਬਾਕੀ ਸੀ। ਉਹਨਾਂ ਨੌਸਿਖੀਏ ਸਿਪਾਹੀਆਂ ਨੂੰ ਫ਼ੌਜੀ ਅਨੁਸ਼ਾਸਨ ਵਿਚ ਰਹਿ ਕੇ ਲੜਣ ਦਾ ਅਭਿਆਸ ਕਰਾ ਕੇ ਹਥਿਆਰਬੰਦ ਤੇ ਭਰੋਸੇਮੰਦ ਸਿਪਾਹੀ ਬਨਾਉਣ ਦੀ ਪ੍ਰਕਿਰਿਆ ਹਾਲੀ ਸ਼ੁਰੂ ਕਰਨੀ ਬਾਕੀ ਸੀ।

ਹੌਲੀ ਹੌਲੀ ਬੰਦਾ ਸਿੰਘ ਦਾ ਆਪਣੀ ਫ਼ੌਜ ਦੇ ਹਰ ਸਿਪਾਹੀ ਵਿਚ ਅਨੁਸ਼ਾਸਨ ਭਰਨ, ਸਹੀ ਤੌਰ ਤਰੀਕਿਆਂ ਦੀ ਆਦਤ ਪਾਉਣ ਅਤੇ ਚੰਗੇ ਆਚਰਣ ਤੇ ਜ਼ੋਰ ਦੇਣਾ ਰੰਗ ਲਿਆਇਆ। ਬੰਦਾ ਸਿੰਘ ਦੀ ਫ਼ੌਜ ਜਿਸ ਤੇਜ਼ੀ, ਰਫ਼ਤਾਰ ਅਤੇ ਫ਼ੁਰਤੀ ਨਾਲ ਚਲਦੀ ਸੀ ਇਸ ਨਾਲ ਦੁਸ਼ਮਨ ਨੂੰ ਪਤਾ ਹੀ ਨਹੀ ਸੀ ਲਗਦਾ

ਕਿ ਉਸ ਨੇ ਕਿਸ ਵੇਲੇ ਕਿੱਥੇ ਹੋਣਾ ਹੈ। ਦੁਸ਼ਮਨ ਅੰਦਾਜ਼ੇ ਹੀ ਲਾਉਂਦਾ ਰਹਿ ਜਾਂਦਾ ਸੀ ਅਤੇ ਹਰ ਵਾਰ ਉਸ ਦੇ ਅੰਦਾਜ਼ੇ ਗਲਤ ਸਾਬਤ ਹੁੰਦੇ ਸਨ ਕਿਓਂ ਕਿ ਬੰਦਾ ਸਿੰਘ ਅਤੇ ਉਸ ਦੀ ਫ਼ੌਜ ਅਸਲ ਵਿਚ ਕਿਤੇ ਹੋਰ ਜਾ ਚੁਕੇ ਹੁੰਦੇ ਸਨ। ਬਹੁਤੀ ਵਾਰੀ ਉਹ ਰਾਤ ਦੇ ਹਨੇਰੇ ਵਿਚ ਕਈ ਕੋਹਾਂ ਦਾ ਸਫ਼ਰ ਤੈਅ ਕਰ ਕੇ ਅਗਲੇ ਦਿਨ ਸਵੇਰ ਦੇ ਪਹੁ ਫ਼ੁਟਾਲੇ ਵੇਲੇ ਪੂਰੀ ਤਰ੍ਹਾਂ ਬੇਖ਼ਬਰ, ਅਵੇਸਲੇ ਅਤੇ ਸੁੱਤੇ ਦੁਸ਼ਮਨ ਨੂੰ ਜਾ ਢਾਉਂਦੇ ਸਨ। ਬੰਦਾ ਸਿੰਘ ਦੀਆਂ ਫ਼ੌਜਾਂ ਦੀ ਇਸ ਖੂਬੀ ਨੂੰ ਇਤਿਹਾਸਕਾਰਾਂ ਨੇ ਸਲਾਹਿਆ ਹੈ। ਏਥੋਂ ਤੱਕ ਕਿ ਉਸ ਵੇਲੇ ਦੇ ਮੁਸਲਮਾਨ ਲਿਖਾਰੀਆਂ ਨੇ ਵੀ ਉਸ ਦੀ ਫ਼ੌਜ ਦੇ ਸ਼ਹਿ ਕੇ ਹਮਲੇ ਕਰਨ ਦੇ ਗੁਣ ਦਾ ਜ਼ਿਕਰ ਕੀਤਾ ਹੈ। ਮੁਗਲ ਫ਼ੌਜ ਤਾਂ ਏਥੋਂ ਤੱਕ ਕਹਿਣ ਲਗ ਪਈ ਸੀ ਕਿ ਬੰਦਾ ਸਿੰਘ ਕੋਲ ਕੋਈ ਅਸਮਾਨੀ ਗੈਬੀ ਤਾਕਤਾਂ ਹਨ ਜਿਨ੍ਹਾਂ ਨੂੰ ਵਰਤ ਕੇ ਉਹ ਉਡ ਕੇ ਇਕ ਥਾਂ ਤੋਂ ਦੂਜੇ ਥਾਂ ਤੇ ਪਹੁੰਚ ਜਾਂਦਾ ਹੈ। ਪਰ ਅਸਲ ਵਿਚ ਉਸ ਦੀ ਫ਼ੌਜ ਦੀ ਇਸ ਯੋਗਤਾ ਲਈ ਬੰਦਾ ਸਿੰਘ ਦੀ ਆਪਣੀ ਵਧੀਆ ਅਗਵਾਈ ਅਤੇ ਰਹਿਨੁਮਾਈ ਦੀ ਕਾਬਲੀਅਤ ਅਤੇ ਫ਼ੌਜੀ ਸੰਗਠਨ ਅਤੇ ਯੁੱਧ ਕੌਸ਼ਲ ਨੂੰ ਸਮਝਣ ਦੀਆਂ ਉਸ ਦੀਆਂ ਆਪਣੀਆਂ ਖੂਬੀਆਂ ਅਤੇ ਉਸ ਦੇ ਨਿੱਜੀ ਗੁਣ ਜ਼ਿੰਮੇਦਾਰ ਸਨ।

ਉਸ ਵੇਲੇ ਦੀ ਮੁਗਲੀਆ ਹਕੂਮਤ ਦੀਆਂ ਸਿਆਸੀ ਪਰਿਸਥਿਤੀਆਂ ਵੀ ਇਕ ਤਰ੍ਹਾਂ ਨਾਲ ਬੰਦਾ ਸਿੰਘ ਦੀਆਂ ਛੇੜੀਆਂ ਮੁਹਿੰਮਾਂ ਲਈ ਮਾਕੂਲ ਅਤੇ ਵੱਤਰ ਸਨ। ਔਰੰਗਜ਼ੇਬ ਦੀ ਦੱਖਣ ਦੀ ਨੁਕਸਾਨਦੇਹ ਅਤੇ ਖਰਚੀਲੀ ਮੁਹਿੰਮ ਅਤੇ ਫ਼ਿਰ ਬਹਾਦੁਰਸ਼ਾਹ ਦੀ ਦੱਖਣ ਦੀ ਮੁਹਿੰਮ ਦੋਵੇਂ ਪਿਛਲੇ 30 ਸਾਲ ਚਲੀਆਂ ਸਨ। ਸੰਨ 1707 ਵਿਚ ਜਦੋਂ ਔਰੰਗਜ਼ੇਬ 89 ਸਾਲਾਂ ਦਾ ਹੋ ਕੇ ਮਰਿਆ ਸੀ ਓਦੋਂ ਮੁਗਲਾਂ ਦਾ ਦਿੱਲੀ ਵਿਚ ਸ਼ਾਹੀ ਖਜ਼ਾਨਾ ਖਾਲੀ ਹੋਣ ਦੀ ਕਗਾਰ ਤੇ ਸੀ। ਮਾਲਵੇ ਅਤੇ ਬਾਕੀ ਦੇ ਪੰਜਾਬ ਦੀਆਂ ਸਰਹੰਦ ਅਤੇ ਲਾਹੌਰ ਵਰਗੀਆਂ ਵੱਡੀਆਂ ਸੂਬੇਦਾਰੀਆਂ ਦੇ ਜ਼ਿਮੀਂਦਾਰਾਂ ਨੂੰ ਦਿੱਲੀ ਦੇ ਮੁਗਲ ਪ੍ਰਸ਼ਾਸਨ ਵੱਲੋਂ ਬਾਰ ਬਾਰ ਸੁਨੇਹੇਂ ਆਉਂਦੇ ਸਨ ਅਤੇ ਵੱਧ ਤੋਂ ਵੱਧ ਮਾਲੀਆ ਅਤੇ ਲਗਾਨ ਇਕੱਠਾ ਕਰਕੇ ਭੇਜਣ ਦੀ ਮੰਗ ਵੀ ਕੀਤੀ ਜਾਂਦੀ ਸੀ ਅਤੇ ਉਸ ਨੂੰ ਛੇਤੀ ਤੋਂ ਛੇਤੀ ਭੇਜਣ ਲਈ ਤੜੀ ਵੀ ਦਿੱਤੀ ਜਾਂਦੀ ਸੀ।

ਇਸ ਦਾ ਅਸਰ ਇਹ ਸੀ ਕਿ ਇਹਨਾਂ ਇਲਾਕਿਆਂ ਦੀ ਮੁਗਲ ਅਫ਼ਸਰ-ਸ਼ਾਹੀ ਅਤੇ ਜ਼ਮੀਂਦਾਰ ਹਰ ਜੋਰ ਜਬਰ ਕਰਕੇ ਕਾਸ਼ਤਕਾਰਾਂ ਅਤੇ ਕਿਰਸਾਨਾਂ ਨੂੰ ਸ਼ਾਹੀ ਖਜ਼ਾਨੇ ਲਈ ਉਹਨਾਂ ਦੀ ਵਿੱਤ ਤੋਂ ਬਾਹਰਾ ਮਾਲੀਆ ਦੇਣ ਨੂੰ ਮਜਬੂਰ ਕਰਦੇ ਸਨ। ਨਾ ਦੇਣ ਤੇ ਮਾਰਦੇ ਕੁੱਟਦੇ ਸਨ, ਡੰਗਰ ਵੱਛੇ ਚੁੱਕ ਕੇ ਲੈ ਜਾਂਦੇ ਸਨ, ਉਹਨਾਂ ਦੀਆਂ ਔਰਤਾਂ ਦੀ ਪਾਣਪੱਤ ਨਾਲ ਖੇਡਦੇ ਸਨ। ਕਈ ਵਾਰੀ ਤਾਂ ਉਹਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰ ਦੇਂਦੇ ਸਨ। ਸਰਹੰਦ ਸੂਬੇਦਾਰੀ ਦੇ ਹਿੰਦੂ ਅਤੇ ਸਿੱਖ ਕਾਸ਼ਤਕਾਰ ਅਤੇ ਦੇਸੀ ਮੁਸਲਮਾਨ ਇਸ ਮੁਗਲ ਅਫ਼ਸਰ ਸ਼ਾਹੀ ਦੇ ਏਦਾਂ ਦੇ ਜ਼ੁਲਮੀ ਰਵੱਈਏ ਤੋਂ ਬਹੁਤ ਦੁਖੀ ਸਨ ਅਤੇ ਆਪਣਿਆਂ ਇਸ਼ਟਾਂ ਮੂਹਰੇ ਮਿੰਨਤਾਂ, ਤਰਲੇ, ਅਰਦਾਸਾਂ ਅਤੇ ਅਰਜ਼ੋਈਆਂ ਕਰਦੇ ਸਨ ਕਿ ਕੋਈ ਅਜੇਹਾ ਰੱਬ ਦਾ ਬੰਦਾ ਆਵੇ ਜੋ ਉਹਨਾਂ ਨੂੰ ਇਸ ਹਰ ਰੋਜ਼ ਦੇ ਅੱਤਿਆਚਾਰ ਤੋਂ ਨਿਜਾਤ ਦਿਵਾਏ। ਲਗਦਾ ਸੀ ਉਹਨਾਂ ਦੀਆਂ ਅਰਜ਼ੋਈਆਂ ਸੁਣੀਆਂ ਗਈਆਂ ਸਨ।

ਉਹਨਾਂ ਨੂੰ ਉਹ ਜ਼ੁਲਮ ਵੀ ਚੰਗੀ ਤਰ੍ਹਾਂ ਯਾਦ ਸਨ ਜੋ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਨਾਲ ਕੀਤੇ ਸਨ। ਬੰਦਾ ਸਿੰਘ ਬਹਾਦੁਰ ਦੀਆਂ ਕਾਰਵਾਈਆਂ ਬਾਰੇ ਸੁਣ ਕੇ ਲੋਕਾਂ ਨੂੰ ਲਗਦਾ ਸੀ ਕਿ ਉਹਨਾਂ ਦੀਆਂ ਫ਼ਰਿਆਦਾਂ, ਮੰਨਤਾਂ, ਅਰਦਾਸਾਂ ਅਤੇ ਪੁਕਾਰਾਂ ਸੁਣੀਆਂ ਗਈਆਂ ਸਨ। ਉਹ ਵੀ ਹੁਣ ਆਪਣੀ ਮਰਜ਼ੀ ਨਾਲ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਵਿਚ ਸ਼ਾਮਲ ਹੋ ਕੇ ਉਸ ਦਾ ਹੱਥ ਵਟਾਉਣਾ ਚਾਹੁੰਦੇ ਸਨ। ਉਹ ਉਸ ਦੀ ਕਾਮਯਾਬੀ ਚਾਹੁੰਦੇ ਸਨ ਅਤੇ ਉਸ ਦੀ ਫ਼ੌਜ ਵਿਚ ਭਰਤੀ ਹੋਣਾ ਚਾਹੁੰਦੇ ਸਨ। ਆਮ ਲੋਕਾਂ ਦੇ ਵਤੀਰੇ ਵਿਚ ਆਈ ਇਸ ਤਬਦੀਲੀ ਨੇ ਬੰਦਾ ਸਿੰਘ ਅਤੇ ਉਸ ਦੀਆਂ ਫ਼ੌਜਾਂ ਦੀਆਂ ਰਸਦ ਭੋਜਨ ਅਤੇ ਘੋੜਿਆਂ ਲਈ ਚਾਰੇ ਆਦਿ ਵਰਗੀਆਂ ਕਈ ਲੋੜਾਂ ਅਤੇ ਮੁਸ਼ਕਲਾਂ ਹੱਲ ਕਰ ਦਿੱਤੀਆਂ ਸਨ ਕਿਓਂ ਕਿ ਪਿੰਡਾਂ, ਕਸਬਿਆਂ ਅਤੇ ਜ਼ਮੀਨਾਂ ਤੇ ਵੱਸੇ ਆਮ ਲੋਕਾਂ ਦਾ ਉਹਨਾਂ ਨੂੰ ਸਹਿਯੋਗ ਮਿਲਣ ਲਗ ਪਿਆ ਸੀ।

ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਵੀ ਲੋਗ ਆਉਣੇ ਸ਼ੁਰੂ ਹੋ ਗਏ ਸਨ। ਜਿਨ੍ਹਾਂ ਕੋਲ ਆਪਣੀਆਂ ਜ਼ਮੀਨਾਂ ਸਨ ਅਤੇ ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਸੀ ਉਹਨਾਂ ਨੇ ਵੀ ਬੰਦਾ ਸਿੰਘ ਦੀ ਹਿਮਾਇਤ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਤੋਂ ਬੰਦਾ ਸਿੰਘ ਨੂੰ ਕਈ ਤਰ੍ਹਾਂ ਦੀਆਂ ਸੂਹਾਂ ਅਤੇ ਮੁਗਲ ਫ਼ੌਜਾਂ ਦੀ ਨਫ਼ਰੀ ਅਤੇ ਉਹਨਾਂ ਦੀ ਤੈਨਾਤੀ ਦੀਆਂ ਅਤੇ ਮੁਗਲ ਫ਼ੌਜੀ ਦਲਾਂ ਅਤੇ ਟੁਕੜੀਆਂ ਦੇ ਇਕ ਥਾਂ ਤੋਂ ਦੂਜੀ ਥਾਂ ਵਲ ਆਉਣ ਜਾਣ ਦਾ ਪਤਾ ਲਗਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਨੂੰ ਆਪਣੀ ਮੁਹਿੰਮ ਲਈ ਦੁਸ਼ਮਨ ਦੀਆਂ ਫ਼ੌਜਾਂ ਦੀ ਗਿਣਤੀ ਅਤੇ

ਉਹਨਾਂ ਦੀ ਤਿਆਰੀ ਆਦਿ ਦੀਆਂ ਖੁਫ਼ੀਆ ਖਬਰਾਂ ਮਿਲਦੀਆਂ ਰਹਿੰਦੀਆਂ ਸਨ ਜੋ ਉਸ ਲਈ ਬਹੁਤ ਲਾਭਵੰਦੀਆਂ ਸਾਬਤ ਹੁੰਦੀਆਂ ਸਨ। ਲੋਗ ਆਪਣੀ ਵਿੱਤ ਅਨੁਸਾਰ ਪੈਸੇ, ਰਸਦ, ਘੋੜਿਆਂ ਅਤੇ ਹਥਿਆਰਾਂ ਨਾਲ ਵੀ ਬੰਦਾ ਸਿੰਘ ਦੀ ਮਦਦ ਕਰ ਰਹੇ ਸਨ।

ਸਿਹਰੀ ਖੰਡਾ, ਸੋਨੀਪਤ ਅਤੇ ਕੈਥਲ :

ਇਹਨਾਂ ਦਿਨਾਂ ਵਿਚ ਬੰਦਾ ਸਿੰਘ ਨੇ ਸੋਨੀਪਤ ਦੇ ਨੇੜੇ ਖਰਖੌਦੇ ਨੂੰ, ਜਿਸ ਨੂੰ ਸਿਹਰੀ-ਖੰਡੇ ਵੀ ਕਿਹਾ ਜਾਂਦਾ ਹੈ, ਆਪਣਾ ਅੱਡਾ ਬਣਾਇਆ ਹੋਇਆ ਸੀ। ਇਸ ਦੇ ਆਲੇ ਦੁਆਲੇ ਕੁਝ ਲੁਟੇਰੇ ਤੱਤਾਂ ਦੇ ਗਿਰੋਹ ਰਹਿੰਦੇ ਸਨ। ਇਹ ਸਮੇਂ ਸਮੇਂ ਤੇ ਇਸ ਥਾਂ ਦੇ ਨੇੜੇ ਤੇੜੇ ਦੇ ਛੋਟੇ ਪਿੰਡਾਂ ਤੇ ਧਾੜ ਮਾਰ ਦੇਂਦੇ ਸਨ ਤੇ ਲੁੱਟ ਮਾਰ ਕਰਦੇ ਸਨ। ਇਸ ਇਲਾਕੇ ਦੇ ਪਿੰਡਾਂ ਦੇ ਵਸਨੀਕ ਇਸ ਆਪਦਾ ਅਤੇ ਬਿਪਤਾ ਤੋਂ ਬਹੁਤ ਦੁਖੀ ਸਨ। ਬੰਦਾ ਸਿੰਘ ਨੇ ਲੋਕਾਂ ਦੀ ਇਸ ਵਿਕਟ ਸਮੱਸਿਆ ਦਾ ਸਮਾਧਾਨ ਕਰਨ ਦਾ ਫ਼ੈਸਲਾ ਕਰ ਲਿਆ। ਓਦਾਂ ਵੀ, ਬੰਦਾ ਸਿੰਘ ਨੂੰ ਆਪਣੀ ਨਵੀਂ ਗਠੀ ਫ਼ੌਜ ਨੂੰ ਫ਼ੌਜੀ ਕੰਮਾਂ ਵਿਚ ਲਾ ਕੇ ਉਹਨਾਂ ਨੂੰ ਅਭਿਆਸ ਦੇਣ ਦੀ ਅਤੇ ਅਸਲ ਫ਼ੌਜੀ ਕਾਰਵਾਈਆਂ ਵਿਚ ਸ਼ਾਮਲ ਹੋ ਕੇ ਹਿੱਸਾ ਲੈਣ ਦੀ ਜਾਚ ਸਿਖਾਉਣ ਦੀ ਲੋੜ ਸੀ।

ਸਿਪਾਹੀਆਂ ਨੂੰ ਫ਼ੌਜੀ ਕਮਾਨ ਦੇ ਜੰਗੀ ਇਸ਼ਾਰਿਆਂ ਅਤੇ ਸੰਕੇਤਾਂ ਨੂੰ ਸਿੱਖਣ ਅਤੇ ਸਮਝਣ ਦੀ ਲੋੜ ਸੀ। ਇਸ ਲਈ ਉਸ ਨੇ ਆਪਣੀ ਨਵੀਂ ਨਵੀਂ ਗਠਿਤ ਹੋਈ ਫ਼ੌਜ ਨਾਲ ਇਹਨਾਂ ਲੁਟੇਰੇ ਗਿਰੋਹਾਂ ਦੀਆਂ ਥਾਵਾਂ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਫ਼ਿਰ ਉਹਨਾਂ ਦੇ ਟਿਕਾਣਿਆਂ ਤੇ ਧਾਵੇ ਕਰ ਕੇ ਉਹਨਾਂ ਨੂੰ ਨੇਸਤਾ ਨਬੂਦ ਕਰਨਾ ਸ਼ੁਰੂ ਕਰ ਦਿੱਤਾ। ਇਸ ਇਲਾਕੇ ਦੇ ਪਿੰਡਾਂ ਲਈ ਇਹ ਬੜੀ ਵੱਡੀ ਰਾਹਤ ਸੀ ਕਿਓਂ ਕਿ ਉਹ ਇਸ ਮੁਸੀਬਤ ਤੋਂ ਲੰਮੇਂ ਸਮੇਂ ਤੋਂ ਪਰੇਸ਼ਾਨ ਸਨ ਤੇ ਮੁਗਲ ਪ੍ਰਸ਼ਾਸਨ ਦੇ ਅਫ਼ਸਰ ਉਹਨਾਂ ਦੀਆਂ ਸ਼ਿਕਾਇਤਾਂ ਤੇ ਕੰਨ ਹੀ ਨਹੀਂ ਧਰਦੇ ਸਨ। ਲੋਕ ਭਲਾਈ ਦੇ ਅਜੇਹੇ ਕੰਮ ਕਰਨ ਨਾਲ ਇਸ ਖੇਤਰ ਦੇ ਪਿੰਡਾਂ ਦੇ ਵਸਨੀਕਾਂ ਵਿਚ ਬੰਦਾ ਸਿੰਘ ਅਤੇ ਉਸ ਦੀ ਫ਼ੌਜ ਦੇ ਸਿੱਖਾਂ ਦੀਆਂ ਸਿਫ਼ਤਾਂ ਹੋਣ ਲਗ ਪਈਆਂ, ਉਹ ਸਰਾਹੇ ਜਾਣ ਲਗ ਪਏ ਤੇ ਉਹਨਾਂ ਦੀ ਸੋਭਾ ਹੋਣ ਲਗ ਪਈ। ਇਹਨਾਂ ਲੁੱਟ ਮਾਰ ਕਰਨ ਵਾਲੇ ਅਸਮਾਜਕ ਤੱਤਾਂ ਅਤੇ ਜਰਾਇਮਪੇਸ਼ਾ ਅੰਸਰਾਂ ਨੂੰ ਖਤਮ ਕਰਨ ਤੋਂ ਬਾਅਦ ਬੰਦਾ ਸਿੰਘ ਨੇ ਆਪਣਾ ਧਿਆਨ ਨੇੜੇ ਦੇ ਸ਼ਹਿਰ ਸੋਨੀਪਤ ਦੇ ਮੁਗਲ ਫ਼ੌਜਦਾਰ ਨੂੰ ਸੋਧਣ ਵਲ ਲਾਇਆ। ਉਸ ਨੇ ਆਪਣੀ ਫ਼ੌਜ ਨਾਲ ਸੋਨੀਪਤ ਵਲ ਕੂਚ ਕਰ ਦਿੱਤਾ। ਬੰਦਾ ਸਿੰਘ ਦੀਆਂ ਫ਼ੌਜੀ ਕਾਰਵਾਈਆਂ ਬਾਰੇ ਇਲਾਕੇ ਵਿਚ ਕਈ ਤਰ੍ਹਾਂ ਦੀਆਂ ਖਬਰਾਂ ਫ਼ੈਲ ਚੁਕੀਆਂ ਸਨ। ਸੋਨੀਪਤ ਦੇ ਫ਼ੌਜਦਾਰ ਨੂੰ ਜਦੋਂ ਬੰਦਾ ਸਿੰਘ ਦੀ ਚੜ੍ਹਾਈ ਦੀ ਖਬਰ ਮਿਲੀ ਤਾਂ ਉਹ ਡਰ ਦੇ ਮਾਰੇ ਬਿਨਾਂ ਕਿਸੇ ਮੁਕਾਬਲੇ ਦੇ ਸ਼ਹਿਰ ਨੂੰ ਛੱਡ ਕੇ ਦਿੱਲੀ ਨੂੰ ਦੌੜ ਗਿਆ। ਇਸ ਤਰ੍ਹਾਂ ਬਿਨਾਂ ਬਹੁਤੀ ਜੱਦੋ ਜਹਿਦ ਦੇ ਸੋਨੀਪਤ ਉਤੇ ਬੰਦਾ ਸਿੰਘ ਦਾ ਕਬਜ਼ਾ ਹੋ ਗਿਆ। ਏਥੇ ਮੁਗਲਾਂ ਦੀ ਟਕਸਾਲ ਵੀ ਸੀ ਜਿੱਥੋਂ ਚੰਗੀ ਮਾਤਰਾ ਵਿਚ ਨਕਦ ਧਨ ਵੀ ਬੰਦਾ ਸਿੰਘ ਦੇ ਹੱਥ ਆਇਆ। ਬੰਦਾ ਸਿੰਘ ਨੇ ਸ਼ਹਿਰ ਦੇ ਨਿਵਾਸੀਆਂ ਵਿਚੋਂ ਹੀ ਚੰਗੇ ਤੇ ਮੋਹਤਬਰ ਆਦਮੀ ਚੁਣ ਕੇ ਇਕ ਖਾਲਸਾ ਪੰਚਾਇਤ ਦਾ ਗਠਨ ਕਰ ਦਿੱਤਾ ਤੇ ਸ਼ਹਿਰ ਦਾ ਇੰਤਜ਼ਾਮ ਅਤੇ ਪ੍ਰਬੰਧ ਉਸ ਪੰਚਾਇਤ ਨੂੰ ਸੌਂਪ ਦਿੱਤੇ।

ਸੋਨੀਪਤ ਨੂੰ ਸਰ ਕਰ ਕੇ ਬੰਦਾ ਸਿੰਘ ਨੇ ਆਪਣਾ ਧਿਆਨ ਅਗਲੀ ਮੁਗਲ ਫ਼ੌਜਦਾਰੀ ਵਲ ਕੀਤਾ। ਇਹ ਕੈਥਲ ਦੀ ਫ਼ੌਜਦਾਰੀ ਸੀ। ਬੰਦਾ ਸਿੰਘ ਦੀ ਫ਼ੌਜ ਜਦੋਂ ਕੈਥਲ ਦੇ ਨੇੜੇ ਪਹੁੰਚੀ ਤਾਂ ਉਸ ਨੂੰ ਸੂਹ ਮਿਲੀ ਕਿ ਮੁਗਲ ਫ਼ੌਜ ਦੇ ਸਿਪਾਹੀਆਂ ਦੀ ਇਕ ਟੁਕੜੀ, ਜੋ ਉਸ ਇਲਾਕੇ ਤੋਂ ਉਗਰਾਹੇ ਹੋਏ ਮਾਮਲੇ ਤੇ ਲਗਾਨ ਦਾ ਪੈਸਾ ਦਿੱਲੀ ਸ਼ਾਹੀ ਖਜ਼ਾਨੇ ਵਿਚ ਜਮਾਂ ਕਰਾਉਣ ਲਈ ਲਿਜਾ ਰਹੀ ਸੀ, ਨੇੜੇ ਦੇ ਇਕ ਪਿੰਡ ਵਿਚ ਠਹਿਰੀ ਹੋਈ ਹੈ। ਬੰਦਾ ਸਿੰਘ ਲਈ ਇਹ ਬੜੀ ਚੰਗੀ ਖਬਰ ਸੀ। ਉਸ ਨੂੰ ਆਪਣੀਆਂ ਫ਼ੌਜੀ ਮੁਹਿੰਮਾਂ ਲਈ ਇਸ ਵੇਲੇ ਧਨ ਦੀ ਲਗਾਤਾਰ ਲੋੜ ਪੈ ਰਹੀ ਸੀ। ਬੰਦਾ ਸਿੰਘ ਨੇ ਆਪਣੀ ਸਿੱਖ ਫ਼ੌਜ ਨਾਲ ਉਸ ਫ਼ੌਜੀ ਦਸਤੇ ਨੂੰ ਜਾ ਢਾਹਿਆ ਅਤੇ ਸ਼ਾਹੀ ਖਜ਼ਾਨਾ ਆਪਣੇ ਕਾਬੂ ਵਿਚ ਕਰ ਲਿਆ। ਏਥੋਂ ਬੰਦਾ ਸਿੰਘ ਨੂੰ ਧਨ ਤੋਂ ਇਲਾਵਾ ਵੱਡੀ ਮਾਤਰਾ ਵਿਚ ਘੋੜੇ ਅਤੇ ਕੁਝ ਹਥਿਆਰ ਵੀ ਮਿਲੇ ਜਿਨ੍ਹਾਂ ਦੀ ਉਸ ਦੇ ਨਵੇਂ ਭਰਤੀ ਹੋਏ ਸਿਪਾਹੀਆਂ ਨੂੰ ਬਹੁਤ ਲੋੜ ਸੀ। ਸ਼ਾਹੀ ਖਜ਼ਾਨੇ ਦੀ ਲੁੱਟ ਵਿਚੋਂ ਮਿਲੇ ਧਨ ਦਾ ਵੱਡਾ ਹਿੱਸਾ ਬੰਦਾ ਸਿੰਘ ਨੇ ਆਪਣੇ ਸਿਪਾਹੀਆਂ ਵਿਚ ਵੰਡ ਦਿੱਤਾ।

ਇਸ ਨਾਲ ਬੰਦਾ ਸਿੰਘ ਦੀ ਸਾਖ ਉਸ ਦੇ ਆਪਣੇ ਸਿਪਾਹੀਆਂ ਵਿਚ ਹੋਰ ਵੀ ਚੰਗੀ ਹੋ ਗਈ। ਇਹ ਬੰਦਾ ਸਿੰਘ ਦੀ ਫ਼ੌਜ ਦੀ ਗਠਨ ਦੇ ਸ਼ੁਰੂ ਦੇ ਦਿਨ ਸਨ। ਬਹੁਤੇ ਸਿਪਾਹੀ ਨਵੇਂ ਸਨ ਅਤੇ ਬੰਦਾ ਸਿੰਘ ਨੂੰ ਨਿੱਜੀ ਤੌਰ ਤੇ ਜਾਣਦੇ ਪਛਾਣਦੇ ਨਹੀਂ ਸਨ। ਹੁਣ ਉਹਨਾਂ ਨੇ ਵੇਖਿਆ ਕਿ ਬੰਦਾ ਸਿੰਘ ਬੇਖ਼ੌਫ਼ ਅਤੇ ਜੰਗਜੂਹ ਫ਼ੌਜੀ ਰਹਿਨੁਮਾ ਹੋਣ ਤੋਂ ਇਲਾਵਾ ਇਕ ਸਖ਼ੀ ਦਿਲ ਫ਼ੌਜੀ ਜਰਨੈਲ ਵੀ ਸੀ ਜਿਸ ਵਿਚ ਕੋਈ ਆਪਣਾ ਹਿਤ

ਜਾਂ ਸੁਆਰਥ ਕੰਮ ਨਹੀਂ ਕਰਦਾ ਸੀ। ਇਕ ਚੰਗੇ ਫ਼ੌਜੀ ਜਰਨੈਲ ਵਾਂਗ ਉਹ ਫ਼ੌਜ ਵਿਚ ਅਨੁਸ਼ਾਸਨ ਤੇ ਜ਼ੋਰ ਦੇਂਦਾ ਸੀ ਪਰ ਨਾਲ ਨਾਲ ਉਹ ਆਪਣੇ ਫ਼ੌਜੀਆਂ ਦੇ ਹਿਤਾਂ ਅਤੇ ਉਹਨਾਂ ਦੇ ਭਲੇ ਦਾ ਵੀ ਸਦਾ ਖਿਆਲ ਰਖਦਾ ਸੀ। ਚੰਗੇ ਫ਼ੌਜੀ ਜਰਨੈਲ ਨੂੰ ਵਫ਼ਾਦਾਰ ਫ਼ੌਜ ਦੀ ਲੋੜ ਹੁੰਦੀ ਹੈ ਜੋ ਆਪਣੇ ਮਨੋਂ ਪੂਰੀ ਵਫ਼ਾਦਾਰੀ ਨਾਲ ਉਸ ਲਈ ਪੂਰਾ ਤਾਣ ਲਾ ਕੇ ਲੜਣ ਭਿੜਣ ਅਤੇ ਮਰਨ ਨੂੰ ਵੀ ਤਿਆਰ ਹੋਵੇ। ਸਾਮਰਿਕ ਮਾਮਲਿਆਂ ਵਿਚ ਬੰਦਾ ਸਿੰਘ ਉਚ ਪਾਏ ਦਾ ਫ਼ੌਜੀ ਜਰਨੈਲ ਸਾਬਤ ਹੋ ਰਿਹਾ ਸੀ।

ਸਮਾਣੇ ਤੇ ਹਮਲਾ :

ਹੁਣ ਬੰਦਾ ਸਿੰਘ ਨੇ ਸਮਾਣੇ ਸ਼ਹਿਰ ਤੇ ਚੜ੍ਹਾਈ ਕਰਨ ਦਾ ਫ਼ੈਸਲਾ ਕਰ ਲਿਆ। ਸਮਾਣਾ ਇਸ ਖੇਤਰ ਦਾ ਮੁਗਲਾਂ ਦਾ ਵੱਡਾ ਗੜ੍ਹ ਸੀ। ਏਥੇ ਵੱਡੇ ਅਹੁਦੇਦਾਰਾਂ, ਅਮੀਰ ਉਮਰਾ, ਮਨਸਬਦਾਰਾਂ, ਜ਼ਮੀਦਾਰਾਂ ਅਤੇ ਫ਼ੌਜੀ ਅਫ਼ਸਰਾਂ ਦੇ ਵੱਡੇ ਵੱਡੇ ਘਰ, ਮਹਿਲ ਮਾੜੀਆਂ ਅਤੇ ਹਵੇਲੀਆਂ ਸਨ। ਸਮਾਣੇ ਨੇ ਆਪਣੇ ਬਚਾਅ, ਹਿਫ਼ਾਜ਼ਤ ਅਤੇ ਰਖਵਾਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਹੋਏ ਸਨ। ਏਥੋਂ ਦੇ ਫ਼ੌਜਦਾਰ ਨੂੰ ਆਪਣੇ ਇਹਨਾਂ ਸੁਰਖਿਆ ਦੇ ਇੰਤਜ਼ਾਮਾਂ ਉਤੇ ਬੜਾ ਨਾਜ਼, ਫ਼ਖ਼ਰ ਅਤੇ ਭਰੋਸਾ ਸੀ ਅਤੇ ਉਹ ਆਪਣੇ ਸਮਾਣੇ ਸ਼ਹਿਰ ਦੀ ਰਖ਼ਵਾਲੀ ਦੇ ਇਹਨਾਂ ਸੁਰੱਖਿਆ ਦੇ ਇੰਤਜ਼ਾਮਾਂ ਦਾ ਮਾਣ ਕਰਦਾ ਹੋਇਆ ਉਹਨਾਂ ਦਾ ਬਹੁਤ ਬਖ਼ਾਨ ਕਰਦਾ ਰਹਿੰਦਾ ਸੀ। ਭਾਵੇਂ ਹੁਣ ਤੱਕ ਬੰਦਾ ਸਿੰਘ ਦੀਆਂ ਮੁਗਲ ਸ਼ਾਸਨ ਦੇ ਵਿਰੁੱਧ ਕੀਤੀਆਂ ਜਾ ਰਹੀਆਂ ਫ਼ੌਜੀ ਕਾਰਵਾਈਆਂ ਦੀ ਖਬਰ ਸਭ ਪਾਸੇ ਫ਼ੈਲ ਚੁਕੀ ਸੀ, ਅਤੇ ਸਮਾਣੇ ਵੀ ਪਹੁੰਚ ਗਈ ਸੀ, ਪਰ ਸਮਾਣੇ ਦਾ ਫ਼ੌਜਦਾਰ ਆਪਣੇ ਆਪ ਵਿਚ ਪੂਰੀ ਤਰ੍ਹਾਂ ਆਸ਼ਵਸਤ ਸੀ ਕਿ ਅੱਵਲ ਤਾਂ ਬੰਦਾ ਸਿੰਘ ਸਮਾਣੇ ਤੇ ਹਮਲਾ ਕਰਨ ਦੀ ਹਿਮਾਕਤ ਅਤੇ ਹਿੰਮਤ ਹੀ ਨਹੀਂ ਕਰੇਗਾ ਅਤੇ ਜੇ ਕਰ ਕਰੇਗਾ ਵੀ ਤਾਂ ਉਹ ਸਮਾਣੇ ਦੇ ਮਜ਼ਬੂਤ ਤੇ ਪੁਖ਼ਤਾ ਇੰਤਜ਼ਾਮਾਂ ਕਰਕੇ ਸ਼ਹਿਰ ਵਿਚ ਦਾਖਲ ਨਹੀਂ ਹੋ ਸਕੇਗਾ। ਉਸ ਦੇ ਅਨੁਸਾਰ ਸਮਾਣੇ ਨੂੰ ਕਿਸੇ ਤਰ੍ਹਾਂ ਦਾ ਖਤਰਾ ਨਹੀਂ ਸੀ। ਪਰ ਉਸ ਦੇ ਇਹ ਸਾਰੇ ਦਾਅਵੇ ਨਾਕਾਮ ਸਾਬਤ ਹੋਣੇ ਸਨ। ਸਮਾਣੇ ਦੇ ਫ਼ੌਜਦਾਰ ਦੀ ਜਾਣਕਾਰੀ ਅਨੁਸਾਰ ਬੰਦਾ ਸਿੰਘ ਦੀ ਫ਼ੌਜ ਅਜੇ ਸਮਾਣੇ ਤੋਂ ਕਈ ਕੋਹ ਦੂਰ ਸੀ ਅਤੇ ਚਿੰਤਾ ਅਤੇ ਫ਼ਿਕਰ ਵਾਲੀ ਕੋਈ ਗੱਲ ਹੀ ਨਹੀਂ ਸੀ। ਪਰ ਉਹ ਭਾਰੀ ਮੁਗਾਲਤੇ ਵਿਚ ਸੀ ਅਤੇ ਉਸ ਦਾ ਇਹ ਅੰਦਾਜ਼ਾ ਵੀ ਸਰਾਸਰ ਗਲਤ ਸੀ।

ਸਮਾਣਾ ਸ਼ਹਿਰ ਸਿੱਖਾਂ ਦਾ ਦੋਸ਼ੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਅਤੇ ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਸਾਹਿਬ, ਨੂੰ ਜਦੋਂ ਸੰਨ 1675 ਦੇ ਨਵੰਬਰ ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ ਤਾਂ ਉਹਨਾਂ ਦਾ ਸੀਸ ਆਪਣੀ ਤਲਵਾਰ ਨਾਲ ਲਾਹੁਣ ਵਾਲਾ ਜੱਲਾਦ ਜਲਾਲਉਦੀਨ ਸਮਾਣੇ ਵਿਚ ਹੀ ਰਹਿੰਦਾ ਸੀ। ਇਸ ਤੋਂ ਇਲਾਵਾ, ਜਦੋਂ ਸਰਹੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਜੀਂਦਿਆਂ ਕੰਧਾਂ ਵਿਚ ਚਿਣਿਆ ਗਿਆ ਸੀ ਤਾਂ ਉਸ ਵੇਲੇ ਉਹਨਾਂ ਦੋਵੇਂ ਮਾਸੂਮਾਂ ਦੇ ਸਿਰ ਕੱਟਣ ਵਾਲੇ ਦੋ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਣੇ ਵਿਚ ਹੀ ਰਹਿੰਦੇ ਸਨ। ਸਮਾਣੇ ਨੂੰ ਇਸ ਸਭ ਦਾ ਹਿਸਾਬ ਦੇਣ ਦਾ ਸਮਾਂ ਆ ਗਿਆ ਸੀ ਤੇ ਉਸ ਨੇ ਇਹ ਹਿਸਾਬ ਬੰਦਾ ਸਿੰਘ ਅਤੇ ਉਸ ਦੀ ਸਿੱਖ ਫ਼ੌਜ ਨੂੰ ਦੇਣਾ ਸੀ।

ਬੰਦਾ ਸਿੰਘ ਨੇ ਆਪਣੇ ਦਲ ਬਲ ਨਾਲ ਸਮਾਣੇ ਵਲ ਕੂਚ ਕਰ ਦਿੱਤਾ ਤੇ ਤੇਜ਼ ਰਫ਼ਤਾਰੇ ਚਲ ਕੇ ਵਾਟਾਂ ਨੱਪਦਾ ਉਹ ਆਪਣੀ ਫ਼ੌਜ ਨਾਲ 11 ਨਵੰਬਰ 1709, ਸ਼ੁਕਰਵਾਰ ਦੇ ਦਿਨ, ਸੂਰਜ ਦੇ ਢਲਣ ਅਤੇ ਸ਼ਾਮ ਪੈਣ ਤੱਕ ਸਮਾਣੇ ਸ਼ਹਿਰ ਦੇ ਬਾਹਰ ਸਮਾਣੇ ਦੀ ਜੂਹ ਵਿਚ ਪਹੁੰਚ ਗਿਆ। ਏਥੇ ਇਕ ਪਾਣੀ ਵਾਲੀ ਢਾਬ ਦੇ ਦੁਆਲੇ ਰੁੱਖਾਂ ਦਾ ਇਕ ਵੱਡਾ ਝੁੰਡ ਸੀ। ਸ਼ਾਮ ਦੇ ਘੁਸਮੁਸੇ ਵਿਚ ਬੰਦਾ ਸਿੰਘ ਨੇ ਆਪਣੇ ਦਲ ਨੂੰ ਇਸ ਥਾਂ ਤੇ ਇਕੱਠਾ ਕਰ ਲਿਆ ਅਤੇ ਸਮਾਣੇ ਉਤੇ ਹਮਲੇ ਲਈ ਸਹੀ ਘੜੀ ਅਤੇ ਸਮੇਂ ਦਾ ਇੰਤਜ਼ਾਰ ਕਰਨ ਲਗ ਪਿਆ।

ਮਾਲਵੇ ਦੇ ਇਸ ਇਲਾਕੇ ਵਿਚ ਸਰਦੀਆਂ ਦੀ ਰੁੱਤ ਸ਼ੁਰੂ ਹੋ ਚੁਕੀ ਸੀ ਅਤੇ ਸੂਰਜ ਛੇਤੀ ਡੁੱਬ ਗਿਆ ਸੀ। ਸ਼ਾਮਾਂ ਵੀ ਛੇਤੀ ਛੇਤੀ ਢਲ ਗਈਆਂ ਸਨ। ਇਹ ਠੰਡਾਂ ਦੇ ਦਿਨ ਸਨ ਅਤੇ ਰਾਤਾਂ ਹਨੇਰੀਆਂ ਹੋਣ ਤੋਂ ਇਲਾਵਾ ਸਰਦ ਸਨ। ਬਾਹਰ ਖੁੱਲੇ ਵਿਚ ਰਾਤ ਨੂੰ ਸਰਦ ਠੱਕੇ ਦੀਆਂ ਹਵਾਵਾਂ ਵਗਦੀਆਂ ਸਨ ਤੇ ਕਿਸੇ ਵੀ ਫ਼ੌਜ ਲਈ ਏਨੀਂ ਠੰਡ ਵਿਚ ਬਾਹਰ ਰੁਕਣਾ ਮੁਸ਼ਕਲ ਸੀ। ਪਰ ਬੰਦਾ ਸਿੰਘ ਅਤੇ ਉਸ ਦਿਆਂ ਸਾਥੀਆਂ ਲਈ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਜੋ ਕੋਈ ਵੀ ਬੰਦਾ ਸਿੰਘ ਅਤੇ ਉਸ ਦੀ ਖਾਲਸਾ ਫ਼ੌਜ ਨੂੰ ਉਸ ਵੇਲੇ ਵੇਖਦਾ ਤਾਂ ਉਹ ਸਮਝ ਜਾਂਦਾ ਕਿ ਸਮਾਣੇ ਦਾ ਫ਼ੌਜਦਾਰ ਕਿੰਨੇਂ ਵੱਡੇ ਭੁਲੇਖੇ ਤੇ ਮੁਗਾਲਤੇ ਵਿਚ ਸੀ ਅਤੇ ਉਸ ਦੇ ਸਮਾਣੇ ਦੇ ਬਚਾਅ ਲਈ ਕੀਤੇ ਇੰਤਜ਼ਾਮ, ਓਸੇ ਹੀ ਰਾਤ ਨੂੰ ਅਤੇ ਅਗਲੇ ਕੁਝ ਘੜੀਆਂ ਪਲਾਂ ਵਿਚ ਹੀ, ਕਿੰਨੇਂ ਨਾਕਾਫ਼ੀ ਸਿੱਧ ਹੋਣ ਵਾਲੇ ਸਨ। ਸਮਾਣੇ ਦਾ ਫ਼ੌਜਦਾਰ, ਬੰਦਾ ਸਿੰਘ ਅਤੇ ਉਸ ਦੇ ਸਿਰਲੱਥ

ਸਿੱਖਾਂ ਦੇ ਦ੍ਰਿੜ ਫ਼ੈਲਾਦੀ ਇਰਾਦਿਆਂ ਨੂੰ ਜਾਣਦਾ ਨਹੀਂ ਸੀ ਅਤੇ ਨ ਹੀ ਉਸ ਨੂੰ ਇਸ ਦਾ ਕੋਈ ਅੰਦਾਜ਼ਾ ਹੀ ਸੀ। ਇਹ ਉਸ ਦੀ ਭਾਰੀ ਗਲਤੀ ਸੀ ਅਤੇ ਉਸ ਨੂੰ ਗੁਮਾਨ ਵੀ ਨਹੀਂ ਸੀ ਕਿ ਉਸ ਦੀ ਇਸ ਗਲਤ ਸੋਚ ਦੇ ਸਿੱਟੇ ਵੱਜੋਂ ਇਸ ਦਾ ਕਿੰਨਾਂ ਭਾਰੀ ਖਮਿਆਜ਼ਾ ਉਸ ਨੇ ਅਤੇ ਸਾਰੇ ਸਮਾਣੇ ਸ਼ਹਿਰ ਨੇ ਓਸੇ ਹੀ ਰਾਤ ਅਗਲੇ ਕੁਝ ਹੀ ਘੜੀਆਂ ਪਲਾਂ ਵਿਚ ਭੁਗਤਣਾ ਸੀ। ਸਮਾਣੇ ਨਾਲ ਅਗਲੀਆਂ ਕੁਝ ਘੜੀਆਂ ਵਿਚ ਕੀ ਵਾਪਰਨ ਵਾਲਾ ਸੀ ਉਸ ਤੋਂ ਸਮਾਣਾ ਅਤੇ ਸਮਾਣੇ ਦੇ ਨਿਵਾਸੀ ਪੂਰੀ ਤਰ੍ਹਾਂ ਬੇਖਬਰ ਸਨ।

ਰਾਤ ਇਕ ਜਾਂ ਡੇਢ ਪਹਿਰ ਲੰਘ ਚੁਕੀ ਸੀ। ਚਾਰੇ ਪਾਸੇ ਹਨੇਰ ਪੱਸਰਿਆ ਹੋਇਆ ਸੀ। ਆਕਾਸ਼ ਸਾਫ਼ ਸੀ ਅਤੇ ਸਿਆਹ ਕਾਲੀ ਰਾਤ ਵਿਚ ਤਾਰੇ ਟਿਮਟਿਮਾ ਰਹੇ ਸਨ। ਰਾਤ ਭਾਵੇਂ ਹਨੇਰੀ ਸੀ ਪਰ ਤਾਰਿਆਂ ਦੀ ਲੋਅ ਵਿਚ ਜ਼ਮੀਨ ਅਤੇ ਪਗਡੰਡੀਆਂ ਚਮਕਦੀਆਂ ਸਨ ਅਤੇ ਦਿਸਦੀਆਂ ਸਨ। ਕੁੱਲ ਸਮਾਣਾ ਰਾਤ ਦੇ ਰੋਟੀ ਪਾਣੀ ਤੋਂ ਵਿਹਲਿਆਂ ਹੋ ਕੇ ਸੌਣ ਲਈ ਆਪਣੇ ਪਲੰਘਾਂ ਤੇ ਚਲਾ ਗਿਆ ਸੀ। ਲੋਕ ਰੇਸ਼ਮੀ ਰਜਾਈਆਂ ਵਿਚ ਵੜ ਕੇ ਨਿੱਘੇ ਹੋ ਰਹੇ ਸਨ। ਮਹਿਲ ਮਾੜੀਆਂ ਅਤੇ ਹਵੇਲੀਆਂ ਦੇ ਬਾਹਰਲੇ ਵੱਡੇ ਦਵਾਰ ਅਤੇ ਘਰਾਂ ਦੇ ਦਰਵਾਜੇ ਬੰਦ ਹੋ ਗਏ ਸਨ। ਕੁੰਡੇ ਮਾਰੇ ਜਾ ਚੁਕੇ ਸਨ। ਅਰਲ ਅਤੇ ਸਾਂਕਲਾਂ ਲਗ ਗਈਆਂ ਸਨ। ਸਮਾਣੇ ਦੀਆਂ ਗਲੀਆਂ ਵਿਚ ਕੋਈ ਇੱਕਾ ਦੁੱਕਾ ਆਦਮੀ ਹੀ ਨਜ਼ਰ ਆਉਂਦਾ ਸੀ ਤੇ ਜਾਂ ਕੋਈ ਰਾਤ ਦਾ ਪਹਿਰਾ ਦੇਣ ਵਾਲਾ ਪਹਿਰੇਦਾਰ ਹੀ ਜਾਗਦਾ ਸੀ। ਸਮਾਣੇ ਵਿਚ ਚਾਰੇ ਪਾਸੇ ਸਰਦੀਆਂ ਦੀ ਠੰਡੀ ਰਾਤ ਦਾ ਹਨੇਰ ਅਤੇ ਚੁੱਪ ਪੱਸਰੇ ਹੋਏ ਸਨ।

ਬੰਦਾ ਸਿੰਘ ਨੂੰ ਇਸ ਪਲ ਅਤੇ ਇਸ ਸਾਇਤ ਦੀ ਹੀ ਉਡੀਕ ਸੀ। ਉਸ ਨੇ ਇਸ਼ਾਰਾ ਕੀਤਾ ਤੇ ਉਸ ਦੇ ਸਿੱਖ ਸਿਪਾਹੀ ਸਮਾਣੇ ਦੀ ਜੂਹ ਤੋਂ ਨਿਕਲ ਕੇ ਸਮਾਣੇ ਵਲ ਨੂੰ ਚਲ ਪਏ। ਛੇਤੀ ਹੀ ਉਹਨਾਂ ਨੇ ਸਮਾਣੇ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਤੇ ਫ਼ਿਰ ਬੰਦਾ ਸਿੰਘ ਦਾ ਸੰਕੇਤ ਮਿਲਣ ਤੇ ਉਹਨਾਂ ਨੇ ਸਮਾਣੇ ਸ਼ਹਿਰ ਤੇ ਭਾਰੀ ਹਮਲਾ ਕਰ ਦਿੱਤਾ। ਸਮਾਣੇ ਨੂੰ ਆਪਣੇ ਉਤੇ ਮੰਡਰਾਉਂਦੀ ਮੌਤ ਦਾ ਚਿੱਤ ਚੇਤਾ ਵੀ ਨਹੀਂ ਸੀ। ਸਮਾਣਾ ਹਾਲੀ ਸਰਦੀਆਂ ਦੀ ਰਾਤ ਦੀ ਖੁਮਾਰੀ ਵਾਲੀ ਨੀਂਦ ਵਿਚ ਪਹੁੰਚਿਆ ਹੀ ਸੀ ਤੇ ਜਾਂ ਫ਼ਿਰ ਕੁਝ ਲੋਗ ਆਪਣਿਆਂ ਸੌਣ ਵਾਲੇ ਕਮਰਿਆਂ ਵਿਚ ਪਲੰਘਾਂ ਤੇ ਪਏ ਸੌਣ ਦੀਆਂ ਤਿਆਰੀਆਂ ਵਿਚ ਸਨ, ਜਦੋਂ ਬੰਦਾ ਸਿੰਘ ਦੀ ਫ਼ੌਜ ਭੁੱਖੇ ਸ਼ੇਰਾਂ ਵਾਂਗ ਸਮਾਣੇ ਤੇ ਟੁੱਟ ਪਈ। ਸਮਾਣੇ ਦਾ ਕੋਈ ਹਿਫ਼ਾਜ਼ਤੀ ਇੰਤਜ਼ਾਮ ਸਿੱਖਾਂ ਨੂੰ ਰੋਕ ਨਹੀਂ ਸਕਿਆ।

ਰੌਲਾ ਸੁਣ ਕੇ ਲੋਕੀਂ ਘਰਾਂ ਵਿਚੋਂ ਬਾਹਰ ਨਿਕਲੇ ਤੇ ਸਮਾਣੇ ਦੀਆਂ ਗਲੀਆਂ ਵਿਚ, ਉਸ ਦੇ ਬਜ਼ਾਰਾਂ ਵਿਚ, ਉਸ ਦੀਆਂ ਕਿਲਿਆਂ ਵਰਗੀਆਂ ਹਵੇਲੀਆਂ ਵਿਚ ਅਤੇ ਉਸ ਦੇ ਘਰਾਂ ਵਿਚ ਸਖ਼ਤ ਲੜਾਈ ਸ਼ੁਰੂ ਹੋ ਗਈ। ਗਲੀਆਂ ਅਤੇ ਬਜ਼ਾਰਾਂ ਵਿਚ ਸਿੱਖਾਂ ਦੀਆਂ ਬਿਜਲੀ ਵਾਂਗ ਚਮਕਦੀਆਂ, ਲਿਸ਼ਕਦੀਆਂ ਅਤੇ ਤਿੱਖੀ ਧਾਰ ਵਾਲੀਆਂ ਤਲਵਾਰਾਂ ਨੇ ਸਮਾਣੇ ਦੇ ਆਹੂ ਲਾਹ ਦਿੱਤੇ ਤੇ ਗਲੀਆਂ ਵਿਚ ਲਾਸ਼ਾਂ ਦੇ ਢੇਰ ਲਾ ਦਿੱਤੇ। ਸਾਰੀ ਰਾਤ ਲੜਾਈ ਹੁੰਦੀ ਰਹੀ। ਜਿੱਤ ਬੰਦਾ ਸਿੰਘ ਦੀ ਅਤੇ ਉਸ ਦੀ ਫ਼ੌਜ ਦੀ ਹੋਈ। ਸਿੱਖਾਂ ਨੇ ਹਰ ਘਰ ਦੀ ਤਲਾਸ਼ੀ ਲਈ ਤੇ ਸਭ ਲੁਕਿਆਂ ਛਿਪਿਆਂ ਨੂੰ ਲੱਭ ਕੇ ਤਲਵਾਰ ਦੀ ਧਾਰ ਵਿਚੋਂ ਲੰਘਾਇਆ। ਸਿੱਖਾਂ ਨੇ ਸਮਾਣੇ ਨੂੰ ਤਬਾਹ ਕਰ ਦਿੱਤਾ। ਸਮਾਣਾ ਅੱਗ ਦੇ ਹਵਾਲੇ ਹੋ ਗਿਆ। ਸਮਾਣੇ ਨੂੰ ਬੰਦਾ ਸਿੰਘ ਦੀ ਫ਼ੌਜ ਨੇ ਪੂਰੀ ਤਰ੍ਹਾਂ ਲੁੱਟਿਆ। ਸਮੂਹ ਸਮਾਣਾ ਸ਼ਹਿਰ ਥੇਹ ਵਿਚ ਤਬਦੀਲ ਹੋ ਗਿਆ ਤੇ ਮੁੜ ਵੱਸ ਨ ਸਕਿਆ। ਏਥੋਂ ਬਹੁਤ ਸਾਰਾ ਧਨ ਦੌਲਤ, ਸੋਨਾ, ਚਾਂਦੀ, ਤਲਵਾਰਾਂ, ਨੇਜ਼ੇ, ਹੋਰ ਫ਼ੌਜੀ ਸਮਾਨ, ਘੋੜੇ, ਰਸਦ, ਗੱਡੇ, ਗਾਵਾਂ, ਮੱਝਾਂ, ਬਲਦ ਆਦਿ ਮਿਲੇ ਜਿਸ ਨੇ ਬੰਦਾ ਸਿੰਘ ਦੀ ਫ਼ੌਜ ਦੀਆਂ ਕਈ ਤਰ੍ਹਾਂ ਦੀਆਂ ਜ਼ਰੂਰੀ ਲੋੜਾਂ ਅਤੇ ਕਮੀਆਂ ਦੂਰ ਕਰ ਦਿੱਤੀਆਂ।

ਸਮਾਣੇ ਦੀ ਜਿੱਤ ਨੇ ਇਸ ਇਲਾਕੇ ਵਿਚ ਮੁਗਲ ਸ਼ਾਸਨ ਅਤੇ ਉਸ ਦੇ ਪ੍ਰਸ਼ਾਸਨ ਤੰਤਰ ਦਾ ਲੱਕ ਤੋੜ ਦਿੱਤਾ। ਉਹਨਾਂ ਦੇ ਹੌਂਸਲੇ ਪਸਤ ਕਰ ਦਿੱਤੇ। ਸਮਾਣੇ ਦੀ ਲੜਾਈ ਵਿਚ ਬੰਦਾ ਸਿੰਘ ਅਤੇ ਉਸ ਦੀ ਫ਼ੌਜ ਦੇ ਹੱਥੋਂ ਕੋਈ ਦਸ ਹਜ਼ਾਰ ਸੱਯਦ ਤੇ ਮੁਗਲ ਮਾਰੇ ਗਏ ਸਨ ਅਤੇ ਜੋ ਬਚ ਗਏ ਸਨ ਉਹ ਸਦਾ ਲਈ ਸਮਾਣਾ ਛੱਡ ਗਏ। ਸਮਾਣਾ ਸੰਪੂਰਣ ਤੌਰ ਤੇ ਨਸ਼ਟ ਹੋ ਗਿਆ ਅਤੇ ਉੱਜੜ ਗਿਆ। ਅਗਲੇ ਦਿਨ ਬੰਦਾ ਸਿੰਘ ਨੇ ਸਮਾਣੇ ਵਿਚ ਖਾਲਸਾ ਪੰਚਾਇਤ ਬਣਾ ਕੇ ਤੈਨਾਤ ਕਰ ਦਿੱਤੀ। ਸਮਾਣੇ ਦੇ ਵਸਨੀਕਾਂ ਵਿਚੋਂ ਹੀ ਜ਼ਿੰਮੇਦਾਰ ਲੋਕਾਂ ਨੂੰ ਸਮਾਣੇ ਦੀ ਨਵੀਂ ਪ੍ਰਬੰਧ ਵਿਵਸਥਾ ਅਤੇ ਇੰਤਜ਼ਾਮ ਵਿਚ ਸ਼ਾਮਲ ਕੀਤਾ ਗਿਆ। ਮਾਲਵੇ ਤੋਂ ਆਏ ਭਾਈ ਫ਼ਤਹਿ ਸਿੰਘ ਅਤੇ ਉਸ ਦੇ ਦਲ ਨੇ ਸਮਾਣੇ ਦੀ ਜਿੱਤ ਵਿਚ ਚੋਖਾ ਯੋਗਦਾਨ ਪਾਇਆ ਸੀ। ਬੰਦਾ ਸਿੰਘ ਨੇ ਭਾਈ ਫ਼ਤਹਿ ਸਿੰਘ ਨੂੰ ਸਮਾਣੇ ਦਾ ਹਾਕਮ ਥਾਪ ਦਿੱਤਾ ਅਤੇ ਉਸ ਨੂੰ ਹਿਦਾਇਤ ਕੀਤੀ ਕਿ ਉਸ ਨੇ ਸਿੱਖ ਮਰਿਆਦਾ ਦੀ ਪਾਲਣਾ ਕਰਦਿਆਂ ਹੋਇਆਂ ਸਮਾਣੇ ਦੇ ਹਾਕਮ

ਦੀਆਂ ਜ਼ਿੰਮੇਦਾਰੀਆਂ ਨਿਭਾਉਣੀਆਂ ਸਨ। ਬੰਦਾ ਸਿੰਘ ਦੇ ਥਾਪੇ ਨਵੇਂ ਨਿਜ਼ਾਮ ਥੱਲੇ ਮੁਗਲ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਉਹਨਾਂ ਕੋਲੋਂ ਖੋਹ ਕੇ ਉਹਨਾਂ ਜ਼ਮੀਨਾਂ ਤੇ ਕੰਮ ਕਰਦੇ ਕਾਮਿਆਂ ਅਤੇ ਕਾਸ਼ਤਕਾਰਾਂ ਨੂੰ ਦੇ ਦਿੱਤੀਆਂ ਗਈਆਂ ਅਤੇ ਉਹਨਾਂ ਨੂੰ ਉਹਨਾਂ ਜ਼ਮੀਨਾਂ ਦੀ ਮਲਕੀਅਤ ਦੇ ਲਿਖਤੀ ਪੱਟੇ, ਹੱਕ ਅਤੇ ਅਖ਼ ਤਿਆਰ ਵੀ ਦੇ ਦਿੱਤੇ ਗਏ।

ਬੰਦਾ ਸਿੰਘ ਦੀ ਸਰਹੰਦ ਤੇ ਨਜ਼ਰ

ਬਾਦਸ਼ਾਹ ਬਹਾਦੁਰ ਸ਼ਾਹ ਹਾਲੀ ਦੱਖਣ ਵਿਚ ਹੀ :

ਬੰਦਾ ਸਿੰਘ ਸਮਾਣੇ ਵਿਚ ਦੋ ਕੁ ਦਿਨ ਹੀ ਠਹਿਰਿਆ। ਉਸ ਦੀ ਨਜ਼ਰ ਗੁਰੂ ਮਾਰੀ ਸਰਹੰਦ ਉਤੇ ਸੀ। ਪਰ ਇਕ ਜ਼ਿੰਮੇਦਾਰ ਫ਼ੌਜੀ ਜਰਨੈਲ ਵਾਂਗ ਬੰਦਾ ਸਿੰਘ ਨੂੰ ਇਹ ਵੀ ਅਹਿਸਾਸ ਸੀ ਕਿ ਸਰਹੰਦ ਦੇ ਮੁਗਲ ਫ਼ੌਜਦਾਰ ਵਜ਼ੀਰ ਖਾਂ ਕੋਲ ਤਗੜੀ ਫ਼ੌਜੀ ਤਾਕਤ ਸੀ ਅਤੇ ਉਸ ਨਾਲ ਦੋ ਹੱਥ ਕਰਨ ਲਈ ਹਾਲੀ ਉਹ ਅਤੇ ਉਸ ਦੀ ਸਿੱਖ ਫ਼ੌਜ ਤਿਆਰ ਨਹੀਂ ਸਨ। ਉਸ ਦੀ ਫ਼ੌਜ ਨੂੰ ਹੋਰ ਤਿਆਰੀ ਕਰਨ ਅਤੇ ਹੋਰ ਜੋਰ ਫ਼ੜਣ ਦੀ ਲੋੜ ਸੀ। ਨਾਲ ਹੀ ਫ਼ੌਜਦਾਰ ਵਜ਼ੀਰ ਖਾਂ ਦੀ ਲੜਾਈ ਕਰਨ ਦੀ ਤਾਕਤ ਨੂੰ ਹੌਲੀ ਹੌਲੀ ਖੀਣ ਕਰਨ ਦੀ ਵੀ ਲੋੜ ਸੀ ਜਿਸ ਨਾਲ ਉਹ ਅਤੇ ਸਰਹੰਦ, ਦੋਵੇਂ ਫ਼ੌਜੀ ਜ਼ੋਰ ਦੇ ਪੱਖ ਤੋਂ, ਲਗਾਤਾਰ ਕਮਜ਼ੋਰ ਹੁੰਦੇ ਜਾਣ। ਜਲਦ ਬਾਜ਼ੀ ਕਰਨੀ ਠੀਕ ਨਹੀਂ ਸੀ, ਲੋਹੇ ਨੂੰ ਪਹਿਲਾਂ ਚੰਗੀ ਤਰ੍ਹਾਂ ਭਖ਼ਾ ਕੇ ਗਰਮ ਅਤੇ ਨਰਮ ਕਰਨਾ ਸੀ ਅਤੇ ਫ਼ਿਰ ਸਹੀ ਵੇਲੇ ਤੇ ਹੀ ਵਦਾਣ ਦੀ ਸੱਟ ਲਾਉਣ ਵਿਚ ਸਿਆਣਪ ਸੀ। ਦੁਸ਼ਮਨ ਦੀ ਤਾਕਤ ਨੂੰ ਘਟਾਉਣਾ ਵੀ ਚੰਗੀ ਫ਼ੌਜੀ ਨੀਤੀ ਸੀ ਅਤੇ ਏਦਾਂ ਸੋਚਣਾ ਬੰਦਾ ਸਿੰਘ ਦੀ ਸਾਮਰਿਕ ਕੁਸ਼ਲਤਾ ਵਿਚ ਉਸ ਦੀ ਵਧੀਆ ਪਰਪੱਕਤਾ ਦਾ ਪ੍ਰਤੀਕ ਸੀ। ਸੂਬੇਦਾਰ ਵਜ਼ੀਰ ਖਾਂ ਅਤੇ ਸਰਹੰਦ ਨੂੰ ਆਪਣੇ ਮੰਦੇ ਕਰਮਾਂ ਦਾ ਹਿਸਾਬ ਦੇਣ ਲਈ ਹਾਲੀ ਹੋਰ ਇੰਤਜ਼ਾਰ ਕਰਨੀ ਬਾਕੀ ਸੀ। ਵਜ਼ੀਰ ਖਾਂ ਅਤੇ ਸਰਹੰਦ ਨੂੰ ਟੱਕਰ ਦੇ ਕੇ ਉਹਨਾਂ ਨੂੰ ਢਾਹੁਣ ਅਤੇ ਤਹਿਸ ਨਹਿਸ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋਣ ਲਈ ਬੰਦਾ ਸਿੰਘ ਅਤੇ ਉਸ ਦੀ ਸਿੱਖ ਫ਼ੌਜ ਨੂੰ ਹਾਲੀ ਹੋਰ ਸਮਾਂ ਚਾਹੀਦਾ ਸੀ।

ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਸਿਤੰਬਰ 1707 ਦਾ ਆਗਰੇ ਤੋਂ ਹਿੰਦੁਸਤਾਨ ਦੇ ਦੱਖਣ ਵਲ ਗਿਆ ਸੀ ਅਤੇ ਹੁਣ ਨਵੰਬਰ 1709 ਚਲ ਰਿਹਾ ਸੀ। ਉਸ ਨੂੰ ਗਏ ਨੂੰ ਦੋ ਸਾਲ ਤੋਂ ਵਧ ਸਮਾਂ ਹੋ ਚੁਕਾ ਸੀ ਪਰ ਬਾਦਸ਼ਾਹ ਹਾਲੀ ਹਿੰਦੁਸਤਾਨ ਦੇ ਦੱਖਣ ਵਿਚ ਹੀ ਸੀ ਅਤੇ ਆਪਣੇ ਛੋਟੇ ਭਰਾ ਕਾਮ ਬਖ਼ਸ਼ ਦੀ ਬਗਾਵਤ ਨੂੰ ਕੁਚਲਣ ਤੋਂ ਬਾਅਦ ਵਾਪਸ ਨਹੀਂ ਆਇਆ ਸੀ। ਉਸ ਦੀ ਗੈਰਹਾਜ਼ਰੀ ਵਿਚ ਦਿੱਲੀ ਤੋਂ ਮੁਗਲ ਰਾਜ ਦਾ ਦਿੱਲੀ ਤੋਂ ਮਰਕਜ਼ੀ ਪ੍ਰਬੰਧ ਜੋ ਔਰੰਗਜ਼ੇਬ ਦੀ ਦਿੱਲੀ ਤੋਂ 26 ਸਾਲ ਲੰਮੀ ਗੈਰਹਾਜ਼ਰੀ ਤੋਂ ਪਹਿਲਾਂ ਹੀ ਨਿਕੰਮਾ ਹੋ ਚੁਕਾ ਸੀ ਹੁਣ ਹੋਰ ਵੀ ਢਿੱਲਾ ਪੈ ਗਿਆ ਸੀ ਅਤੇ ਨਾਂਅ ਨੂੰ ਵੀ ਮੁਸਤੈਦ ਨਹੀਂ ਸੀ ਰਿਹਾ। ਮਨਸਬਦਾਰ, ਅਮੀਰ ਉਮਰਾ, ਸਰਕਾਰੀ ਅਫ਼ਸਰ ਅਤੇ ਇੰਤਜ਼ਾਮ ਪਹਿਲਾਂ ਔਰੰਗਜ਼ੇਬ ਅਤੇ ਹੁਣ ਬਹਾਦੁਰ ਸ਼ਾਹ ਦੀ ਦਿੱਲੀ ਤੋਂ ਲੰਮੀ ਗੈਰਹਾਜ਼ਰੀ ਕਾਰਨ ਆਪਣੇ ਕੰਮਾਂ ਅਤੇ ਫ਼ਰਜ਼ਾਂ ਤੋਂ ਲਾਪ੍ਰਵਾਹ ਅਤੇ ਗੈਰਜ਼ਿੰਮੇਦਾਰ ਹੋ ਗਏ ਸਨ। ਇਹ ਵੀ ਇਕ ਕਾਰਨ ਸੀ ਕਿ ਬੰਦਾ ਸਿੰਘ ਨੂੰ ਉਸ ਦੀਆਂ ਕਾਰਵਾਈਆਂ ਦੇ ਬਰਖ਼ਿਲਾਫ਼ ਮੁਗਲ ਸਲਤਨਤ ਵਲੋਂ ਘੱਟ ਅਤੇ ਬੱਧੋਰਿੱਧੀ ਨਾਲ ਕੀਤੀ ਮੁਖਾਲਫ਼ਤ ਦਾ ਹੀ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਫ਼ਿਰ ਵੀ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਵਜ਼ੀਰ ਖਾਂ ਸਰਹੰਦ ਦਾ ਸੂਬੇਦਾਰ ਸੀ। ਸਰਹੰਦ ਉਸ ਦੀ ਰਿਹਾਇਸ਼ਗਾਹ ਸੀ ਅਤੇ ਉਸ ਦੀ ਹਿਫ਼ਾਜ਼ਤ ਲਈ ਉਹ ਆਪ ਜ਼ਿੰਮੇਵਾਰ ਸੀ। ਇਸ ਲਈ ਉਹ ਆਪਣੀ ਪੂਰੀ ਵਾਹ ਲਾ ਕੇ ਆਪਣੀਆਂ ਫ਼ੌਜੀ ਤਿਆਰੀਆਂ ਕਰਨ ਵਿਚ ਰੁੱਝਾ ਹੋਇਆ ਸੀ। ਜ਼ਾਲਮ ਹੋਣ ਤੋਂ ਇਲਾਵਾ ਉਹ ਸੁਭਾਅ ਦਾ ਹੰਕਾਰੀ ਵੀ ਸੀ ਅਤੇ ਉਹ ਬੰਦਾ ਸਿੰਘ ਦੇ ਬਰਖ਼ਿਲਾਫ਼ ਹੋਣ ਵਾਲੀ ਲੜਾਈ ਲਈ ਆਪਣੀ ਤਾਕਤ ਵਧਾਉਣ ਲਈ ਹਰ ਜੋੜਤੋੜ ਅਤੇ ਸਭ ਸੰਭਵ ਕੋਸ਼ਿਸ਼ਾਂ ਕਰ ਰਿਹਾ ਸੀ।

ਮਾਝੇ ਅਤੇ ਦੁਆਬ ਦੇ ਸਿੱਖ ਬੰਦਾ ਸਿੰਘ ਦੀ ਫ਼ੌਜ ਵਿਚ ਭਰਤੀ ਹੋਣ ਲਈ ਆਉਣ ਲਗ ਪਏ :

ਸੂਬੇਦਾਰ ਵਜ਼ੀਰ ਖਾਂ ਨੂੰ ਆਪਣੇ ਸੂਹਿਆਂ ਤੋਂ ਖਬਰਾਂ ਪਹੁੰਚ ਰਹੀਆਂ ਸਨ ਕਿ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋਣ ਲਈ ਮਾਝੇ ਤੋਂ ਅਤੇ ਦੁਆਬੇ ਤੋਂ ਸਿੱਖਾਂ ਦੇ ਦਲ ਆ ਰਹੇ ਸਨ। ਮਾਲਵੇ ਤੋਂ ਵੀ ਸਿੱਖਾਂ ਦਾ ਇਕ ਦਲ ਆ ਕੇ ਬੰਦਾ ਸਿੰਘ ਦੀ ਫ਼ੌਜ ਨਾਲ ਰਲਣਾ ਚਾਹੁੰਦਾ ਸੀ। ਵਜ਼ੀਰ ਖਾਂ ਚਾਹੁੰਦਾ ਸੀ ਕਿ ਇਹਨਾਂ ਦਲਾਂ ਨੂੰ ਬੰਦਾ ਸਿੰਘ ਦੀ ਫ਼ੌਜ ਨਾਲ ਮਿਲਣ ਨਾ ਦਿੱਤਾ ਜਾਵੇ। ਇਸ ਕੰਮ ਲਈ ਉਸ ਨੇ ਮਲੇਰ ਕੋਟਲਾ ਅਤੇ ਰੋਪੜ ਦੇ ਪਠਾਣਾਂ ਤੋਂ ਮਦਦ ਮੰਗੀ ਕਿ ਉਹ ਸਿੱਖਾਂ ਦੇ ਇਹਨਾਂ ਦਲਾਂ ਨੂੰ ਸਤਲੁਜ ਦਰਿਆ ਪਾਰ ਨਾ ਕਰਨ ਦੇਣ ਅਤੇ ਉਹਨਾਂ ਨੂੰ ਫ਼ੌਜੀ ਕਾਰਵਾਈ ਰਾਹੀਂ ਰੋਕਣ। ਇਹ ਮਦਦ ਵਜ਼ੀਰ ਖਾਂ ਨੂੰ ਮਿਲ ਗਈ ਸੀ।

ਓਧਰ, ਬੰਦਾ ਸਿੰਘ ਨੂੰ ਵੀ ਜਾਣਕਾਰੀਆਂ ਮਿਲ ਰਹੀਆਂ ਸਨ ਕਿ ਮਾਝੇ ਤੋਂ ਆ ਰਹੇ ਸਾਰੇ ਸਿੱਖ ਦਲ ਦਰਿਆ ਸਤਲੁਜ

ਦੇ ਕੰਢੇ ਕੀਰਤਪੁਰ ਦੇ ਸਥਾਨ ਤੇ ਇਕੱਠੇ ਹੋਣ ਦੀ ਵਿਓਂਤ ਬਣਾ ਰਹੇ ਹਨ। ਉਸ ਨੇ ਫ਼ੈਸਲਾ ਕੀਤਾ ਕਿ ਉਸ ਨੂੰ ਇਹਨਾਂ ਸਿੱਖ ਦਲਾਂ ਨੂੰ ਅੱਗਲਵਾਂਢੀ ਹੋ ਕੇ ਮਿਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾ ਕਿ ਵਜ਼ੀਰ ਖਾਂ ਦੀ ਇਹਨਾਂ ਸਿੱਖ ਦਲਾਂ ਨੂੰ ਕੀਰਤਪੁਰ ਹੀ ਰੋਕ ਕੇ ਬੰਦਾ ਸਿੰਘ ਦੀ ਫ਼ੌਜ ਨਾਲ ਨਾ ਮਿਲਣ ਦਿੱਤੇ ਜਾਣ ਦੀ ਕੋਈ ਤਜ਼ਵੀਜ਼ ਕਾਮਯਾਬ ਨ ਹੋ ਸਕੇ। ਇਹਨਾਂ ਸਾਰੀਆਂ ਗੱਲਾਂ ਅਤੇ ਪੱਖਾਂ ਨੂੰ ਵਿਚਾਰਦਿਆਂ ਬੰਦਾ ਸਿੰਘ ਨੇ ਆਪਣੀ ਫ਼ੌਜ ਨਾਲ ਸਰਹੰਦ ਵਲ ਜਾਣ ਦੀ ਬਜਾਇ ਪੂਰਬ ਦੀ ਦਿਸ਼ਾ ਦਾ ਰੁਖ਼ ਕਰਕੇ ਇਕ ਲੰਮਾ ਵਲ਼ਾ ਪਾ ਕੇ ਕੀਰਤਪੁਰ ਵਲ ਨੂੰ ਕੂਚ ਕਰ ਦਿੱਤਾ।

ਘੁੜਾਮ, ਠਸਕਾ ਅਤੇ ਸ਼ਾਹਬਾਦ ਮਾਰਕੰਡਾ :

ਇਸ ਰਸਤੇ ਵਿਚ ਘੁੜਾਮ ਨਾਂਅ ਦਾ ਇਕ ਪਿੰਡ ਆਉਂਦਾ ਸੀ ਜਿਥੇ ਘੁੜਾਮ ਦੇ ਕੁਝ ਪਠਾਣਾਂ ਨੇ ਬੰਦਾ ਸਿੰਘ ਦੀ ਫ਼ੌਜ ਦਾ ਰਾਹ ਰੋਕਣ ਦਾ ਯਤਨ ਕੀਤਾ ਪਰ ਟਿਕ ਨ ਸਕੇ। ਬੰਦਾ ਸਿੰਘ ਨੇ ਘੁੜਾਮ ਨੂੰ ਸਰ ਕਰਕੇ ਉਸ ਨੂੰ ਵੀ ਭਾਈ ਫ਼ਤਹਿ ਸਿੰਘ ਦੀ ਅਮਲਦਾਰੀ ਵਿਚ ਦੇ ਦਿੱਤਾ। ਘੁੜਾਮ ਤੋਂ ਬਾਅਦ ਠਸਕੇ ਦੀ ਵਾਰੀ ਆਈ ਤੇ ਫ਼ਿਰ ਸ਼ਾਹਬਾਦ ਦੀ। ਇਹ ਦੋਵੇਂ ਵੀ ਮੁਗਲਾਂ ਦੇ ਮਜ਼ਬੂਤ ਅਤੇ ਤਾਕਤਵਰ ਥਾਣੇ ਮੰਨੇ ਜਾਂਦੇ ਸਨ ਜਿਥੇ ਮੁਗਲ ਸਿਪਾਹੀਆਂ ਦੀਆਂ ਹਥਿਆਰਬੰਦ ਚੌਂਕੀਆਂ ਤੈਨਾਤ ਸਨ। ਠਸਕੇ ਵਿਚ ਬੰਦਾ ਸਿੰਘ ਦੀਆਂ ਫ਼ੌਜਾਂ ਨੂੰ ਕੋਈ ਮੁਸ਼ਕਲ ਨ ਆਈ। ਉਹਨਾਂ ਨੇ ਸਿੱਖ ਫ਼ੌਜਾਂ ਦੀ ਈਨ ਮੰਨ ਲਈ।

ਹੁਣ ਸ਼ਾਹਬਾਦ ਦੀ ਵਾਰੀ ਸੀ। ਸ਼ਾਹਬਾਦ ਇਕ ਪੁਰਾਣਾ ਸ਼ਹਿਰ ਹੈ ਜੋ ਮਾਰਕੰਡਾ ਨਾਂਅ ਦੀ ਨਦੀ ਦੇ ਖੱਬੇ ਕੰਢੇ ਤੇ ਵਸਿਆ ਹੋਇਆ ਹੈ। ਮਾਰਕੰਡਾ ਇਕ ਪੁਰਾਤਨ ਰਿਸ਼ੀ ਸਨ ਜਿਨ੍ਹਾਂ ਦੇ ਨਾਂਅ ਤੋਂ ਇਸ ਨਦੀ ਨੂੰ ਮਾਰਕੰਡਾ ਨਦੀ ਆਖਿਆ ਜਾਂਦਾ ਹੈ। ਏਥੇ ਮਾਰਕੰਡਾ ਰਿਸ਼ੀ ਨੂੰ ਸਮਰਪਿਤ ਇਕ ਮੰਦਰ ਵੀ ਹੈ ਜੋ ਨਦੀ ਦੇ ਬਿਲਕੁਲ ਕੰਢੇ ਤੇ ਬਣਿਆ ਹੋਇਆ ਹੈ। ਇਸ ਲਈ ਇਸ ਸ਼ਹਿਰ ਨੂੰ ਸ਼ਾਹਬਾਦ ਮਾਰਕੰਡਾ ਵੀ ਆਖਿਆ ਜਾਂਦਾ ਹੈ। ਮਾਰਕੰਡਾ ਨਦੀ ਸ਼ਿਵਾਲਿਕ ਦੀਆਂ ਪਹਾੜੀਆਂ ਵਿਚੋਂ ਨਿਕਲਦੀ ਹੈ ਅਤੇ 90 ਕਿਲੋਮੀਟਰ ਲੰਮੀਂ ਹੈ। ਅਗਾਂਹ ਜਾ ਕੇ ਇਹ ਘੱਗਰ ਦਰਿਆ ਵਿਚ ਸਮਾ ਜਾਂਦੀ ਹੈ। ਅਜਕਲ ਇਹ ਸ਼ਹਿਰ ਹਰਿਆਣਾ ਰਾਜ ਦੇ ਕੁਰੂਕਸ਼ੇਤਰ ਜ਼ਿਲੇ ਵਿਚ ਪੈਂਦਾ ਹੈ ਅਤੇ ਅੰਬਾਲਾ ਛਾਉਣੀ ਸ਼ਹਿਰ ਤੋਂ 20 ਕਿਲੋਮੀਟਰ ਦੱਖਣ ਵਲ ਸਥਿਤ ਹੈ।

ਮੁਗਲਾਂ ਦੇ ਵੇਲੇ ਸ਼ਾਹਬਾਦ ਦੀ ਵਿਸ਼ੇਸ਼ ਮਹੱਤਤਾ ਸੀ ਕਿਓਂ ਕਿ ਇਹ ਦਿੱਲੀ ਤੋਂ ਉਤਰ ਪੱਛਮੀ ਦਿਸ਼ਾ ਵਲ ਲਾਹੌਰ, ਪਿਸ਼ਾਵਰ ਅਤੇ ਕਾਬੁਲ ਵਲ ਜਾਣ ਵਾਲੇ ਸ਼ਾਹਰਾਹ ਤੇ ਪੈਂਦਾ ਸੀ। ਇਸ ਪਾਸੇ ਤੋਂ ਅਫ਼ਗਾਨਿਸਤਾਨ ਅਤੇ ਈਰਾਨ ਵਲ ਜਾਣ ਵਾਲੇ ਅਤੇ ਓਧਰੋਂ ਏਧਰ ਨੂੰ ਆਉਣ ਵਾਲੇ ਮੁਸਾਫ਼ਰ, ਸੌਦਾਗਰ, ਵਪਾਰੀ, ਫ਼ੌਜੀ ਕਾਫ਼ਲੇ, ਸ਼ਾਹੀ ਲਸ਼ਕਰ ਅਤੇ ਸ਼ਾਹੀ ਪਰਿਵਾਰਾਂ ਦੀਆਂ ਸਵਾਰੀ ਟੋਲੀਆਂ ਅਕਸਰ ਸ਼ਾਹਬਾਦ ਵਿਚ ਪੜਾਅ ਕਰਨ ਲਈ ਰੁਕ ਜਾਂਦੇ ਸਨ। ਇਸ ਕਾਰਨ ਇਹ ਇਕ ਤਰ੍ਹਾਂ ਦਾ ਤਿਜਾਰਤੀ ਕੇਂਦਰ ਵੀ ਬਣ ਗਿਆ ਸੀ। ਏਥੇ ਦੂਰੋਂ ਨੇੜਿਓਂ ਲਿਆਂਦੀਆਂ ਹੋਈਆਂ ਚੀਜ਼ਾਂ ਵਸਤਾਂ ਦੀ ਖ਼ਰੀਦ ਓ ਫ਼ਰੋਖ਼ਤ ਵੀ ਹੁੰਦੀ ਸੀ। ਏਥੇ ਇਕ ਛੋਟੀ ਜੇਹੀ ਗੜ੍ਹੀ ਵੀ ਬਣੀ ਹੋਈ ਸੀ ਜਿਸ ਵਿਚ ਮੁਗਲ ਫ਼ੌਜੀ ਥਾਣੇ ਲਈ ਤੈਨਾਤ ਹਥਿਆਰਬੰਦ ਸਿਪਾਹੀ ਰਹਿੰਦੇ ਸਨ ਜੋ ਸ਼ਹਿਰ ਅਤੇ ਕਿਲੇ ਦੀ ਹਿਫ਼ਾਜ਼ਤ ਕਰਦੇ ਸਨ। ਸ਼ਾਹਬਾਦ ਇਕ ਪੁਰਾਣਾ ਸ਼ਹਿਰ ਹੈ ਜਿਸ ਨੂੰ ਸ਼ਹਾਬੁੱਦੀਨ ਮੁਹੰਮਦ ਗੌਰੀ ਨੇ ਸੰਨ 1192 ਵਿਚ ਤਰੌੜੀ ਦੀ ਲੜਾਈ ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਹਰਾਉਣ ਤੋਂ ਬਾਦ ਵਸਾਇਆ ਸੀ। ਸ਼ੁਰੂ ਵਿਚ ਇਸ ਦੀ ਆਬਾਦੀ ਬਹੁਤਾ ਕਰਕੇ ਮੁਸਲਮਾਨਾਂ ਦੀ ਸੀ। ਆਪਣੀ ਜਿੱਤ ਦੀ ਖੁਸ਼ੀ ਵਿਚ ਮੁਹੰਮਦ ਗੌਰੀ ਨੇ ਆਪਣੇ ਜਰਨੈਲ ਕੁਤਬੁੱਦੀਨ ਐਬਕ ਨੂੰ ਏਥੇ 52000 ਵਿਘੇ ਜ਼ਮੀਨ ਇਨਾਮ ਵਿਚ ਦਿੱਤੀ ਸੀ। ਵਗਦੀ ਮਾਰਕੰਡਾ ਨਦੀ ਦੇ ਕੰਢੇ ਤੇ ਹੋਣ ਕਰਕੇ ਇਹ ਇਲਾਕਾ ਬੜਾ ਮਨੋਰਮ, ਹਰਿਆ ਭਰਿਆ, ਉਪਜਾਊ ਅਤੇ ਸੋਹਣਾ ਸੀ। ਮੁਗਲ ਬਾਦਸ਼ਾਹ ਬਾਬਰ ਅਤੇ ਹੁਮਾਯੂੰ ਵੀ ਏਥੇ ਕੁਝ ਚਿਰ ਰਹੇ ਸਨ।

ਮਾਰਕੰਡਾ ਦਰਿਆ ਦੇ ਕੰਢੇ ਤੇ ਅਤੇ ਅੰਬਾਲੇ ਸ਼ਹਿਰ ਦੇ ਨਜ਼ਦੀਕ ਵਸੇ ਹੋਣ ਕਰਕੇ, ਸ਼ਾਹਬਾਦ ਮਾਰਕੰਡਾ ਸ਼ਹਿਰ ਮੁਗਲਾਂ ਲਈ ਰਣਨੀਤੀ, ਪ੍ਰਸ਼ਾਸਨ, ਸੁਰੱਖਿਆ ਅਤੇ ਸਾਮਰਿਕ ਪੱਖਾਂ ਤੋਂ ਬਹੁਤ ਮਹੱਤਵਪੂਰਣ ਸੀ। ਬੰਦਾ ਸਿੰਘ ਬਹਾਦੁਰ ਦੀ ਫ਼ੌਜ ਨੇ ਸ਼ਾਹਬਾਦ ਤੇ ਹਮਲਾ ਕਰ ਦਿੱਤਾ ਅਤੇ ਜੋਰਦਾਰ ਲੜਾਈ ਤੋਂ ਬਾਅਦ ਓਥੇ ਤੈਨਾਤ ਫ਼ੌਜੀ ਟੁਕੜੀ ਦੇ ਸਿਪਾਹੀਆਂ ਨੂੰ ਹਰਾ ਦਿੱਤਾ। ਬਹੁਤੇ ਮਾਰੇ ਗਏ ਅਤੇ ਬਾਕੀਆਂ ਨੇ ਨੱਸ ਕੇ ਜਾਨਾਂ ਬਚਾਈਆਂ। ਬੰਦਾ ਸਿੰਘ ਅਤੇ ਉਸ ਦੀ ਫ਼ੌਜ ਦੇ ਅੱਗੇ ਇਹਨਾਂ ਫ਼ੌਜੀ ਚੌਂਕੀਆਂ ਦੀ ਕੋਈ ਪੇਸ਼ ਨ ਗਈ। ਬੰਦਾ ਸਿੰਘ ਦੀ ਅਤੇ ਉਸ ਦੀ ਫ਼ੌਜ ਦੀ 'ਜੋ ਅੜੇ ਸੋ ਝੜੇ' ਦੀ ਨੀਤੀ ਸੋਹਣਾ ਰੰਗ ਲਿਆ ਰਹੀ ਸੀ। ਬੰਦਾ ਸਿੰਘ ਦੀ ਫ਼ੌਜ ਨੇ ਸ਼ਾਹਬਾਦ ਦੇ ਮੁਗਲ ਫ਼ੌਜੀ ਠਾਣੇ ਅਤੇ ਟਿਕਾਣਿਆਂ ਨੂੰ ਬਰਬਾਦ ਕਰ ਕੇ ਸ਼ਹਿਰ ਨੂੰ ਲੁੱਟਿਆ ਅਤੇ ਤਬਾਹ ਕਰ ਦਿੱਤਾ। ਬਾਕੀ ਜਿੱਤੀਆਂ ਥਾਵਾਂ ਵਾਂਗ

ਏਥੇ ਵੀ ਮੁਗਲਾਂ ਦੇ ਠਾਣੇ ਬਰਬਾਦ ਕਰ ਦਿੱਤੇ ਗਏ। ਸ਼ਾਹਬਾਦ ਤੋਂ ਬੰਦਾ ਸਿੰਘ ਦੀ ਫ਼ੌਜ ਨੂੰ ਘੋੜੇ, ਤਲਵਾਰਾਂ, ਇਕ ਤੋਪ ਅਤੇ ਹੋਰ ਜੰਗੀ ਸਮਾਨ ਤੋਂ ਇਲਾਵਾ ਚੰਗੀ ਮਾਤਰਾ ਵਿਚ ਧਨ ਦੌਲਤ ਵੀ ਹੱਥ ਲਗੇ।

ਕਪੂਰੀ, ਮੁਸਤਫ਼ਾਬਾਦ ਅਤੇ ਸਢੌਰਾ :

ਸ਼ਾਹਬਾਦ ਮਾਰਕੰਡੇ ਨੂੰ ਜਿੱਤ ਕੇ ਬੰਦਾ ਸਿੰਘ ਨੇ ਹੁਣ ਸਢੌਰੇ ਸ਼ਹਿਰ ਦਾ ਰੁਖ਼ ਕੀਤਾ। ਰਸਤੇ ਵਿਚ ਹੀ ਉਸ ਨੂੰ ਜਾਣਕਾਰੀ ਮਿਲੀ ਕਿ ਰਾਹ ਵਿਚ ਪੈਂਦੇ ਕਸਬੇ ਕਪੂਰੀ ਦਾ ਹਾਕਮ ਕਦਮੁੱਦੀਨ ਇਸ ਇਲਾਕੇ ਵਿਚ ਲੋਕਾਂ ਤੇ ਬੜੇ ਅੱਤਿਆਚਾਰ ਅਤੇ ਜ਼ੁਲਮ ਕਰਦਾ ਹੈ। ਇਸ ਦਾ ਪਿਓ ਔਰੰਗਜ਼ੇਬ ਦੇ ਵੇਲੇ ਗੁਜਰਾਤ ਦਾ ਹੁਕਮਰਾਨ ਰਿਹਾ ਸੀ। ਪਿਓ ਦੀ ਜ਼ੁਲਮ ਅਤੇ ਤਸ਼ੱਦਦ ਵਰਤ ਕੇ ਗੁਜਰਾਤ ਤੋਂ ਇਕੱਠੀ ਕੀਤੀ ਧਨ ਦੌਲਤ ਪੁੱਤਰ ਦੇ ਹੱਥ ਆ ਗਈ ਸੀ। ਕਦਮੁੱਦੀਨ ਸਿਰ ਫ਼ਿਰਿਆ ਬਿਗੜੈਲ ਅਤੇ ਬੜੇ ਡਿੱਗੇ ਅਤੇ ਨੀਚ ਆਚਰਣ ਦਾ ਹਾਕਮ ਸੀ। ਆਮ ਪਤਾ ਸੀ ਕਿ ਇਹ ਵਹਿਸ਼ੀ ਦਰਿੰਦਾ ਉਸ ਇਲਾਕੇ ਦੇ ਲੋਕਾਂ ਦੀਆਂ ਧੀਆਂ, ਭੈਣਾਂ ਦੀ ਅਸਮਤ ਨਾਲ ਖੇਡਦਾ ਸੀ। ਆਪਣੇ ਸਿਪਾਹੀਆਂ ਨੂੰ ਭੇਜ ਕੇ ਲੋਕਾਂ ਦੀਆਂ ਕੁੜੀਆਂ ਅਤੇ ਤ੍ਰੀਮਤਾਂ ਨੂੰ ਜ਼ਬਰਦਸਤੀ ਘੋੜਿਆਂ ਤੇ ਰਖ ਕੇ ਚੁਕਵਾ ਲਿਆਉਂਦਾ ਸੀ। ਇਸ ਦੀਆਂ ਵਹਿਸ਼ੀ ਅਤੇ ਹੈਵਾਨੀ ਹਰਕਤਾਂ ਤੋਂ ਲੋਕ ਤੰਗ ਆ ਚੁਕੇ ਸਨ। ਪਰ ਕੋਈ ਉਹਨਾਂ ਦੀ ਫ਼ਰਿਆਦ ਸੁਣਨ ਵਾਲਾ ਨਹੀਂ ਸੀ।

ਬੰਦਾ ਸਿੰਘ ਨੇ ਪੈਰ ਤੇ ਕਦਮੁੱਦੀਨ ਨੂੰ ਸੋਧਣ ਦਾ ਫ਼ੈਸਲਾ ਕਰ ਲਿਆ। ਕਪੂਰੀ ਤੋਂ ਕੁਝ ਦੂਰੀ ਤੇ ਰਾਤ ਦਾ ਪੜਾਅ ਕਰ ਕੇ ਅਤੇ ਕਪੂਰੀ ਬਾਰੇ ਲੋੜੀਂਦੀ ਜਾਣਕਾਰੀ ਲੈ ਕੇ ਬੰਦਾ ਸਿੰਘ ਨੇ ਅਗਲੀ ਸਵੇਰ ਨੂੰ ਕਪੂਰੀ ਉਤੇ ਧਾਵਾ ਬੋਲ ਦਿੱਤਾ। ਕਦਮੁੱਦੀਨ ਦੀ ਹਵੇਲੀ ਨੂੰ ਘੇਰ ਕੇ ਸਿੱਖ ਫ਼ੌਜ ਨੇ ਮਾਰਕਾਟ ਸ਼ੁਰੂ ਕਰ ਦਿੱਤੀ। ਹਵੇਲੀ ਨੂੰ ਅਗਨਭੇਂਟ ਕਰ ਦਿੱਤਾ ਤੇ ਮਾਲ ਧਨ ਲੁੱਟ ਲਿਆ। ਪਲਾਂ ਵਿਚ ਆਤਤਾਈ ਤੇ ਜ਼ੁਲਮੀ ਕਦਮੁੱਦੀਨ ਦਾ ਘਰ ਘਾਟ ਸੜ ਕੇ ਸੁਆਹ ਹੋ ਗਿਆ ਅਤੇ ਉਸਦਾ ਅਤੇ ਉਸ ਦੇ ਬਦਕਾਰ ਸ਼ਾਸਨ ਦਾ ਨਾਮੋਨਿਸ਼ਾਨ ਮਿਟ ਗਿਆ। ਹੁਣ ਤੱਕ ਬੰਦਾ ਸਿੰਘ ਦੀ ਸ਼ੁਹਰਤ ਆਮ ਲੋਕਾਂ ਵਿਚ ਮੂੰਹੋਂ ਮੂੰਹੀਂ ਦੂਰ ਨੇੜੇ ਫ਼ੈਲ ਗਈ ਸੀ ਅਤੇ ਲੋਕ ਬੰਦਾ ਸਿੰਘ ਨੂੰ ਬੰਦਾ ਸਿੰਘ ਬਹਾਦੁਰ ਕਹਿ ਕੇ ਬੁਲਾਉਣ ਲਗ ਪਏ ਸਨ। ਕਪੂਰੀ ਤੋਂ ਬਾਅਦ ਹੁਣ ਸਢੌਰੇ ਦੀ ਵਾਰੀ ਸੀ।

ਸ਼ਾਹਬਾਦ ਮਾਰਕੰਡੇ ਤੋਂ ਬਾਅਦ ਬੰਦਾ ਸਿੰਘ ਨੇ ਆਪਣੀ ਫ਼ੌਜ ਨਾਲ ਸਢੌਰੇ ਦਾ ਰੁਖ਼ ਕੀਤਾ। ਰਾਹ ਵਿਚ ਮੁਸਤਫ਼ਾਬਾਦ ਪੈਂਦਾ ਸੀ। ਮੁਸਤਫ਼ਾਬਾਦ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ, ਮੁਸਤਫ਼ਾਬਾਦ ਇਕ ਸ਼ਹਿਰ ਹੈ ਜੋ ਜ਼ਿਲਾ ਅੰਬਾਲਾ, ਤਹਿਸੀਲ ਜਗਾਧਰੀ, ਥਾਣਾ ਛਪਰ ਵਿਚ ਰੇਲਵੇ ਸਟੇਸ਼ਨ ਮੁਸਤਫ਼ਾਬਾਦ ਤੋਂ ਦੋ ਮੀਲ ਚੜ੍ਹਦੇ ਵਲ ਹੈ। ਸਢੌਰਾ ਫ਼ਤਹਿ ਕਰਨ ਤੋਂ ਪਹਿਲਾਂ ਬੰਦਾ ਸਿੰਘ ਬਹਾਦੁਰ ਨੇ ਮੁਸਤਫ਼ਾਬਾਦ ਨੂੰ ਸਰ ਕੀਤਾ ਸੀ। ਅਜਕਲ ਮੁਸਤਫ਼ਾਬਾਦ ਦਾ ਨਾਂਅ ਬਦਲ ਕੇ ਸਰਸਵਤੀ ਨਗਰ ਕਰ ਦਿੱਤਾ ਗਿਆ ਹੈ। ਹੁਣ ਸਢੌਰਾ ਬੰਦਾ ਸਿੰਘ ਦੇ ਨਿਸ਼ਾਨੇ ਤੇ ਸੀ। ਸਢੌਰਾ ਸਮਾਣੇ ਦੇ ਉਤਰ ਪੂਰਬ ਵੱਲ ਪੈਂਦਾ ਸੀ।

ਸਢੌਰਾ :

ਮੁਗਲਈ ਹਕੂਮਤ ਦੀ ਸਰਹੰਦ ਸਰਕਾਰ ਦੇ 28 ਪਰਗਣੇ ਸਨ। ਸਢੌਰਾ ਇਹਨਾਂ ਵਿਚੋਂ ਇਕ ਸੀ। ਸਢੌਰਾ ਵੀ ਇਕ ਪੁਰਾਣਾ ਸ਼ਹਿਰ ਹੈ। ਏਥੇ ਸਾਧੂਆਂ ਸੰਤਾਂ ਦੇ ਡੇਰੇ ਹੁੰਦੇ ਸਨ ਅਤੇ ਉਸ ਵੇਲੇ ਇਸ ਇਲਾਕੇ ਤੋਂ ਗੰਗਾ ਵੱਲ ਜਾਣ ਵਾਲੇ ਹਿੰਦੂ ਤੀਰਥ ਯਾਤਰੀ ਏਥੇ ਪੜਾਅ ਕਰਦੇ ਸਨ। ਕਹਿਣ ਵਿਚ ਆਉਂਦਾ ਹੈ ਕਿ ਇਸ ਨੂੰ ਸਾਧੂ ਰਾਹ, ਸਾਧੂ ਦਵਾਰਾ, ਸਾਧੂ ਵਾੜਾ, ਸਾਧੂਔਰਾ, ਸਾਧੂਡੇਰਾ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਸੀ ਜੋ ਸਮੇਂ ਨਾਲ ਵਿਗੜ ਕੇ ਸਢੌਰਾ ਹੋ ਗਿਆ। ਲੋਧੀ ਸੁਲਤਾਨਾਂ ਦੇ ਵੇਲੇ ਤੋਂ ਸਢੌਰਾ ਮੁਸਲਮਾਨਾਂ ਦੇ ਹੱਥਾਂ ਵਿਚ ਚਲਾ ਗਿਆ ਸੀ। ਸੰਨ 1414 ਵਿਚ ਸੁਲਤਾਨ ਖਿਜ਼ਰ ਖਾਨ ਦਿੱਲੀ ਦੇ ਤਖ਼ਤ ਤੇ ਬੈਠਾ ਸੀ। ਉਸ ਨੇ ਸਢੌਰੇ ਨੂੰ ਇਕ ਸ਼ੇਖ਼ ਨਿਜ਼ਾਮੁੱਦੀਨ ਨੂੰ ਜਾਗੀਰ ਵਿਚ ਦੇ ਦਿੱਤਾ ਸੀ ਜਿਸ ਦੀ ਨੌਵੀਂ ਪੀੜ੍ਹੀ ਵਿਚੋਂ ਸੱਯਦ ਬਦਰੁੱਦੀਨ ਸ਼ਾਹ ਸਨ ਜਿਨ੍ਹਾਂ ਨੂੰ ਪੀਰ ਬੁੱਧੂ ਸ਼ਾਹ ਵੀ ਆਖਿਆ ਜਾਂਦਾ ਹੈ। ਪੀਰ ਬੁੱਧੂ ਸ਼ਾਹ ਬੜੇ ਸੰਤ ਸੁਭਾਅ ਵਾਲੇ ਸਨ ਅਤੇ ਆਮ ਲੋਕਾਂ ਵਿਚ ਉਹਨਾਂ ਦਾ ਬੜਾ ਆਦਰ ਅਤੇ ਸਤਕਾਰ ਸੀ। ਇਹ ਸਿੱਖ ਗੁਰੂ ਸਾਹਿਬਾਨਾਂ ਦੇ ਸ਼ਰਧਾਲੂ ਸਨ ਅਤੇ ਸਿੱਖੀ ਦੇ ਸਿੱਧਾਂਤਾਂ ਦੇ ਪ੍ਰਸ਼ੰਸਕ ਸਨ। ਗੁਰੂ ਗੋਬਿੰਦ ਸਿੰਘ ਜੀ ਨਾਲ ਇਹਨਾਂ ਦੇ ਵਿਸ਼ੇਸ਼ ਤੌਰ ਤੇ ਚੰਗੇ ਸੰਬੰਧ ਸਨ।

ਜਦੋਂ ਬੰਦਾ ਸਿੰਘ ਬਹਾਦੁਰ ਆਪਣੀ ਸਿੱਖ ਫ਼ੌਜ ਨਾਲ ਸਢੌਰੇ ਵਲ ਵਧੀ ਆ ਰਿਹਾ ਸੀ ਓਦੋਂ ਸਢੌਰੇ ਦਾ ਹਾਕਮ ਉਸਮਾਨ ਖਾਂ ਨਾਂਅ ਦਾ ਇਕ ਮੁਸਲਮਾਨ ਸੀ। ਇਹ ਵੀ ਆਮ ਮੁਗਲ ਸ਼ਾਸਕਾਂ ਵਾਂਗ ਆਤਤਾਈ, ਅੱਤਿਆਚਾਰੀ ਅਤੇ ਜ਼ਾਲਮ ਹੁਕਮਰਾਨ ਸੀ। ਪੀਰ ਬੁੱਧੂ ਸ਼ਾਹ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਚੰਗੇ ਸੰਬੰਧਾਂ ਤੋਂ ਚਿੜ੍ਹ ਕੇ ਉਸਮਾਨ ਖਾਂ ਨੇ ਪੀਰ ਬੁੱਧੂ ਸ਼ਾਹ ਨੂੰ ਮਰਵਾ ਦਿੱਤਾ ਸੀ। ਉਸ ਦੇ ਇਸ ਜੁਰਮ ਲਈ ਸਿੱਖ ਉਸ

ਨੂੰ ਆਪਣਾ ਕਸੂਰਵਾਰ ਅਤੇ ਦੋਸ਼ੀ ਮੰਨਦੇ ਸਨ। ਓਦਾਂ ਵੀ ਬੰਦਾ ਸਿੰਘ ਬਹਾਦੁਰ ਚਾਹੁੰਦਾ ਸੀ ਕਿ ਸਰਹੰਦ ਦੇ ਫ਼ੌਜਦਾਰ ਵਜ਼ੀਰ ਖਾਂ ਨਾਲ ਦੋ ਹੱਥ ਕਰ ਕੇ ਉਸ ਨੂੰ ਨਜਿੱਠਣ ਤੋਂ ਪਹਿਲਾਂ ਸਰਹੰਦ ਦੇ ਆਲੇ ਦੁਆਲੇ ਦੇ ਇਲਾਕੇ ਸਰ ਕਰ ਲਏ ਜਾਣ ਤਾ ਕਿ ਜਦੋਂ ਸਰਹੰਦ ਤੇਂ ਧਾਵਾ ਕੀਤਾ ਜਾਵੇ ਤਾਂ ਉਸ ਵੇਲੇ ਸਰਹੰਦ ਦੀ ਮਦਦ ਲਈ ਲਾਗਿਓਂ ਅਤੇ ਬਾਹਰੋਂ ਕੋਈ ਫ਼ੌਜੀ ਇਮਦਾਦ ਸਰਹੰਦ ਨੂੰ ਨਾ ਪਹੁੰਚ ਸਕੇ। ਜਿਵੇਂ ਕਿਸੇ ਵੱਡੇ ਰੁੱਖ ਨੂੰ ਛਾਂਗੀਦਾ ਹੈ, ਏਵੇਂ ਬੰਦਾ ਸਿੰਘ ਬਹਾਦੁਰ ਸਰਹੰਦ ਤੋਂ ਪਹਿਲਾਂ ਉਸ ਦੇ ਆਲੇ ਦੁਆਲੇ ਦੇ ਸ਼ਹਿਰਾਂ ਅਤੇ ਕਸਬਿਆਂ ਨੂੰ ਤਹਿਸ ਨਹਿਸ ਕਰ ਰਿਹਾ ਸੀ। ਇਸ ਸੋਚ ਨੂੰ ਲਾਗੂ ਕਰਦਿਆਂ ਸਮਾਣੇ ਤੋਂ ਬਾਅਦ ਸਢੌਰਾ ਅਗਲਾ ਵੱਡਾ ਸ਼ਹਿਰ ਸੀ ਜਿਸ ਨੂੰ ਬੰਦਾ ਸਿੰਘ ਨੇ ਸਰ ਕਰਨ ਦਾ ਫ਼ੈਸਲਾ ਕੀਤਾ ਸੀ। ਸਮਾਣੇ ਦੀ ਜਿੱਤ ਤੋਂ ਕਈ ਤਰ੍ਹਾਂ ਦਾ ਜੰਗੀ ਸਮਾਨ, ਸ਼ਸਤਰ ਅਤੇ ਘੋੜੇ ਸਿਖ ਫ਼ੌਜਾਂ ਦੇ ਹੱਥ ਲਗੇ ਸਨ। ਧਨ ਦੌਲਤ ਵੀ ਖੂਬ ਮਿਲੀ ਸੀ। ਸਿੱਖ ਫ਼ੌਜਾਂ ਦੇ ਹੌਂਸਲੇ ਬੁਲੰਦ ਸਨ। ਸਢੌਰੇ ਤੋਂ ਵੀ ਅਜੇਹੀਆਂ ਹੀ ਉਮੀਦਾਂ ਸਨ।

ਬੰਦਾ ਸਿੰਘ ਬਹਾਦੁਰ ਦੇ ਸਢੌਰੇ ਪਹੁੰਚਣ ਤੇ ਪੀਰ ਬੁੱਧੂ ਸ਼ਾਹ ਦੇ ਵਾਰਸ ਵੀ ਆਪਣੇ ਸ਼ਗਿਰਦਾਂ ਨੂੰ ਲੈ ਕੇ ਸਿੱਖਾਂ ਨਾਲ ਆ ਰਲੇ। ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦੀ ਗਿਣਤੀ ਵੀ ਵਧ ਚੁਕੀ ਸੀ। ਉਸ ਵੇਲੇ ਦੇ ਕਈ ਮੁਸਲਮਾਨ ਲਿਖਾਰੀਆਂ ਨੇ ਇਸ ਵੇਲੇ ਦੀ ਸਿੱਖ ਫ਼ੌਜ ਦੀ ਗਿਣਤੀ ਸੱਠ – ਸੱਤਰ ਹਜ਼ਾਰ ਤੋਂ ਇਕ ਲੱਖ ਤਕ ਦਸੀ ਹੈ। ਪਰ ਇਸ ਵਿਚ ਉਹਨਾਂ ਦੀ ਅਤਿ ਕਥਨੀ ਵੀ ਹੋ ਸਕਦੀ ਹੈ। ਉਹ ਬੰਦਾ ਸਿੰਘ ਬਹਾਦੁਰ ਅਤੇ ਉਸ ਦੀ ਫ਼ੌਜ ਦੀ ਤਾਕਤ ਨੂੰ ਵਧਾ ਚੜ੍ਹਾ ਕੇ ਦਸਦੇ ਸਨ ਤਾ ਕਿ ਦਿਲੀ ਦਰਬਾਰ ਅਤੇ ਮੁਗਲ ਫ਼ੌਜਾਂ ਲਈ ਬੰਦਾ ਸਿੰਘ ਨੂੰ ਇਕ ਭਾਰੀ ਚੁਣੌਤੀ ਅਤੇ ਖਤਰੇ ਵਾਂਗ ਪੇਸ਼ ਕੀਤਾ ਜਾ ਸਕੇ।

ਉਸਮਾਨ ਖਾ ਬੜਾ ਤੁਅੱਸਬੀ ਅਤੇ ਕੱਟੜ ਹਾਕਮ ਸੀ। ਉਹ ਹਿੰਦੂਆਂ ਦਾ ਵੱਡਾ ਅਤੇ ਪੁੱਜ ਕੇ ਵੈਰੀ ਸੀ ਅਤੇ ਉਹਨਾਂ ਨੂੰ ਹਰ ਤਰ੍ਹਾਂ ਤੰਗ ਕਰਦਾ ਰਹਿੰਦਾ ਸੀ। ਹਿੰਦੂ ਔਰਤਾਂ ਉਤੇ ਬੁਰੀ ਅੱਖ ਰਖਣੀ, ਉਹਨਾਂ ਦੇ ਰਾਹ ਰੋਕਣੇ, ਟਿਚਕਰਾਂ ਕਰਨੀਆਂ, ਉਹਨਾਂ ਨੂੰ ਬੇਇੱਜ਼ਤ, ਬੇਹੁਰਮਤ ਅਤੇ ਬੇਪੱਤ ਕਰਨਾ ਉਸ ਦਾ ਕੰਮ ਸੀ। ਨਵੇਂ ਨਵੇਂ ਤਰੀਕਿਆਂ ਦੀਆਂ ਪਾਬੰਦੀਆਂ ਲਾ ਕੇ ਹਿੰਦੂਆਂ ਦਾ ਜੀਣਾ ਮੁਸ਼ਕਲ ਕਰਦਾ ਸੀ। ਏਥੋਂ ਤਕ ਕਿ ਹਿੰਦੂ ਮਿਰਤਕਾਂ ਦਾ ਦਾਹ ਸਸਕਾਰ ਵੀ ਨਹੀਂ ਹੋਣ ਦੇਂਦਾ ਸੀ। ਉਹਨਾਂ ਨੂੰ ਕਬਰਾਂ ਵਿਚ ਦਫ਼ਨਾਉਣ ਨੂੰ ਮਜਬੂਰ ਕਰਦਾ ਸੀ। ਹੁਣ ਤੱਕ ਬੰਦਾ ਸਿੰਘ ਦੇ ਕਾਰਨਾਮਿਆਂ ਦੀ ਖਬਰ ਇਲਾਕੇ ਵਿਚ ਦੂਰ ਦੂਰ ਤੱਕ ਆਮ ਖਾਸ ਸਭ ਨੂੰ ਪਹੁੰਚ ਚੁਕੀ ਸੀ। ਉਸਮਾਨ ਖਾਂ ਦੇ ਸਤਾਏ ਹੋਏ ਲੋਕਾਂ ਨੇ ਵੀ ਆਪਣੀਆਂ ਫ਼ਰਿਆਦਾਂ ਬੰਦਾ ਸਿੰਘ ਬਹਾਦੁਰ ਤੱਕ ਪੁਚਾਈਆਂ ਸਨ। ਉਸਮਾਨ ਖਾਂ ਦੇ ਜ਼ੁਲਮਾਂ ਅਤੇ ਅੱਤਿਆਚਾਰਾਂ ਦੀਆਂ ਕਹਾਣੀਆਂ ਬੰਦਾ ਸਿੰਘ ਕੋਲ ਕਈਆਂ ਪਾਸਿਆਂ ਤੋਂ ਪਹੁੰਚ ਚੁਕੀਆਂ ਸਨ। ਸਢੌਰੇ ਤੱਕ ਪਹੁੰਚਦਿਆਂ ਰਸਤੇ ਦੇ ਪਿੰਡਾਂ ਅਤੇ ਅਬਾਦੀਆਂ ਤੋਂ ਨੌਜਵਾਨ ਅਤੇ ਹੋਰ ਤੰਦਰੁਸਤ ਲੋਗ ਜੋ ਹਥਿਆਰ ਤੇ ਹਰਬੇ ਉਹਨਾਂ ਦੇ ਹੱਥ ਲੱਗੇ, ਉਹਨਾਂ ਨੂੰ ਲੈ ਕੇ, ਬੰਦਾ ਸਿੰਘ ਦੀ ਫ਼ੌਜ ਵਿਚ ਆ ਰਲੇ ਸਨ। ਇਹਨਾਂ ਨਾਲ ਬੰਦਾ ਸਿੰਘ ਦੀ ਫ਼ੌਜ ਦੀ ਗਿਣਤੀ ਵਿਚ ਹੋਰ ਵਾਧਾ ਹੋ ਗਿਆ।

ਸਢੌਰੇ ਤੇ ਹਮਲਾ ਹੋ ਗਿਆ। ਸਢੌਰੇ ਦੇ ਗਲੀਆਂ ਬਜ਼ਾਰਾਂ ਵਿਚ ਹੱਥੋ ਹੱਥ ਲੜਾਈ ਸ਼ੁਰੂ ਹੋ ਗਈ। ਸਢੌਰਾ ਬੰਦਾ ਸਿੰਘ ਦੀਆਂ ਫ਼ੌਜਾਂ ਦੀ ਤਾਬ ਨ ਝੱਲ ਸਕਿਆ। ਰੋਹ ਵਿਚ ਆਈਆਂ ਸਿੱਖ ਫ਼ੌਜਾਂ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਢੌਰੇ ਦੇ ਕਈ ਲੋਗ ਜਾਨਾਂ ਬਚਾਉਣ ਖਾਤਰ ਓਥੋਂ ਦੀ ਇਕ ਵੱਡੀ ਹਵੇਲੀ ਵਿਚ ਵੜ ਗਏ ਤਾ ਕਿ ਲੁਕ ਕੇ ਜਾਨ ਬਚ ਜਾਵੇ। ਪਰ ਹੁਣ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਨਾਲ ਆਇਆ ਲਾਂਭਲੇ ਪਿੰਡਾਂ ਦਾ ਹਜੂਮ ਵੀ ਆਪਣੇ ਬਦਲੇ ਲੈਣ ਤੇ ਆਮਾਦਾ ਸੀ। ਹਵੇਲੀ ਨੂੰ ਭੰਨਿਆਂ ਤੋੜਿਆ ਗਿਆ ਤੇ ਫ਼ਿਰ ਉਸ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਹਵੇਲੀ ਵਿਚ ਲੁਕੇ ਸਢੌਰੇ ਦੇ ਲੋਕਾਂ ਨੂੰ ਮਾਰ ਦਿੱਤਾ ਗਿਆ। ਹਾਲੀ ਤੱਕ ਇਹ ਹਵੇ ਲੀ ਕਤਲ ਗੜ੍ਹੀ ਅਖਵਾਉਂਦੀ ਹੈ।

ਉਸਮਾਨ ਖਾਂ ਨੇ ਭੱਜਣ ਦੀ ਬਹੁਤ ਕੋਸ਼ਿਸ਼ ਕੀਤੀ। ਪਰ ਬੰਦਾ ਸਿੰਘ ਦੀਆਂ ਫ਼ੌਜਾਂ ਤੋਂ ਬਚ ਨ ਸਕਿਆ। ਫ਼ੜਿਆ ਗਿਆ ਅਤੇ ਮਾਰਿਆ ਗਿਆ। ਸਢੌਰੇ ਦੇ ਘਰ, ਮਾੜੀਆਂ ਅਤੇ ਹਵੇਲੀਆਂ ਬਰਬਾਦ ਕਰ ਦਿੱਤੇ ਗਏ। ਕਈ ਸਾਲਾਂ ਤੋਂ ਸਢੌਰੇ ਵਿਚ ਰਹਿ ਰਹੇ ਅਮੀਰ ਉਮਰਾ ਅਤੇ ਮਨਸਬਦਾਰਾਂ ਦੇ ਘਰ ਘਾਟ ਤਬਾਹ ਹੋ ਗਏ। ਸਢੌਰੇ ਤੋਂ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਦੇ ਹੱਥ ਵੱਡੀ ਗਿਣਤੀ ਵਿਚ ਘੋੜੇ, ਊਠ ਅਤੇ ਹੋਰ ਜਾਨਵਰ ਲਗੇ। ਵੱਡੀ ਮਾਤਰਾ ਵਿਚ ਧਨ ਦੌਲਤ, ਸੋਨਾ, ਚਾਂਦੀ, ਗਹਿਣੇ ਅਤੇ ਹਥਿਆਰ ਮਿਲੇ। ਬੰਦਾ ਸਿੰਘ ਦੀ ਫ਼ੌਜ ਨੂੰ ਇਹਨਾਂ ਚੀਜ਼ਾਂ ਵਸਤਾਂ ਦੀ ਲੋੜ ਵੀ ਸੀ। ਸਿੱਖਾਂ ਦੇ ਸਢੌਰੇ ਨੂੰ ਜਿੱਤਣ ਤੋਂ ਬਾਅਦ ਲਾਗੇ ਦੇ ਪਿੰਡਾਂ ਦੇ ਲੋਕਾਂ ਨੇ ਸਢੌਰੇ ਸ਼ਹਿਰ ਨੂੰ ਲੁੱਟਿਆ। ਬੰਦਾ ਸਿੰਘ ਅਤੇ ਉਸ ਦੀ ਸਿੱਖ ਫ਼ੌਜ ਦੇ ਇਸ ਇਕ ਹੱਲੇ ਵਿਚ ਸਢੌਰਾ ਤਬਾਹ ਹੋ ਗਿਆ ਸੀ।

ਇਸ ਵੇਲੇ ਤੱਕ ਬੰਦਾ ਸਿੰਘ ਬਹਾਦੁਰ ਦੀ ਸਿੱਖ ਫ਼ੌਜ ਦੀ ਗਿਣਤੀ ਤੀਹ ਤੋਂ ਚਾਲੀ ਹਜ਼ਾਰ ਹੋ ਗਈ ਮੰਨੀਂ ਜਾਦੀ ਹੈ। ਉਸ ਵੇਲੇ ਦਾ ਮੁਸਲਮਾਨ ਇਤਿਹਾਸਕਾਰ ਖ਼ਾਫ਼ੀ ਖਾਂ ਲਿਖਦਾ ਹੈ ਕਿ ਬੰਦਾ ਸਿੰਘ ਨੇ ਮੁਗਲ ਰਾਜ ਦੇ ਸ਼ਾਹੀ ਅਫ਼ਸਰਾਂ ਨੂੰ ਹੁਕਮਨਾਮੇ ਜਾਰੀ ਕਰ ਦਿੱਤੇ ਸਨ ਕਿ ਉਹ ਮੁਗਲਾਂ ਦੇ ਅਹੁਦਿਆਂ ਨੂੰ ਛੱਡ ਕੇ ਉਸ ਦੀ ਸ਼ਰਣ ਆ ਜਾਣ। ਦਿੱਲੀ ਵਿਚ ਮੁਗਲ ਪ੍ਰਸ਼ਾਸਨ ਬੰਦਾ ਸਿੰਘ ਅਤੇ ਉਸ ਦੀਆਂ ਸਿੱਖ ਫ਼ੌਜਾਂ ਤੋਂ ਖ਼ੌਫ਼ਜ਼ਦਾ ਹੋ ਚੁਕਾ ਸੀ। ਇਸ ਦਾ ਇਕ ਅਸਰ ਇਹ ਹੋਇਆ ਕਿ ਦਿੱਲੀ ਤੋਂ ਸਰਹੰਦ ਵੱਲ ਬੰਦਾ ਸਿੰਘ ਦੇ ਵਿਰੁੱਧ ਓਥੋਂ ਦੀ ਵਜ਼ੀਰ ਖਾਂ ਦੀ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਕੋਈ ਫ਼ੌਜੀ ਕੁਮਕ ਨਹੀਂ ਭੇਜੀ ਗਈ।

ਸਢੌਰੇ ਵਿਚ ਨਵਾਂ ਪੰਚਾਇਤੀ ਪ੍ਰਸ਼ਾਸਨ :

ਸਢੌਰੇ ਦੀ ਜਿੱਤ ਤੋਂ ਬਾਅਦ, 15 ਨਵੰਬਰ 1709 ਈਸਵੀ ਨੂੰ ਸਢੌਰੇ ਦੇ ਕਿਲੇ ਵਿਚ ਬੰਦਾ ਸਿੰਘ ਬਹਾਦੁਰ ਨੇ ਇਕ ਪੰਚਾਇਤ ਬੁਲਾਈ ਅਤੇ ਏਥੇ ਸਿੱਖ ਰਾਜ ਦੀ ਸਥਾਪਨਾ ਦਾ ਸ਼ੁਭ ਆਰੰਭ ਕੀਤਾ। ਉਸ ਨੇ ਸਢੌਰੇ ਵਿਚ ਆਪਣੇ ਅਹੁਦੇਦਾਰ ਮੁਕੱਰਰ ਕੀਤੇ। ਕਿਲੇ ਦਾ ਮੁਆਇਨਾ ਕਰਵਾ ਕੇ ਉਸ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਵਾਇਆ ਅਤੇ ਉਸ ਵਿਚ ਆਪਣੀ ਕੁਮਕ ਤੈਨਾਤ ਕੀਤੀ। ਇਸ ਮੌਕੇ ਨੂੰ ਯਾਦਗਾਰੀ ਬਨਾਉਣ ਲਈ ਸਿੱਖ ਫ਼ੌਜਾਂ ਨੇ ਲਾਗੇ ਦੇ ਜੰਗਲਾਂ ਵਿਚੋਂ ਇਕ ਉਚਾ ਅਤੇ ਲੰਮਾਂ ਦਰਖ਼ਤ ਕੱਟ ਕੇ ਉਸ ਤੋਂ ਇਕ ਥੰਮ ਤਿਆਰ ਕਰਵਾਇਆ ਅਤੇ ਉਸ ਨੂੰ ਕਿਲੇ ਦੇ ਪਰਿਸਰ ਵਿਚ ਹੀ ਨਿਸ਼ਾਨ ਸਾਹਿਬ ਦੇ ਰੂਪ ਵਿਚ ਗੱਡ ਦਿੱਤਾ। ਤਿੰਨ ਸੌ ਸਾਲਾਂ ਤੋਂ ਵੱਧ ਦਾ ਲੰਮਾਂ ਸਮਾਂ ਬੀਤ ਜਾਣ ਦੇ ਬਾਅਦ ਵੀ ਇਹ ਨਿਸ਼ਾਨ ਸਾਹਿਬ ਅਜ ਵੀ ਆਪਣੀ ਥਾਂ ਤੇ ਖੜਾ ਹੈ ਤੇ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਿੱਖ ਯੋਧਿਆਂ ਦੀ ਸਢੌਰੇ ਦੀ ਸ਼ਾਨਦਾਰ ਜਿੱਤ ਦਾ ਅਤੇ ਉਹਨਾਂ ਦੀਆਂ ਬਹਾਦੁਰੀਆਂ ਅਤੇ ਮਾਰੀਆਂ ਤੇਗਾਂ ਦੀ ਗਵਾਹੀ ਭਰਦਾ ਹੈ।

ਚਲਦੀ ਲੜੀ

(ਜਾ ਤੇਰਾ ਬੰਦਾ : ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ)

ਕਿਤਾਬ ਵਿਚੋਂ


❋❋❋

– ਕਮੋਡੋਰ ਗੁਰਨਾਮ ਸਿੰਘ
ਰਿਟਾਇਰਡ, ਇੰਡੀਅਨ ਨੇਵੀ
ਮੋਬਾਇਲ : 9818159944

ਸ੍ਰੀ ਹਰਿਮੰਦਰ ਸਾਹਿਬ ਵਿੱਚ ਸੁਭਾਇਮਾਨ ਹੁੰਦੇ ਗੁਰੂ ਸਰੂਪ

ਸਹੀ ਅਰਥਾਂ ਵਿੱਚ 1784 ਈਸਵੀ ਵਿੱਚ ਹਰਿਮੰਦਰ ਸਾਹਿਬ ਦੇ ਦੋਬਾਰਾ ਨਿਰਮਾਣ ਪਿੱਛੋਂ ਪੂਰੀ ਬਾਕਾਇਦਗੀ ਨਾਲ ਸ੍ਰੀ ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣ ਲੱਗ ਪਿਆ, ਜੋ ਨਿਰਵਿਘਨ 200 ਸਾਲ ਤਕ ਹੁੰਦਾ ਰਿਹਾ। ਫਿਰ 1984 ਦੀ ਕਾਲੀ ਬੋਲੀ ਹਨੇਰੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਬੜਾ ਨੁਕਸਾਨ ਕੀਤਾ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਨਾਲ ਬਰਬਾਦ ਕਰਨ ਦੇ ਯਤਨ ਕੀਤੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ। ਕੁੱਝ ਦਿਨ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਖੰਡਤ ਰਹੀ, ਜਿਸ ਨੂੰ ਮਗਰੋਂ ਵਿਸ਼ੇਸ਼ ਉਦਮ ਕਰਕੇ ਬਹਾਲ ਕੀਤਾ ਗਿਆ। ਇਸ ਸਾਕੇ ਦੌਰਾਨ ਸ਼ਹੀਦ ਹੋਈ ਸ਼ਹੀਦੀ ਬੀੜ ਨੂੰ ਮੁੜ ਸਰੁੱਖਿਅਤ ਕਰਨ ਦੇ ਨਾਲ-ਨਾਲ ਸ੍ਰੀ ਹਰਿਮੰਦਰ ਸਾਹਿਬ ਵਿੱਚ ਤਿੰਨ ਹੋਰ ਹੱਥ ਲਿਖਤ ਸਰੂਪਾਂ ਦੀ ਸੇਵਾ ਲੈਣੀ ਪ੍ਰਾਰੰਭ ਕਰ ਦਿੱਤੀ ਗਈ। ਇਨ੍ਹਾਂ ਵਿੱਚੋਂ ਇੱਕ ਬਾਬਾ ਦੀਪ ਸਿੰਘ ਜੀ ਦੇ ਹੱਥ ਨਾਲ ਲਿਖੇ ਸਰੂਪ ਤੇ ਸੋਨੇ ਦੀ ਜਿਲਦ ਚੜ੍ਹੀ ਹੋਣ ਕਾਰਨ ਉਸ ਨੂੰ ਸੁਨਹਿਰੀ ਸਰੂਪ ਕਿਹਾ ਜਾਂਦਾ ਹੈ ਅਤੇ ਇਸ ਦੇ 1482 ਅੰਗ ਹਨ। ਇਹ ਹੱਥ ਲਿਖਤ ਬੀੜ ਹੈ ਅਤੇ ਸਾਰੇ ਸ਼ਬਦ ਇੱਕੋ ਲਾਈਨ ਵਿੱਚ ਬੱਝਵੇਂ ਤੇ ਜੁੜਵੇਂ ਰੂਪ ਵਿੱਚ ਲਿਖੇ ਹੋਏ ਹਨ ਅਤੇ ਆਪਸ ਵਿੱਚ ਬਿਲਕੁਲ ਜੁੜੇ ਹੋਏ ਹਨ। ਸਾਲ ਵਿੱਚ ਕੇਵਲ 6 ਮੌਕਿਆਂ 'ਤੇ ਹੀ ਇਸ ਦਾ ਪ੍ਰਕਾਸ਼ ਹੁੰਦਾ ਹੈ। ਇਸ ਸਰੂਪ ਤੋਂ ਸਾਧਾਰਨ ਵਿਅਕਤੀ ਸ਼ੁੱਧ ਪਾਠ ਨਹੀਂ ਕਰ ਸਕਦਾ। ਇਸ ਨੂੰ ਸਹੀ ਰੂਪ ਵਿੱਚ ਉਹੀ ਪਾਠੀ ਪੜ੍ਹ ਸਕਦਾ ਹੈ, ਜਿਸ ਨੇ ਗੁਰਬਾਣੀ ਦੀ ਚੰਗੀ ਤਰ੍ਹਾਂ ਸੰਥਿਆ ਲਈ ਹੋਈ ਹੋਵੇ। ਇੱਕ ਹੋਰ ਬੀੜ ਜਿਸ ਦਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਜਾਂਦਾ ਹੈ, ਉਸ ਦੇ 1502 ਅੰਗ ਹਨ। ਤੀਜੇ ਸਰੂਪ ਦੇ ਕੁੱਲ 1692 ਅੰਗ ਹਨ। ਇਹ ਸਰੂਪ ਆਮ ਸਰੂਪਾਂ ਨਾਲੋਂ ਕਾਫ਼ੀ ਵੱਡਾ ਹੈ। ਸ਼ਹੀਦੀ ਬੀੜ ਦਾ ਵੀ 1984 ਤੋਂ ਮਗਰੋਂ ਸਮੇਂ-ਸਮੇਂ ਤੇ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਹੁੰਦਾ ਰਿਹਾ, ਪਰ ਹੁਣ ਕੁੱਝ ਸਮੇਂ ਤੋਂ ਬੀੜ ਦੇ ਬਹੁਤ ਬਿਰਧ ਹੋ ਜਾਣ ਕਾਰਨ ਉਸਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ ਅਤੇ ਉਸ ਸਰੂਪ ਨੂੰ ਕੋਠਾ ਸਾਹਿਬ ਵਿਖੇ ਸੁਰੱਖਿਅਤ ਸੰਭਾਲ ਕੇ ਰੱਖ ਲਿਆ ਗਿਆ ਹੈ। ਉਕਤ ਸਰੂਪਾਂ ਵਿੱਚੋਂ ਜਿਸ ਤੋਂ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹੁਕਮਨਾਮਾ ਲਿਆ ਜਾਵੇ, ਉਸ ਦੀਆਂ ਪ੍ਰਾਰੰਭਕ ਪੰਗਤੀਆਂ ਜਦ ਬੋਰਡ 'ਤੇ ਸੰਗਤਾਂ ਤੇ ਗਿਆਤ ਹਿਤ ਲਿਖੀਆਂ ਜਾਂਦੀਆਂ ਹਨ ਤਾਂ ਆਏ ਹੋਏ ਹੁਕਮਨਾਮੇ ਨੂੰ 1430 ਅੰਗਾਂ ਵਾਲੀ ਬੀੜ ਵਿੱਚੋਂ ਦੇਖ ਕੇ ਹੀ ਉਸ ਦੇ ਅੰਗ ਨੂੰ ਉਥੇ ਅੰਕਿਤ ਕੀਤਾ ਜਾਂਦਾ ਹੈ। ਵਿਸ਼ਵ ਭਰ ਵਿੱਚ ਆਮ ਕਰਕੇ ਸਭ ਗੁਰੂ ਘਰਾਂ ਵਿੱਚ 1430 ਅੰਗਾਂ ਵਾਲੇ ਸਰੂਪ ਦਾ ਹੀ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਇਵੇਂ ਇੱਕੋ ਮਰਿਆਦਾ ਦੀ ਹੀ ਪਾਲਣਾ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਇਹ ਮਰਿਆਦਾ ਜ਼ਰਾ ਹਟਵੀਂ ਤੇ ਅਲੌਕਿਕ ਹੈ ਅਤੇ ਸਦੀਆਂ ਤੋਂ ਚਲਦੀ ਆਉਣ ਕਾਰਨ ਲੋਕਪ੍ਰਿਅ ਹੈ ਅਤੇ ਸਰਬ ਪਰਵਾਣਤ ਹੈ।

ਪੁਸਤਕ : ਹਰਿਮੰਦਰ ਦਰਸ਼ਨ
ਲੇਖਕ : ਡਾ. ਸਰੂਪ ਸਿੰਘ ਅਲੱਗ
ਪੀ.ਐਚ.ਡੀ., ਡੀ.ਲਿਟ., ਯੂ.ਐਸ.ਏ.



ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ

ਮਨੁੱਖ ਪ੍ਰੇਸ਼ਾਨ ਹੈ। ਕਦੀਂ ਇੱਧਰ ਦੌੜਦਾ ਹੈ, ਕਦੀਂ ਉਧਰ; ਕਦੀਂ ਇਸ ਨੂੰ ਹੱਥ ਪਾਉਂਦਾ ਹੈ ਕਦੀਂ ਉਸ ਨੂੰ। ਪਰ ਹੱਥ ਉਸ ਦੇ ਕੁਝ ਨਹੀਂ ਆਉਂਦਾ। ਉਸ ਨੂੰ ਕਿਸੇ ਚੀਜ਼ ਦੀ ਤਲਾਸ਼ ਹੈ ਪਰ ਪਤਾ ਨਹੀਂ ਹੈ ਕਿ ਕੀ ਢੂੰਡਣਾ ਹੈ। ਉਹ ਕੁਝ ਲੱਭ ਰਿਹਾ ਹੈ ਪਰ ਉਸ ਨੂੰ ਨਹੀਂ ਪਤਾ ਕਿ ਉਹ ਵਸਤੂ ਕੀ ਹੈ ਤੇ ਉਹ ਕਿੱਥੋਂ ਮਿਲੇਗੀ। ਉਹ ਵਸਤੂ ਪਿਆਰ (ਪ੍ਰੀਤਿ) ਹੈ। ਮਨੁੱਖ ਪਹਿਲਾਂ ਪਿਆਰ ਸਰੀਰ ਵਿਚ ਲੱਭਦਾ ਹੈ। ਪਰ ਸਰੀਰ ਟਿਕਾਊ ਨਹੀਂ। ਸਰੀਰ ਢਲਦਾ ਹੈ ਤਾਂ ਸੁੰਦਰਤਾ ਵੀ ਢਲ ਜਾਂਦੀ ਹੈ ਕਿਉਂਕਿ –

ਫਰੀਦਾ ਕਿੰਤੀ ਜੋਬਨ ਪ੍ਰੀਤਿ ਬਿਨੁ
ਸੁਕਿ ਗਏ ਕੁਮਲਾਇ॥

(ਅੰਗ ੧੩੭੮)

ਜੇ ਥੋੜ੍ਹੀ ਜਿਹੀ ਸੁੰਦਰਤਾ ਬੁਢਾਪੇ ਵਿਚ ਬਣੀ ਵੀ ਰਹਿੰਦੀ ਹੈ ਤਾਂ ਮੌਤ ਉਹ ਵੀ ਖ਼ਤਮ ਕਰ ਦਿੰਦੀ ਹੈ। ਸੁੰਦਰ ਸਰੀਰ, ਸੁੰਦਰ ਨੈਨ, ਮਿੱਟੀ ਵਿਚ ਮਿਲ ਜਾਂਦੇ ਹਨ –

ਫਰੀਦਾ ਜਿਨ ਲੋਇਣ ਜਗੁ ਮੋਹਿਆ
ਸੇ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਦਿਆ
ਸੇ ਪੰਖੀ ਸੂਇ ਬਹਿਠੁ॥੧੪॥

(ਅੰਗ ੧੩੭੮)

ਮਨੁੱਖ ਸਰੀਰਕ ਸੁੰਦਰਤਾ ਵੱਲ ਜਾਂਦਾ ਹੈ ਪਰ ਮਿਲਦਾ ਕੀ ਹੈ? ਦੁੱਖ ਵਿਛੋੜਾ। ਪਤਾ ਲੱਗਦਾ ਹੈ ਕਿ ਇਹ ਪਿਆਰ ਕੱਚਾ ਹੈ, ਟਿਕਾਊ ਨਹੀਂ। ਫਿਰ ਮਨੁੱਖ ਪਿਆਰ ਲੱਭਦਾ ਹੈ ਭੈਣ-ਭਰਾ, ਮਾਂ-ਪਿਉ, ਸਾਕ-ਸੰਬੰਧੀਆਂ ਵਿਚ। ਉਸ ਵਿਚ ਧੋਖਾ ਮਿਲਦਾ ਹੈ। ਪੁੱਤਰ ਮਾਂ-ਪਿਉ ਕੋਲੋਂ ਬਾਗੀ ਹਨ, ਮਾਂ-ਪਿਉ ਬੱਚਿਆਂ ਤੋਂ ਨਾਰਾਜ਼ ਹੈ। ਘਰਵਾਲੀ ਪਤੀ ਕੋਲੋਂ ਗੁੱਸੇ ਹੈ। ਅਸੀਂ ਦੁੱਖੀ ਹਾਂ ਕਿਉਂਕਿ ਸੰਸਾਰ ਦੇ ਰਿਸ਼ਤੇ ਝੂਠੇ ਹਨ, ਇਨ੍ਹਾਂ ਦੀ ਪ੍ਰੀਤ ਝੂਠੀ ਹੈ। ਸਾਡਾ ਆਪਸੀ ਪਿਆਰ ਆਪਸੀ ਲੋੜਾਂ ਤੇ ਨਿਰਭਰ ਹੈ। ਜਦੋਂ

ਲੋੜਾਂ ਪੂਰੀਆਂ ਹੁੰਦੀਆਂ ਨਾ ਦਿੱਸਣ ਤਾਂ ਪਿਆਰ ਵਿਚ ਦਰਾਰ ਆ ਜਾਂਦੀ ਹੈ। ਫਿਰ ਆਦਮੀ ਕਹਿੰਦਾ ਹੈ :

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ
ਮਾਇਆ ਮੋਹ ਪਸਾਰੀ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ
ਦੁਬਿਧਾ ਕਰਮ ਬਿਕਾਰੀ॥

(ਅੰਗ ੧੧੯੭)

ਆਦਮੀ ਮਹਿਸੂਸ ਕਰਦਾ ਹੈ ਕਿ ਕੋਈ ਵੀ ਸੱਚਾ ਪ੍ਰੇਮੀ ਨਹੀਂ ਮਿਲਦਾ ਕਿਉਂਕਿ ਸਾਰੇ ਸਾਥ ਛੱਡ ਜਾਂਦੇ ਹਨ–

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥

(ਅੰਗ ੧੪੨੯)

ਸੱਕੇ ਸੰਬੰਧੀਆਂ ਕੋਲੋਂ ਮਾਯੂਸ ਹੋ ਕੇ ਆਦਮੀ ਧਨ ਨਾਲ ਪਿਆਰ ਪਾਉਂਦਾ ਹੈ, ਪਦ ਨਾਲ ਪਿਆਰ ਪਾਉਂਦਾ ਹੈ। ਪਰ ਕੀ ਪਿਆਰ ਮਿਲਦਾ ਹੈ? ਗਰੀਬ ਆਦਮੀ ਦਾ ਧਨ ਨਾਲ ਪਿਆਰ ਤਾਂ ਸਮਝ ਵਿਚ ਆਉਂਦਾ ਹੈ ਕਿ ਚਲੋ ਉਸ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਪਰ ਅਮੀਰ ਦਾ ਧਨ ਨਾਲ ਅਤੁੱਟ ਪਿਆਰ ਤਾਂ ਕਿਸੇ ਸੁੱਖ ਨੂੰ ਨਹੀਂ ਲਿਆਂਦਾ। ਧਨ ਹੈ ਪਰ ਅਸ਼ਾਂਤੀ ਹੈ, ਘਬਰਾਹਟ ਹੈ, ਬੇਚੈਨੀ ਹੈ, ਦੁੱਖ ਹੈ। ਇਸ ਧਨ ਤੇ ਪਦ ਪਿੱਛੇ ਦੌੜਨਾ ਜੀਵਨ ਦਾ ਨਾਸ ਕਰਨਾ ਹੈ। ਗੁਰਬਾਣੀ ਵਿਚ ਫੁਰਮਾਨ ਹੈ–

ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ॥

(ਅੰਗ ੬੩੨)

ਮਾਇਆ ਦੀ ਦੌੜ ਦਾ ਕੋਈ ਅੰਤ ਨਹੀਂ। ਆਦਮੀ ਭੱਜ ਭੱਜ ਕੇ ਪਾਗਲ ਹੋ ਜਾਂਦਾ ਹੈ ਪਰ ਸੱਚਾ ਪਿਆਰ ਇਸ ਵਿਚ ਨਹੀਂ ਮਿਲਦਾ। ਗੁਰੂ ਜੀ ਸਮਝਾਂਦੇ ਹਨ –

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥

(ਅੰਗ ੧੪੨੬)

ਸੰਸਾਰ ਵੀ ਟਿਕਾਊ ਨਹੀਂ ਤੇ ਮਨੁੱਖੀ ਸਰੀਰ ਵੀ ਟਿਕਾਊ ਨਹੀਂ। ਦੋਨੋਂ ਕੱਚੇ ਹਨ ਤੇ ਇਹ ਕੱਚੇ ਕਦੀਂ ਵੀ ਸੱਚਾ ਪਿਆਰ ਨਹੀਂ ਦੇ ਸਕਦੇ। ਇਸੇ ਕਾਰਨ ਜਗ ਦੀ ਰਚਨਾ ਨੂੰ ਝੂਠ ਕਿਹਾ ਗਿਆ ਹੈ –

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥

(ਅੰਗ ੧੪੨੬)

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥

(ਅੰਗ ੧੪੨੬)

ਰੇਤ ਦੀ ਕੰਧ ਹੈ ਸੰਸਾਰ। ਕਿੰਨਾ ਚਿਰ ਟਿਕੇਗੀ। ਸੁਪਨਾ ਸੱਚ ਲੱਗਦਾ ਹੈ, ਜਿੰਨਾ ਚਿਰ ਅਸੀਂ ਸੁਪਨੇ ਵਿਚ ਹਾਂ। ਅੱਖ ਖੁਲ੍ਹੇ ਤਾਂ ਪਤਾ ਲੱਗਦਾ ਹੈ ਕਿ ਸੁਪਨਾ ਝੂਠਾ ਸੀ। ਇਸੇ ਤਰ੍ਹਾਂ ਸੰਸਾਰ ਸੱਚਾ ਲੱਗਦਾ ਹੈ। ਇਸ ਨਾਲ ਪਿਆਰ ਸੱਚਾ ਲੱਗਦਾ ਹੈ। ਪਰ ਜਦੋਂ ਅੰਦਰਲੀ ਅੱਖ ਖੁਲ੍ਹਦੀ ਹੈ ਤਾਂ ਪਤਾ ਲੱਗਦਾ ਹੈ ਕਿ ਸੰਸਾਰ ਸੱਚਮੁੱਚ ਹੀ ਸੁਪਨਾ ਹੈ। ਜਿੰਨਾ ਚਿਰ ਅੱਖ ਬੰਦ ਹੈ, ਸੰਸਾਰ ਸੱਚ ਹੈ, ਜਿਵੇਂ ਸੁਪਨਾ ਸੱਚ ਹੈ। ਬਾਹਰਲੀ ਅੱਖ ਖੁਲ੍ਹੇ ਤਾਂ ਸੁਪਨਾ ਝੂਠਾ ਦਿੱਸਦਾ ਹੈ ਤੇ ਅੰਦਰਲੀ ਅੱਖ ਖੁਲ੍ਹੇ ਤਾਂ ਸੰਸਾਰ ਸੁਪਨਾ ਦਿੱਸਦਾ ਹੈ। ਪਰ ਜਿੰਨਾ ਚਿਰ ਅਸੀਂ ਮਨ ਦੇ ਮਗਰ ਹਾਂ, ਸਾਡੀ ਅੱਖ ਨਹੀਂ ਖੁਲ੍ਹ ਸਕਦੀ ਕਿਉਂਕਿ ਮਨ ਮਾਇਆ ਦੇ ਪਿੱਛੇ ਦੌੜਦਾ ਹੈ, ਅਸਲੀ ਗਿਆਨ ਦੇ ਪਿੱਛੇ ਨਹੀਂ। ਗੁਰਬਾਣੀ ਕਹਿੰਦੀ ਹੈ–

ਮਦਿ ਮਾਇਆ ਕੈ ਭਇਓ ਬਾਵਰੋ
ਸੂਝਤ ਨਹ ਕਛੁ ਗਿਆਨਾ॥
ਘਟ ਹੀ ਭੀਤਰਿ ਬਸਤ ਨਿਰੰਜਨੁ
ਤਾ ਕੋ ਮਰਮੁ ਨ ਜਾਨਾ॥੨॥

(ਅੰਗ ੬੩੨)

ਪਰ ਮਨੁੱਖ ਨੂੰ ਕੱਚੇ ਪਿਆਰ ਪਿੱਛੇ ਦੌੜਨ ਵਿਚ ਸਵਾਦ ਆਉਂਦਾ ਹੈ –

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥

(ਅੰਗ ੬੪੪)

ਜਿੰਨਾ ਚਿਰ ਮਨ ਸਥਿਰ ਨਹੀਂ, ਮਨੁੱਖ ਨੂੰ ਸੰਸਾਰ ਦੀ ਕਿਸੀ ਚੀਜ਼ ਵਿਚ ਸਥਿਰਤਾ ਨਹੀਂ ਮਿਲ ਸਕਦੀ। ਜਿਸ ਨਾਲ ਵੀ ਪਿਆਰ ਪਾਉਗੇ, ਉਹ ਅਸਥਿਰ ਹੋਵੇਗਾ, ਕੱਚਾ ਹੋਵੇਗਾ। ਨਿਯਮ ਹੈ ਕਿ ਜੇ ਕਿਸੇ ਨੂੰ ਪੱਕਾ ਪਿਆਰ ਚਾਹੀਦਾ ਹੈ ਤਾਂ ਉਸ ਨੂੰ ਉਸ ਨਾਲ ਪਿਆਰ ਪਾਣਾ ਪਵੇਗਾ ਜਿਹੜਾ ਕੱਲ੍ਹ ਵੀ ਸੀ, ਅੱਜ ਵੀ ਹੈ ਤੇ ਕੱਲ੍ਹ ਵੀ ਹੋਵੇਗਾ –

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

(ਅੰਗ ੧)

ਸੱਚਾ ਪਿਆਰ ਕੀ ਹੈ?

ਉਹ ਸੱਚਾ ਪਿਆਰ ਪ੍ਰਭੂ ਕੋਲੋਂ ਹੀ ਮਿਲਦਾ ਹੈ। ਜੇ ਇਹ ਪੈ ਜਾਵੇ ਤਾਂ ਸੁੱਖ ਹੀ ਸੁੱਖ ਹੈ –

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ॥
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ॥
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ॥
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ॥੧॥

(ਅੰਗ ੩੯੧)

ਸਾਨੂੰ ਸੰਸਾਰ ਨਾਲ ਪ੍ਰੀਤ ਪਾਉਣ ਨਾਲ ਥੋੜ੍ਹਾ ਸੁੱਖ ਮਿਲਦਾ ਹੈ ਕਿਉਂਕਿ ਇਸ ਥੋੜ੍ਹੇ ਜਿਹੇ ਸੁੱਖ ਵਿਚ ਪ੍ਰਮ-ਸੁੱਖ ਦੀ ਝਲਕ ਪੈਂਦੀ ਹੈ। ਸਾਨੂੰ ਸੁੰਦਰਤਾ ਨਾਲ ਪਿਆਰ ਪਾਉਣ ਵਿਚ ਸੁੱਖ ਮਿਲਦਾ ਹੈ ਕਿਉਂਕਿ ਸੁੰਦਰ ਸ਼ੈਅ ਪਿਆਰੀ ਲੱਗਦੀ ਹੈ ਤੇ ਵਾਹਿਗੁਰੂ ਪ੍ਰਮ ਸੁੰਦਰ ਹੈ। ਸਾਨੂੰ ਧਨ ਵਿਚ ਸੁੱਖ ਮਿਲਦਾ ਹੈ ਕਿਉਂਕਿ ਇਸ ਵਿਚ ਪ੍ਰਮ ਧਨੀ ਦਾ ਝਾਉਲਾ ਪੈਂਦਾ ਹੈ। ਸਾਨੂੰ ਪਦ ਪਦਵੀ ਵਿਚ ਸ਼ਕਤੀ ਨਜ਼ਰ ਆਉਂਦੀ ਹੈ ਕਿਉਂਕਿ ਇਸ ਵਿਚ ਸਰਬ-ਸ਼ਕਤੀਮਾਨ ਦਾ ਅਕਸ ਹੈ। ਪਰ ਪਰਛਾਵੇਂ ਨਾਲ ਪ੍ਰੀਤ ਤਾਂ ਪਰਛਾਵੇਂ ਵਰਗੀ ਛੂਈ ਮੂਈ ਹੀ ਹੋਵੇਗੀ। ਅਸਲੀ ਪ੍ਰੇਮ ਤਾਂ ਅਸਲ ਨਾਲ ਪ੍ਰੇਮ ਪਾਣ ਨਾਲ ਹੀ ਮਿਲ ਸਕਦਾ ਹੈ। ਗੁਰਮਤਿ ਸਮਝਾਉਂਦੀ ਹੈ-

ਤੁਮ ਹੀ ਸੁੰਦਰਿ ਤੁਮਹਿ ਸੁਹਾਗੁ॥
ਤੁਮ ਘਰਿ ਲਾਲਨੁ ਤੁਮ ਘਰਿ ਭਾਗੁ॥੨॥
ਤੂੰ ਸਤਵੰਤੀ ਤੂੰ ਪਰਧਾਨਿ॥
ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ॥੩॥

(ਅੰਗ ੩੮੪)

ਵਾਹਿਗੁਰੂ ਸਰੀਰ ਰਹਿਤ ਹੈ, ਇਸ ਲਈ ਉਹ ਸਦਾ ਜਵਾਨ ਹੈ। ਉਹ ਬੁੱਢਾ ਨਹੀਂ ਹੋ ਸਕਦਾ ਇਸ ਲਈ ਉਸ ਦੀ ਸੁੰਦਰਤਾ ਟਿਕਾਊ ਹੈ। ਵਾਹਿਗੁਰੂ ਵਿਰਾਟ ਹੈ। ਸਦਾ ਦਿੰਦਾ ਰਹਿੰਦਾ ਹੈ। ਲੈਣ ਵਾਲੇ ਥੱਕ ਜਾਂਦੇ ਹਨ ਪਰ ਦੇਣ ਵਾਲਾ ਨਹੀਂ ਥੱਕਦਾ। ਇਸ ਲਈ ਉਹ ਪ੍ਰਮ-ਦਾਨੀ ਹੈ।

ਵਾਹਿਗੁਰੂ ਦੀਆਂ ਸਰੀਰਕ ਲੋੜਾਂ ਨਹੀਂ ਕਿਉਂਕਿ ਉਹ ਸਰੀਰ ਰਹਿਤ ਹੈ। ਉਸ ਦੀਆਂ ਮਾਨਸਿਕ ਲੋੜਾਂ ਵੀ ਨਹੀਂ ਕਿਉਂਕਿ ਉਹ ਮਨ ਰਹਿਤ ਹੈ। ਇਸ ਲਈ ਉਹ ਲੋੜ ਰਹਿਤ ਹੈ ਅਤੇ ਜਿਸ ਦੀਆਂ ਲੋੜਾਂ ਨਹੀਂ, ਉਸ ਨੂੰ ਦੁੱਖ ਨਹੀਂ। ਉਹ ਸਦਾ ਸੁੱਖੀ ਹੈ। ਇਹ ਸਮਝ ਆਉਣ 'ਤੇ ਮਨੁੱਖ ਸਿਰਫ਼ ਵਾਹਿਗੁਰੂ ਨਾਲ ਪਿਆਰ ਪਾਉਣਾ ਚਾਹੁੰਦਾ ਹੈ ਤੇ ਹੋਰ ਕੱਚੇ ਪਿਆਰ ਤਜਣਾ ਚਾਹੁੰਦਾ ਹੈ –

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥

(ਅੰਗ ੬੫੮)

ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ॥
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ॥੨॥

(ਅੰਗ ੧੦੯੪)

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਰੇ॥੧॥
ਦੀਨੁ ਦੁਆਰੈ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨੁ ਸੀਤਲ ਬਿਗਸਾਰੇ॥

(ਅੰਗ ੫੩੪)

ਜਦੋਂ ਇਹ ਪਤਾ ਲੱਗ ਜਾਂਦਾ ਹੈ ਕਿ ਸੰਸਾਰ ਨਾਲ ਪਿਆਰ ਕੱਚਾ ਹੈ ਤੇ ਵਾਹਿਗੁਰੂ ਨਾਲ ਪਿਆਰ ਸੱਚਾ ਹੈ ਤਾਂ ਸੁਭਾਵਿਕ ਹੀ ਸਾਡੇ ਦਿਲ ਵਿਚ ਸੱਚਾ ਪਿਆਰ ਪਾਉਣ ਦੀ ਇੱਛਾ ਪੈਦਾ ਹੁੰਦੀ ਹੈ। ਅਸੀਂ ਪੁੱਛਦੇ ਹਾਂ ਕਿ ਉਸ ਸੱਚੇ ਪਿਆਰੇ ਪ੍ਰੀਤਮ (ਲਾਲਨ) ਨਾਲ ਕਿੱਦਾਂ ਪਿਆਰ ਪਾਈਏ। ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਸੂਹੀ ਵਿਚ ਇਹ ਸੁਆਲ ਪਾਉਂਦੇ ਹਨ – ਤੁਸੀਂ ਕਿੱਦਾਂ ਖ਼ੁਸ਼ ਕੀਤਾ ਆਪਣੇ ਲਾਲਨ (ਪ੍ਰੀਤਮ) ਨੂੰ, ਤੁਸੀਂ ਕਿੱਦਾਂ ਉਸ ਦੇ ਰੰਗ ਵਿਚ ਰੰਗੇ ਗਏ? ਤੇ ਆਪ ਜੀ ਹੀ ਦੱਸਦੇ ਹਨ –

ਲਾਲਨੁ ਰਾਵਿਆ ਕਵਨ ਗਤੀ ਰੀ
ਸਖੀ ਬਤਾਵਹੁ ਮੁਝਹਿ ਮਤੀ ਰੀ॥੧॥
ਸੂਹਬ ਸੂਹਬ ਸੂਹਵੀ
ਅਪਨੇ ਪ੍ਰੀਤਮ ਕੈ ਰੰਗ ਰਤੀ॥੧॥ਰਹਾਉ॥
ਪਾਵ ਮਲੋਵਉ ਸੰਗਿ ਨੈਨ ਭਤੀਰੀ
ਜਹਾ ਪਠਾਵਹੁ ਜਾਂਉ ਤਤੀ ਰੀ॥੨॥
ਜਪ ਤਪ ਸੰਜਮ ਦੇਉ ਜਤੀ ਰੀ
ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ॥੩॥
ਮਾਨੁ ਤਾਨੁ ਅਹੰਬੁਧਿ ਹਤੀ ਰੀ
ਸਾ ਨਾਨਕ ਸੋਹਾਗਵਤੀ ਰੀ॥

(ਅੰਗ ੭੩੯)

ਵਾਹਿਗੁਰੂ ਨਾਲੋਂ ਆਪਣੀ ਦੂਰੀ ਮਿਟਾਉ। ਉਸ ਦੇ ਚਰਨ ਕਮਲਾਂ ਨੂੰ ਸਪਰਸ਼ ਕਰੋ, ਹੱਥਾਂ ਨਾਲ ਨਹੀਂ, ਸਿਰ- ਹੱਥ-ਅੱਖ ਨਾਲ ਨਹੀਂ, ਬਲਕਿ ਆਪਣੀਆਂ ਅੱਖਾਂ ਦੀ ਝਿਮਨੀ (ਭਤੀਰੀ) ਨਾਲ। ਅੱਖਾਂ ਅਤੇ ਉਸ ਦੇ ਚਰਨਾਂ ਵਿਚ ਦੂਰੀ ਬਿਲਕੁਲ ਨਾ ਰਹੇ। ਬਾਹਰਲੀ ਅੱਖ ਦਾ ਗੁਣ ਇਹ ਹੈ ਕਿ ਇਸ ਰਾਹੀਂ ਵੇਖਣ ਵਾਲੀ ਵਸਤੂ ਤੋਂ ਕੁਝ ਦੂਰੀ ਚਾਹੀਦੀ ਹੈ। ਆਪਣੇ ਹੱਥ ਦੀਆਂ ਉਂਗਲੀਆਂ ਦੇਖਣੀਆਂ ਹੋਣ ਤਾਂ ਵੀ ਅੱਖ ਵਿਚ ਤੇ ਉਂਗਲੀਆਂ ਵਿਚ ਦੂਰੀ ਚਾਹੀਦੀ ਹੈ। ਜੇ ਹੱਥ ਬਹੁਤ ਨੇੜੇ ਲੈ ਆਉ ਤਾਂ ਉਂਗਲੀਆਂ ਨਹੀਂ ਦਿੱਸਦੀਆਂ।

ਇਸ ਦੇ ਉਲਟ ਅੰਦਰਲੀ ਅੱਖ ਤਾਂ ਹੀ ਵੇਖ ਸਕਦੀ ਹੈ, ਜੇ ਦੂਰੀ ਮਿਟ ਜਾਏ। ਜਦੋਂ ਸਾਡੇ ਤੇ ਵਾਹਿਗੁਰੂ ਵਿਚ ਕੋਈ ਦੂਰੀ ਨਹੀਂ ਰਹਿ ਜਾਏਗੀ ਤਾਂ ਹੀ ਉਹ ਪਿਆਰਾ ਮਿਲੇਗਾ। ਉਸ ਨਾਲ ਮੇਲ ਹੋਏਗਾ, ਜਦੋਂ ਉਸ ਦੇ ਚਰਨ ਤੇ ਸਾਡੇ ਮਨ ਵਿਚ ਦੂਰੀ ਮਿਟ ਜਾਏਗੀ। ਅੱਖ ਦਾ ਦੂਸਰਾ ਗੁਣ ਇਹ ਹੈ ਕਿ ਇਹ ਆਪਣੇ ਆਪ ਨੂੰ ਨਹੀਂ ਦੇਖ ਸਕਦੀ। ਇਹ ਹੋਰ ਸਭ ਕੁਝ ਦੇਖ ਸਕਦੀ ਹੈ ਜਿਹੜੀ ਥੋੜ੍ਹੀ ਦੂਰੀ 'ਤੇ ਹੋਵੇ। ਅੱਖ ਨੇ ਕਦੇ ਆਪਣੇ ਮੂੰਹ ਨੂੰ ਨਹੀਂ ਦੇਖਿਆ। ਜਦੋਂ ਦੇਖਿਆ ਹੈ, ਸਦਾ ਉਸ ਦਾ ਅਕਸ ਹੀ ਦੇਖਿਆ ਹੈ, ਪਰਛਾਈਂ ਹੀ ਦੇਖੀ ਹੈ - ਸ਼ੀਸ਼ੇ ਵਿਚ, ਪਾਣੀ ਵਿਚ, ਅਸਲ ਕਦੇ ਨਹੀਂ ਦੇਖਿਆ। ਪਰ ਅੰਦਰਲੀ ਅੱਖ ਖੁਲ੍ਹੱਣ ਨਾਲ ਮਨੁੱਖ ਆਪਣੇ ਪ੍ਰੀਤਮ ਨੂੰ ਬਿਲਕੁਲ ਆਪਣੇ ਸਾਹਮਣੇ ਦੇਖਦਾ ਹੈ।

ਇਸੇ ਲਈ ਵੇਖਣ ਲਈ ਤਾਂਘ ਚਾਹੀਦੀ ਹੈ ਤੇ ਮਿਲਣ ਦੀ ਪਿਆਸ। ਇਸ ਦੀ ਪੂਰਤੀ ਲਈ ਪਹਿਲਾ ਕਦਮ ਹੈ "**ਪਾਵ ਮਲੋਵਉ ਸੰਗਿ ਨੈਨ ਭਤੀਰੀ॥**" ਉਸ ਦਾ ਹੁਕਮ ਮੰਨਣਾ, ਜਿੱਥੇ ਭੇਜੇ ਉਥੇ ਦੌੜ ਪੈਣਾ, ਜਿੱਥੇ ਬਿਠਾਏ, ਉਥੇ ਬਹਿ ਰਹਿਣਾ "**ਜਹਾ ਪਠਾਵਹੁ ਜਾਂਉ ਤਤੀ ਰੀ॥**" ਜਿਸ ਹਾਲ ਵਿਚ ਰੱਖੇ ਉਸੇ ਵਿਚ ਹੀ ਖ਼ੁਸ਼ ਰਹਿਣਾ। ਜੇਕਰ ਸੁਖੀ ਰੱਖੇ ਤਾਂ ਵੀ ਸ਼ੁਕਰਾਨਾ, ਦੁਖੀ ਰੱਖੇ ਤਾਂ ਵੀ ਸ਼ੁਕਰਾਨਾ। ਇਹ ਨਹੀਂ ਕਿ ਜ਼ਰਾ ਕੁ ਦੁੱਖ ਆਇਆ ਤੇ ਸ਼ਿਕਾਇਤ ਸ਼ੁਰੂ, ਯਾਨੀ ਵਾਹਿਗੁਰੂ ਨੂੰ ਸਲਾਹ ਦੇਣੀ ਕਿ ਇੱਦਾਂ ਨਹੀਂ, ਇੱਦਾਂ ਕਰ। ਸਿੱਖੀ ਹੈ, ਉਸ ਦਾ ਹੁਕਮ ਹਰ ਹਾਲ ਵਿਚ ਮੰਨਣਾ। ਸ਼ਰਧਾ ਵਿਚ ਸੁਵਿਧਾ ਨਹੀਂ ਦੇਖਣੀ ਚਾਹੀਦੀ। ਇੰਝ ਨਹੀਂ ਕਿ ਅੱਜ ਗੁਰਦੁਆਰੇ ਨਹੀਂ ਜਾਂਦੇ ਕਿਉਂਕਿ ਮੀਂਹ ਵਰ੍ਹ ਰਿਹਾ ਹੈ ਅਤੇ ਕਪੜੇ ਗਿੱਲੇ ਹੋ ਜਾਣਗੇ। ਜਾਂ ਅੱਜ ਗੁਰਦੁਆਰੇ ਜਾਣ ਦੀ ਸੁਵਿਧਾ ਨਹੀਂ। ਫ਼ਰੀਦ ਜੀ ਬੜੇ ਸੁੰਦਰ ਸ਼ਬਦਾਂ ਵਿਚ ਕਹਿੰਦੇ ਹਨ -

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥
(ਅੰਗ ੧੩੭੯)

ਪਿਆਰੇ ਨੂੰ ਮਿਲਣਾ ਹੈ ਤਾਂ ਆਪਣੀ ਸੁਵਿਧਾ ਦੀ ਫ਼ਿਕਰ ਨਹੀਂ ਕਰਨੀ ਚਾਹੀਦੀ। ਕਪੜੇ ਗਿੱਲੇ ਹੁੰਦੇ ਹਨ ਤਾਂ ਹੋਣ, ਦੁੱਖ ਹੁੰਦਾ ਹੈ ਤਾਂ ਹੋਏ। ਪਰ ਆਪਣਾ ਪਿਆਰ, ਆਪਣਾ ਮਿਲਣ ਦਾ ਵਾਅਦਾ, ਨਾ ਟੁੱਟੇ। ਬਸ ਉਸ ਦੇ ਹੁਕਮ ਦੀ ਕਮਾਈ ਹੋਏ - "**ਜਹਾ ਪਠਾਵਹੁ ਜਾਂਉ ਤਤੀ ਰੀ॥**" ਉਸ ਦੇ ਮਿਲਣ ਦੀ ਤਾਂਘ ਇੰਨੀ ਮਜ਼ਬੂਤ ਹੋਣੀ ਚਾਹੀਦੀ ਹੈ ਕਿ ਜੋ ਵੀ ਕੀਮਤ ਚੁਕਾਣੀ ਪਵੇ, ਥੋੜ੍ਹੀ ਲੱਗੇ। ਕਈ ਧਰਮਾਂ ਵਿਚ ਵਾਹਿਗੁਰੂ ਨੂੰ ਪਾਣ ਲਈ ਕੀਮਤ ਦੇਣੀ ਪੈਂਦੀ ਹੈ। ਕਈ ਉਸ ਦੇ ਨਾਮ ਦਾ ਜਪ ਕਰਦੇ ਹਨ - ਘੰਟਿਆਂ ਬੱਧੀ, ਸਾਲਾਂ ਬੱਧੀ। ਕਈ ਉਸ ਨੂੰ ਪਾਣ ਲਈ ਤਪ ਸਾਧਦੇ ਹਨ। ਸਰੀਰਕ ਤੇ ਮਾਨਸਿਕ ਕਸ਼ਟ ਝੇਲਦੇ ਹਨ। ਕਈ ਇੰਦ੍ਰੀਆਂ ਦਾ ਸੰਜਮ ਕਰਦੇ ਹਨ, ਪੰਜ ਵਿਕਾਰਾਂ ਨੂੰ ਕੰਟਰੋਲ ਕਰਦੇ ਹਨ। ਬੜੀ ਘਾਲਣਾ ਘਾਲਦੇ ਹਨ। ਇਹਨਾਂ ਸਾਰਿਆਂ ਪਿੱਛੇ ਬੜੀ ਮਿਹਨਤ ਹੈ। ਬੜਾ ਕੁਝ ਪਾਣ ਲਈ ਬੜੀ ਕੀਮਤ ਚੁਕਾਣੀ ਪੈਂਦੀ ਹੈ। ਪਰ ਇਹ ਸਾਰਾ ਵਾਹਿਗੁਰੂ ਦੇ ਇਕ ਨਿਮਖ ਜਿਹੇ ਦਰਸ਼ਨਾਂ ਲਈ ਬਹੁਤ ਘੱਟ ਹੈ। ਸੱਚਾ ਪ੍ਰੇਮੀ ਉਸ ਨੂੰ ਮਿਲਣ ਲਈ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੈ, ਹਰ ਕੁਰਬਾਨੀ ਥੋੜ੍ਹੀ ਹੈ, ਹਰ ਕਠਨਾਈ ਘੱਟ ਹੈ।

ਆਪਣਾ ਅਹੰਕਾਰ ਛੱਡਣਾ ਕਠਿਨ ਹੈ, ਆਪਣਾ ਮਾਣ ਤਿਆਗਣਾ ਦੁੱਖਦਾਈ ਹੈ। ਪਰ ਸਾਨੂੰ ਮਾਣ ਕਾਹਦਾ ਹੈ? ਸਾਡੀ ਕੀ ਕਾਬਲੀਅਤ ਹੈ ਕਿ ਵਾਹਿਗੁਰੂ ਸਾਨੂੰ ਮਿਲੇ? ਸਾਡੀ ਪਾਤਰਤਾ ਕੀ ਹੈ? ਐਸੀ ਕੋਈ ਗੱਲ ਨਹੀਂ, ਜਿਸ ਦਾ ਅਸੀਂ ਮਾਣ ਕਰ ਸਕੀਏ। ਇਹ ਉਸ ਦਾ ਪਿਆਰ ਹੈ ਕਿ ਉਹ ਸਾਨੂੰ ਦੇਈ ਜਾ ਰਿਹਾ ਹੈ। ਸਾਨੂੰ ਜੀਵਨ ਬਖ਼ਸ਼ਿਆ ਹੈ, ਸਵਾਸ ਦਿੱਤੇ ਹਨ, ਉਸ ਨੂੰ ਪਾਣ ਦਾ ਅਉਸਰ ਦਿੱਤਾ ਹੈ, ਉਸ ਨਾਲ ਮਿਲਾਪ ਕਰਨ ਦਾ ਰਾਹ ਦਰਸਾਇਆ ਹੈ। ਉਹ ਪ੍ਰੇਮ ਲੁਟਾ ਰਿਹਾ ਹੈ, ਇਹ ਵੇਖੇ ਬਿਨਾ ਕਿ ਕੌਣ ਹੱਕਦਾਰ ਹੈ ਤੇ ਕੌਣ ਨਹੀਂ।

ਸਾਡਾ ਅਹੰਕਾਰ ਹੀ ਸਾਡੇ ਮਿਲਾਪ ਵਿਚ ਰੁਕਾਵਟ ਹੈ। ਮੇਰਾ ਧਨ, ਮੇਰਾ ਪਦ, ਮੇਰੀ ਪੋਜੀਸ਼ਨ, ਮੇਰਾ ਨਾਮ, ਮੇਰਾ ਜਸ - ਇਹ ਹਨ ਰਾਹ ਦੇ ਰੋੜ੍ਹੇ। ਅਸੀਂ ਇਹ ਨਹੀਂ ਮੰਨਦੇ ਕਿ ਵਾਹਿਗੁਰੂ ਨੇ ਸਾਨੂੰ ਜਿੱਦਾਂ ਦਾ ਵੀ ਬਣਾਇਆ ਹੈ, ਠੀਕ

ਬਣਾਇਆ ਹੈ। ਸਾਡਾ ਅਹੰਕਾਰ ਸਾਨੂੰ ਕੁਝ ਵੱਖਰਾ ਬਨਾਣਾ ਚਾਹੁੰਦਾ ਹੈ। ਅਹੰਕਾਰ ਦੇ ਘੱਟਣ ਨਾਲ ਉਸ ਪ੍ਰਭੂ ਦੇ ਮਿਲਾਪ ਦੀ ਪਿਆਸ ਵੱਧਦੀ ਹੈ ਤੇ ਮੂੰਹੋਂ ਨਿਕਲਦਾ ਹੈ –

ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥੧॥

(ਅੰਗ ੧੦੯੪)

ਬਿਸਰਤ ਨਾਹਿ ਮਨ ਤੇ ਹਰੀ॥
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ
ਆਨ ਬਿਖੈ ਜਰੀ॥ਰਹਾਉ॥

(ਅੰਗ ੧੧੨੦)

ਪਿਰ ਭਾਵੈ ਪ੍ਰੇਮੁ ਸਖਾਈ॥
ਤਿਸੁ ਬਿਨੁ ਘੜੀ ਨਹੀ ਜਗਿ ਜੀਵਾ
ਐਸੀ ਪਿਆਸ ਤਿਸਾਈ॥੧॥

(ਅੰਗ ੧੨੭੩)

ਹਉਮੈਂ ਦੇ ਪੂਰੇ ਨਾਸ਼ ਹੋਣ ਨਾਲ ਮਨੁੱਖ ਮਾਇਆ ਦੀ ਨੀਂਦ ਤੋਂ ਉਠਦਾ ਹੈ ਅਤੇ ਉਸ ਨੂੰ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਉਸ ਨੂੰ ਕੱਚੇ ਪਿਆਰ ਤੇ ਸੱਚੇ ਪਿਆਰ ਵਿਚ ਫ਼ਰਕ ਮਾਲੂਮ ਪੈਂਦਾ ਹੈ –

ਨੀਦ ਗਈ ਹਉਮੈ ਤਨਿ ਥਾਕੀ
ਸਚ ਮਤਿ ਰਿਦੈ ਸਮਾਈ॥

(ਅੰਗ ੧੨੭੪)

ਜਦੋਂ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਪਤਾ ਲੱਗਦਾ ਹੈ ਕਿ ਵਾਹਿਗੁਰੂ ਤਾਂ ਘਟਿ ਘਟਿ ਅੰਦਰ ਹੈ, ਸਾਰੇ ਜੀਆਂ ਵਿਚ ਹੈ। ਫਿਰ ਸਾਡੇ ਪਿਆਰ ਦਾ ਦ੍ਰਿਸ਼ਟੀਕੋਣ ਬਦਲਦਾ ਹੈ। ਪਹਿਲਾਂ ਪਿਆਰ ਹਉਂਮੈ 'ਤੇ ਆਧਾਰਤ ਸੀ, ਗਰਜ਼ 'ਤੇ ਨਿਰਭਰ ਸੀ। ਗਰਜ਼ ਭਾਵੇਂ ਸਾਡੀ ਸੀ, ਭਾਵੇਂ ਦੂਸਰੇ ਦੀ। ਹੁਣ ਸਾਡਾ ਪਿਆਰ ਬੇਗਰਜ਼ ਹੈ। ਹੁਣ ਸਾਨੂੰ ਹਰ ਦੂਸਰੇ ਵਿਚ ਵਾਹਿਗੁਰੂ ਦੀ ਹੀ ਜੋਤ ਦਿੱਸਦੀ ਹੈ।

ਅਸੀਂ ਹੁਣ ਬੱਚਿਆਂ ਨੂੰ ਪਿਆਰ ਕਰਦੇ ਹਾਂ, ਹੋਰ ਲੋਕਾਂ ਨੂੰ ਪਿਆਰ ਕਰਦੇ ਹਾਂ, ਪਰ ਇਸ ਕਰਕੇ ਨਹੀਂ ਕਿ ਉਹ ਸਾਡੀ ਕੋਈ ਲੋੜ ਪੂਰੀ ਕਰਦੇ ਹਨ, ਬਲਕਿ ਇਸ ਲਈ ਕਿ ਉਹਨਾਂ ਵਿਚ ਸਾਨੂੰ ਆਪਣਾ ਪ੍ਰੀਤਮ ਪਿਆਰਾ ਦਿੱਸਦਾ ਹੈ। ਰਿਸ਼ਤੇ ਉਹੀ ਹਨ, ਨਾਤੇ ਉਹੀ ਹਨ, ਪਰ ਅਸੀਂ ਹੁਣ ਉਹ ਨਹੀਂ ਰਹੇ। ਸਾਡੀ ਅੰਦਰ ਦੀ ਅੱਖ ਖੁੱਲ੍ਹ ਗਈ ਹੈ। ਸਾਡੇ ਅੰਦਰੋਂ ਪਿਆਰ ਦੀਆਂ ਤਰੰਗਾਂ ਉਠਦੀਆਂ ਹਨ ਤੇ ਉਹ ਹਰ ਕਿਸੇ ਨੂੰ ਪ੍ਰਭਾਵਿਤ ਕਰਦੀਆਂ ਹਨ, ਕੀ ਜਾਨਵਰ, ਕੀ ਪੰਛੀ ਤੇ ਕੀ ਬਨਸਪਤ।

ਹੁਣ ਸਾਇੰਸ ਵੀ ਮੰਨਦੀ ਹੈ ਕਿ ਪਿਆਰ ਦੀਆਂ ਤਰੰਗਾਂ ਹਨ। ਇਕ ਮਾਲੀ ਪਾਣੀ ਦੀ ਬਾਲਟੀ ਲੈ ਕੇ ਬੂਟਿਆਂ ਨੂੰ ਪਾਣੀ ਦੇਣ ਆਵੇ ਤਾਂ ਬੂਟੇ ਖਿਲ ਉਠਦੇ ਹਨ। ਇਕ ਸ਼ੈਤਾਨ ਕੈਂਚੀ ਲੈ ਕੇ ਬੂਟੇ ਨੂੰ ਕੱਟਣ ਆਵੇ ਤਾਂ ਬੂਟੇ ਕੁਮਲਾ ਜਾਂਦੇ ਹਨ। ਇਹ ਗੱਲਾਂ ਸਾਇੰਸ ਦੇ ਤਜ਼ਰਬੇ ਨਾਲ ਸਿੱਧ ਹੋਈਆਂ ਹਨ। ਮਾਲੀ ਦਾ ਪਿਆਰ-ਭਾਵ ਬੂਟਾ ਸਮਝ ਲੈਂਦਾ ਹੈ ਹਾਲਾਂਕਿ ਉਹ ਕੋਲ ਹੀ ਆਇਆ ਹੈ, ਉਸ ਨੇ ਹਾਲੀ ਪਾਣੀ ਨਹੀਂ ਪਾਇਆ। ਸੱਚੇ ਪਿਆਰ ਦਾ ਨੁਸਖਾ ਗੁਰੂ ਜੀ ਇਹ ਦੱਸਦੇ ਹਨ ਕਿ ਅਸੀਂ ਆਪਣੇ ਪ੍ਰੀਤਮ ਨਾਲੋਂ ਦੂਰੀ ਮਿਟਾਈਏ। ਅਸੀਂ ਉਸ ਦੇ ਹੁਕਮ ਨੂੰ ਮੰਨੀਏ। ਅਸੀਂ ਉਸ ਨੂੰ ਪਾਣ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਰਹੀਏ। ਅਸੀਂ ਆਪਣੇ ਮਾਣ ਤੇ ਅਹੰਕਾਰ ਨੂੰ ਛਡੀਏ। ਇਸ ਦੇ ਬਾਅਦ ਹੀ ਸਾਨੂੰ ਪਤਾ ਚਲੇਗਾ ਕਿ ਵਾਹਿਗੁਰੂ ਦੀ ਪ੍ਰੀਤਿ ਵਿਚ ਸਦਾ ਸੁੱਖ ਮਿਲਦਾ ਹੈ 'ਪ੍ਰਭ ਕੀ ਪ੍ਰੀਤਿ ਸਦਾ ਸੁਖ ਹੋਇ॥'

'ਖੋਜਤ ਖੋਜਤ ਪ੍ਰਭ ਮਿਲੇ' ਰਾਹੀਂ ਸਭਨਾਂ ਵਿਚ ਹੈ, ਪੂਰਾ ਹੈ, ਅਲਿਪਤ ਹੈ, ਸਭਨਾਂ 'ਚ ਹੁੰਦਿਆਂ ਹੋਇਆਂ ਵੀ ਵੱਖਰਾ ਹੈ –

ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥

ਪਹਿਲੀ ਸਚਾਈ ਇਹ ਹੈ ਕਿ ਆਤਮਾ ਪ੍ਰਮਾਤਮਾ ਦੀ ਪਰਛਾਈਂ ਹੈ। ਇਸੇ ਲਈ ਗੁਰਬਾਣੀ ਕਹਿੰਦੀ ਹੈ ਕਿ ਆਤਮਾ ਤੇ ਪ੍ਰਮਾਤਮਾ ਇਕੋ ਜਾਣੋ, ਕਿ ਆਤਮਾ ਵਿਚ ਪ੍ਰਮਾਤਮਾ ਵਸਦਾ ਹੈ –

ਆਤਮਾ ਪਰਾਤਮਾ ਏਕੋ ਕਰੈ॥
ਅੰਤਰ ਕੀ ਦੁਬਿਧਾ ਅੰਤਰਿ ਮਰੈ॥

(ਅੰਗ ੬੬੧)

ਆਤਮ ਮਹਿ ਪਾਰਬ੍ਰਹਮੁ ਲਹੰਤੇ॥

(ਅੰਗ ੨੭੫)

ਆਤਮ ਮਹਿ ਰਾਮੁ ਰਾਮ ਮਹਿ ਆਤਮੁ
ਚੀਨਸਿ ਗੁਰ ਬੀਚਾਰਾ॥

(ਅੰਗ ੧੧੫੩)

ਦੂਸਰੀ ਸਚਾਈ ਇਹ ਹੈ ਕਿ ਪ੍ਰਮਾਤਮਾ ਆਤਮਾ ਰਾਹੀਂ ਸਭਨਾ ਵਿੱਚ ਹੈ, ਪੂਰਾ ਹੈ, ਅਲਿਪਤ ਹੈ, ਸਭਨਾਂ ਵਿੱਚ ਹੁੰਦਿਆਂ ਹੋਇਆਂ ਵੀ ਵੱਖਰਾ ਹੈ –

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥

(ਅੰਗ ੯੮੮)

ਦਹ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥

(ਅੰਗ ੨੯੮)

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

(ਅੰਗ ੧੩੮੧)

ਉਹੀ ਸਭਨਾਂ ਵਿਚ ਵਸਦਾ ਹੈ, ਕੀ ਜੀਵ ਤੇ ਕੀ ਅਜੀਵ, ਕੀ ਹਾਥੀ ਤੇ ਕੀ ਕੀੜੀ, ਕੀ ਕੀਟ ਤੇ ਕੀ ਪਤੰਗਾ, ਕੀ ਰੁਖ ਤੇ ਕੀ ਪੇੜ –

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥

(ਅੰਗ ੯੮੮)

ਅਸਥਾਵਰ ਜੰਗਮ ਕੀਟ ਪਤੰਗਮ
ਘਟਿ ਘਟਿ ਰਾਮੁ ਸਮਾਨਾ ਰੇ॥

(ਅੰਗ ੯੮੮)

ਜਤ੍ਰ ਜਾਉ ਤਤ ਬੀਠਲੁ ਭੈਲਾ॥

(ਅੰਗ ੪੮੫)

ਤੀਸਰੀ ਸਚਾਈ ਇਹ ਹੈ ਕਿ ਪ੍ਰਮਾਤਮਾ ਸੰਸਾਰ ਦਾ ਕਰਤਾ ਹੈ ਪਰ ਸੰਸਾਰ ਨਾਲ ਬੱਧਾ ਨਹੀਂ ਹੈ। ਇੱਦਾਂ ਹੀ ਆਤਮਾ ਪ੍ਰਮਾਤਮਾ ਦੀ ਪਰਛਾਈਂ ਹੈ ਪਰ ਸੰਸਾਰ ਨਾਲ ਬੱਧੀ ਨਹੀਂ ਹੈ। ਇਹ ਸੰਸਾਰ ਵਿਚ ਇੱਦਾਂ ਵਿਚਰਦੀ ਹੈ ਜਿੱਦਾਂ ਕੰਵਲ ਪਾਣੀ ਵਿਚ ਜਾਂ ਮੁਰਗਾਬੀ ਸਰੋਵਰ ਵਿਚ। ਦੋਵੇਂ ਪਾਣੀ ਵਿਚ ਰਹਿੰਦੇ ਹਨ ਤੇ ਦੋਵੇਂ ਸਫ਼ੇਦ ਹਨ। ਪਰ ਪਾਣੀ ਦੇ ਗੰਦੇ ਜਾਂ ਰੰਗੀਨ ਹੋਣ ਕਾਰਣ, ਉਹ ਇਸ ਦਾ ਪ੍ਰਭਾਓ ਨਹੀਂ ਲੈਂਦੇ। ਉਹ ਅਲਿਪਤ ਹੀ ਰਹਿੰਦੇ ਹਨ –

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥

(ਅੰਗ ੨੭੨)

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥

(ਅੰਗ ੩੯੮)

ਪਰ ਮਨ ਤੇ ਸਰੀਰ ਆਤਮਾ ਨੂੰ ਆ ਘੇਰਦੇ ਹਨ, ਇਸ ਉਪਰ ਆਪਣਾ ਰੰਗ ਚਾੜ੍ਹ ਦੇਂਦੇ ਹਨ। ਇੱਦਾਂ ਸਮਝੋ। ਸ਼ੱਕਰ ਦਾ ਇਕ ਟੁਕੜਾ ਜ਼ਮੀਨ ਤੇ ਗਿਰ ਗਿਆ ਹੈ। ਕੀੜੀਆਂ ਨੂੰ ਆਪੇ ਖ਼ਬਰ ਮਿਲ ਜਾਂਦੀ ਹੈ, ਇਹ ਆ ਕੇ ਘੇਰ ਲੈਂਦੀਆਂ ਹਨ ਅਤੇ ਸ਼ੱਕਰ ਦੇ ਟੁਕੜੇ ਨੂੰ ਆਪਣੇ ਘਰ ਵੱਲ ਖਿਚ ਲਿਜਾਂਦੀਆਂ ਹਨ। ਇੱਦਾਂ ਹੀ ਜਦੋਂ ਬੱਤੀ ਜਲਦੀ ਹੈ ਤਾਂ ਕੀੜੇ ਪਤੰਗੇ ਆਪੇ ਹੀ ਇਸ ਵੱਲ ਭਜੇ ਆਂਦੇ ਹਨ ਤੇ ਸੜ ਮਰਦੇ ਹਨ –

ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ॥

(ਅੰਗ ੪੯੨)

ਮਿੱਠਾ ਜਾਂ ਚਾਨਣ (ਬੱਤੀ) ਇਨ੍ਹਾਂ ਨੂੰ ਨਹੀਂ ਬੁਲਾਂਦਾ, ਕੋਈ ਸੱਦਾ ਨਹੀਂ ਦੇਂਦਾ। ਪਰ ਇਨ੍ਹਾਂ ਕੀੜੀਆਂ ਤੇ ਪਤੰਗਿਆਂ ਦੇ ਗੁਣ ਉਨ੍ਹਾਂ ਨੂੰ ਉਸ ਵੱਲ ਖਿਚ ਲੈਂਦੇ ਹਨ। ਇੱਦਾਂ ਹੀ ਆਤਮਾ ਦੇ ਗੁਣਾਂ ਕਾਰਣ ਮਨ-ਸਰੀਰ ਇਸ ਵੱਲ ਖਿਚੇ ਆਂਦੇ ਹਨ। ਇਸ ਕਾਰਣ ਅਸੀਂ ਆਤਮਾ ਦਾ ਅਸੰਗ, ਅਲਿਪਤ, ਨਿਜ ਸਰੂਪ ਭੁੱਲ ਜਾਂਦੇ ਹਾਂ। ਅਸੀਂ ਸਮਝਣ ਲੱਗਦੇ ਹਾਂ ਕਿ ਸਰੀਰ ਦੇ ਦੁੱਖ-ਸੁੱਖ, ਮਨ ਦਾ ਮਾਨ-ਅਪਮਾਨ, ਸਾਡੀ ਆਤਮਾ ਦਾ ਦੁੱਖ-ਸੁੱਖ ਹੈ, ਸਾਡਾ ਮਾਨ-ਅਪਮਾਨ ਹੈ।

ਅਸੀਂ ਸੰਸਾਰ ਵਿਚ ਆਂਦੇ ਹਾਂ ਤਾਂ ਸਾਡੀ ਮੁੱਠੀ ਬੰਦ ਹੁੰਦੀ ਹੈ। ਇਸ ਕਾਰਣ ਸਾਨੂੰ ਭਰਮ ਹੋ ਜਾਂਦਾ ਹੈ ਕਿ ਸ਼ਾਇਦ ਇਸ ਵਿਚ ਕੁਝ ਹੈ। ਇਸੇ ਲਈ ਕਹਿੰਦੇ ਹਨ 'ਬੰਦ ਮੁਠੀ ਲਾਖ ਕੀ'। ਪਰ ਇਹ ਭਰਮ ਹੈ, ਦੂਸਰਿਆਂ ਨੂੰ ਭਰਮਾਣ ਲਈ ਹੈ। ਅਸੀਂ ਜਾਣਦੇ ਹਾਂ ਕਿ ਅੰਦਰੋਂ ਮੁਠੀ ਖਾਲੀ ਹੈ।

ਇਕ ਫ਼ਕੀਰ ਕਿਸੇ ਰਾਜੇ ਦੇ ਮਹੱਲ ਅੱਗੇ ਖਲੋਤਾ ਸੀ ਅਤੇ ਕਹਿ ਰਿਹਾ ਸੀ ''ਮੈਂ ਇਸ ਸਰਾਏ ਅੰਦਰ ਰਾਤ ਰਹਿਣਾ ਹੈ।'' ਸਿਪਾਹੀ ਤੇ ਹੋਰ ਲੋਕੀਂ ਸਮਝਾ ਰਹੇ ਸਨ ਕਿ ਇਹ ਰਾਜੇ ਦਾ ਮਹੱਲ ਹੈ, ਸਰਾਏ ਨਹੀਂ ਹੈ। ਪਰ ਉਹ ਫ਼ਕੀਰ ਕਹੀ ਜਾ ਰਿਹਾ ਸੀ ਕਿ ਇਹ ਸਰਾਏ ਹੈ। ਖ਼ਬਰ ਰਾਜੇ ਤੱਕ ਪਹੁੰਚ ਗਈ। ਉਸ ਕਿਹਾ ''ਇਹ ਮੇਰਾ ਮਹੱਲ ਹੈ। ਤੁਸੀਂ ਠਹਿਰਨਾ ਚਾਹੋ ਤਾਂ ਜੀ ਆਇਆਂ ਹੈ ਪਰ ਇਹ ਸਰਾਏ ਨਹੀਂ ਹੈ।'' ਫ਼ਕੀਰ ਕਿਹਾ, ''ਤੇਰੇ ਤੋਂ ਪਹਿਲਾਂ ਇਹ ਮਹੱਲ ਕਿਸ ਦਾ ਸੀ? ਤੇਰੇ ਪਿਉ ਦਾ। ਤੇਰੇ ਪਿਉ ਤੋਂ ਪਹਿਲਾਂ ਇਹ ਕਿਸ ਦਾ ਸੀ? ਤੇਰੇ ਬਾਅਦ ਇਹ ਕਿਸ ਦਾ ਹੋਏਗਾ? ਪੀੜ੍ਹੀ ਦਰ ਪੀੜ੍ਹੀ ਲੋਕੀਂ ਇਸ ਵਿਚ ਠਹਿਰਦੇ ਆ ਰਹੇ ਹਨ ਅਤੇ ਠਹਿਰਦੇ ਰਹਿਣਗੇ। ਫਿਰ ਤੂੰ ਕਿੱਦਾਂ ਦਾਅਵਾ ਕਰ ਰਿਹਾ ਹੈਂ ਕਿ ਇਹ ਮਹੱਲ ਤੇਰਾ ਹੈ? ਤੇਰੇ ਤੋਂ ਪਹਿਲਾਂ ਵੀ ਇਹ ਮਹੱਲ ਸੀ ਅਤੇ ਤੇਰੇ ਬਾਅਦ ਵੀ ਇਹ ਰਹੇਗਾ। ਸੋ ਇਹ ਸਰਾਏ ਹੀ ਹੈ ਜਿੱਥੇ ਲੋਕੀਂ ਆਂਦੇ ਜਾਂਦੇ ਰਹਿੰਦੇ ਹਨ। ਗੁਰਬਾਣੀ ਕਹਿੰਦੀ ਹੈ –

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥

(ਅੰਗ ੪੯੯)

ਸਿਕੰਦਰ ਜਿਸ ਨੇ ਦੁਨੀਆ ਜਿੱਤਣ ਦਾ ਨਿਰਣੈ ਲਿਆ ਸੀ ਅਤੇ ਕਾਫ਼ੀ ਹੱਦ ਤੱਕ ਸਫ਼ਲ ਵੀ ਰਿਹਾ ਸੀ, ਨੇ ਕਿਹਾ ਸੀ ਕਿ ਮਰਣ ਬਾਅਦ ਮੇਰੇ ਹੱਥ ਕਫਨ ਤੋਂ ਬਾਹਰ ਰੱਖਣਾ ਤਾਂਕਿ

ਲੋਕਾਂ ਨੂੰ ਪਤਾ ਰਹੇ ਕਿ ਦੁਨੀਆ ਨੂੰ ਜਿੱਤਣ ਵਾਲਾ ਖਾਲੀ ਹੱਥ ਹੀ ਜਾ ਰਿਹਾ ਹੈ। ਰਾਵਣ ਜਿਸ ਦੀ ਸੋਨੇ ਦੀ ਲੰਕਾ ਸੀ ਅਤੇ ਅਣਗਿਣਤ ਰਿਸ਼ਤੇ-ਨਾਤੇ ਸਨ, ਇਕੱਲਾ ਹੀ ਗਿਆ–

ਲੰਕਾ ਸਾ ਕੋਟੁ ਸਮੁੰਦ ਸੀ ਖਾਈ॥
ਤਿਹ ਰਾਵਨ ਘਰ ਖਬਰਿ ਨ ਪਾਈ॥

(ਅੰਗ ੪੯੧)

ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥

(ਅੰਗ ੪੯੧)

ਆਦਮੀ ਆਂਦਾ ਵੀ ਖਾਲੀ ਹੱਥ ਹੈ ਤੇ ਜਾਂਦਾ ਵੀ ਖਾਲੀ ਹੱਥ ਹੈ। ਬੰਦ ਮੁੱਠੀ ਕਾਰਣ ਇਸ ਨੂੰ ਭਰਮ ਹੋ ਜਾਂਦਾ ਹੈ ਕਿ ਸ਼ਾਇਦ ਇਸ ਵਿਚ ਕੁਝ ਹੈ ਅਤੇ ਉਹ ਇਸ ਵਿਚ ਕੁਝ ਹੋਰ ਜੋੜ ਸਕਦਾ ਹੈ। ਚੇਤੇ ਰੱਖੋ ਕਿ ਜੋ ਕੁਝ ਵੀ ਸਾਡੇ ਕੋਲ ਹੈ ਉਹ ਬਹੁਤਾ ਕਰਕੇ ਸਾਨੂੰ ਸਾਡੇ ਪਿਉ-ਦਾਦੇ ਕੋਲੋਂ ਮਿਲਿਆ ਹੈ। ਸਾਡੇ ਕੋਲ ਜੋ ਵੀ ਹੈ ਉਹ ਸਾਡੇ ਪੁੱਤਰ- ਪੋਤਰਿਆਂ ਕੋਲ ਚਲਾ ਜਾਏਗਾ। ਫਿਰ ਪਕੜਣਾ ਕਿਸ ਨੂੰ ਅਤੇ ਤਿਆਗਣਾ ਕਿਸ ਨੂੰ। ਜੋ ਸਾਡਾ ਹੈ ਹੀ ਨਹੀਂ ਉਸ ਨੂੰ ਕਿੱਦਾਂ ਤਿਆਗੋਗੇ। ਤਿਆਗਿਆ ਤਾਂ ਉਸ ਨੂੰ ਜਾਂਦਾ ਹੈ ਜੋ ਸਾਡਾ ਹੋਏ –

ਕਿਆ ਲੇ ਆਇਆ ਕਿਆ ਪਲੈ ਪਾਇ॥

(ਅੰਗ ੯੨੯)

ਭਰਮ ਕਾਰਣ ਅਸੀਂ ਉਨ੍ਹਾਂ ਵਸਤੂਆਂ ਨੂੰ ਆਪਣਾ ਮੰਨੀ ਬੈਠੇ ਹਾਂ ਅਤੇ ਇਨ੍ਹਾਂ ਨਾਲ ਬੰਨ੍ਹੇ ਹੋਏ ਹਾਂ। ਇਹ ਸਾਡੀਆਂ ਨਹੀਂ, ਅਸੀਂ ਇਨ੍ਹਾਂ ਦੇ ਮਾਲਕ ਨਹੀਂ। ਇਕ ਕਿਸਾਨ ਗਾਂ ਨੂੰ ਗਲੇ ਵਿਚ ਰੱਸੀ ਬਨ੍ਹ ਕੇ ਲਿਜਾ ਰਿਹਾ ਸੀ। ਬਾਬਾ ਫ਼ਰੀਦ ਨੇ ਲੋਕਾਂ ਕੋਲੋਂ ਪੁਛਿਆ "ਮਾਲਕ ਕੌਣ ਹੈ, ਕਿਸਾਨ ਜਾਂ ਗਾਂ"? ਲੋਕਾਂ ਕਿਹਾ, "ਸ਼ੇਖ਼ ਜੀ, ਮਾਲਕ ਤਾਂ ਕਿਸਾਨ ਹੀ ਹੈ।" ਫ਼ਰੀਦ ਕਿਹਾ, "ਰੱਸੀ ਕੱਟ ਦਿਉ"। ਰੱਸੀ ਕਟਦਿਆਂ ਹੀ ਗਾਂ ਭੱਜ ਪਈ ਅਤੇ ਕਿਸਾਨ ਉਸ ਮਗਰ ਦੌੜ ਪਿਆ। ਫ਼ਰੀਦ ਜੀ ਨੇ ਪੁਛਿਆ, "ਜੇ ਮਾਲਕ ਕਿਸਾਨ ਸੀ ਤਾਂ ਉਹ ਗਾਂ ਮਗਰ ਕਿਉਂ ਭਜ ਰਿਹਾ ਸੀ? ਮਾਲਕ ਗਾਂ ਹੀ ਹੋਏਗੀ ਤਾਂ ਹੀ ਤਾਂ ਨੌਕਰ (ਕਿਸਾਨ) ਮਾਲਕ (ਗਾਂ) ਪਿਛੇ ਭੱਜ ਰਿਹਾ ਹੈ।" ਇਹੀ ਹਾਲ ਸਾਡਾ ਹੈ। ਅਸੀਂ ਸਮਝਦੇ ਹਾਂ ਕਿ ਅਸੀਂ ਵਸਤੂਆਂ ਦੇ ਮਾਲਕ ਹਾਂ। ਪਰ ਇੱਦਾਂ ਸੋਚਣਾ ਗਲਤ ਹੈ। ਅਸੀਂ ਵਸਤੂਆਂ ਮਗਰ ਭੱਜ ਰਹੇ ਹਾਂ ਵਸਤੂਆਂ ਸਾਡੇ ਮਗਰ ਨਹੀਂ ਭੱਜ ਰਹੀਆਂ। ਸੋ ਅਸੀਂ ਵਸਤੂਆਂ ਦੇ ਮਾਲਕ ਨਹੀਂ, ਇਨ੍ਹਾਂ ਦੇ ਗੁਲਾਮ ਹਾਂ। ਆਤਮਾ ਤਾਂ ਸਦਾ ਸ਼ੁੱਧ ਹੈ। ਇਸ ਨੂੰ ਕਿਸੀ ਵੀ ਵਸਤੂ ਦੇ ਪਕੜਣ ਜਾਂ ਤਿਆਗਣ ਵਿਚ ਰਸ ਨਹੀਂ। ਚੇਤੇ ਰੱਖਣਾ ਹੈ ਕਿ ਅਸੀਂ ਨਾ ਕੁਝ ਨਾਲ ਲਿਆਏ ਸਾਂ, ਨਾ ਕੁਝ ਨਾਲ ਲੈ ਕੇ ਜਾਵਾਂਗੇ। ਜੋ ਹੈ, ਜੈਸਾ ਹੈ, ਉਸ ਨੂੰ ਕਬੂਲੋ। ਧਨ-ਪਦ ਆਂਦਾ ਹੈ ਤਾਂ ਆਣ ਦਿਉ, ਜਾਂਦਾ ਹੈ ਤਾਂ ਜਾਣ ਦਿਉ। ਨਾ ਪਕੜਣ ਲਈ ਭੱਜੋ ਨਾ ਤਿਆਗਣ ਦੇ ਜਤਨ ਕਰੋ।

ਕੋਈ ਕਹਿ ਰਿਹਾ ਹੈ ਕਿ ਦੁੱਧ ਅਸ਼ੁੱਧ ਹੋ ਗਿਆ ਕਿਉਂਕਿ ਇਸ ਵਿਚ ਪਾਣੀ ਮਿਲਾ ਦਿੱਤਾ ਗਿਆ ਹੈ। ਗਵਾਲਾ ਕਹਿ ਰਿਹਾ ਹੈ, "ਮੈਂ ਸ਼ੁੱਧ ਪਾਣੀ ਹੀ ਮਿਲਾਇਆ ਹੈ। ਦੁੱਧ ਵੀ ਸ਼ੁੱਧ ਤੇ ਪਾਣੀ ਵੀ ਸ਼ੁੱਧ। ਦੋਵੇਂ ਸ਼ੁੱਧ ਹਨ। ਫਿਰ ਦੁੱਧ ਅਸ਼ੁੱਧ ਕਿੱਦਾਂ ਹੋ ਸਕਦਾ ਹੈ?" ਗੱਲ ਠੀਕ ਲੱਗਦੀ ਹੈ। ਪਰ ਦੋਹਾਂ ਦੇ ਗੁਣ ਧਰਮ ਅਲਗ ਅਲਗ ਹਨ। ਇਸ ਲਈ ਮੇਲ ਨਹੀਂ ਖਾਂਦੇ। ਇੱਦਾਂ ਹੀ ਆਤਮਾ ਤੇ ਵਸਤੂਆਂ ਦੇ ਗੁਣ ਧਰਮ ਵੱਖਰੇ ਹਨ। ਆਤਮਾ ਅਬਿਨਾਸੀ ਹੈ ਅਤੇ ਵਸਤੂਆਂ ਬਿਨਾਸੀ। ਇਸ ਕਾਰਣ ਦੋਹਾਂ ਦੀ ਸੰਗਤ ਨਹੀਂ ਹੋ ਸਕਦੀ। ਜੋ ਬਣਿਆ ਹੈ ਉਹ ਟੁੱਟੇਗਾ। ਇਹ ਉਸ ਦਾ ਧਰਮ ਹੈ। ਗੁਰਬਾਣੀ ਸਮਝਾਂਦੀ ਹੈ –

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥

(ਅੰਗ ੨੩)

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥

(ਅੰਗ ੧੪੨੯)

ਸਭ ਨਾਸ਼ਵਾਨ ਹਨ। ਸਿਰਫ਼ ਆਤਮਾ ਹੀ ਸ਼ੁੱਧ ਸਰੂਪ ਹੈ, ਅਬਿਨਾਸੀ ਹੈ। ਇਸੇ ਨੂੰ ਪਹਿਚਾਨਣਾ ਹੈ। ਇਹੀ ਪਰਮ ਸੁੱਖ ਹੈ, ਇਹੀ ਪਰਮ ਪਦ ਹੈ –

ਆਤਮੁ ਚੀਨਿ ਪਰਮ ਪਦੁ ਪਾਇਆ॥

(ਅੰਗ ੧੦੬੯)

ਅਬਿਨਾਸੀ ਆਤਮਾ ਦਾ ਬਿਨਾਸੀ ਵਸਤੂਆਂ ਨਾਲ ਜੋੜ ਨਹੀਂ ਹੋ ਸਕਦਾ। ਆਪਣੇ ਤੋਂ ਬਾਹਰ ਸਭ ਅਸ਼ੁੱਧ ਹੈ। ਸਾਡੀ ਤ੍ਰਾਸਦੀ ਇਹ ਹੈ ਕਿ ਅਸੀਂ ਆਪਣੇ ਨੂੰ, ਆਪਣੀ ਆਤਮਾ ਨੂੰ, ਨਾ ਪਹਿਚਾਣਦੇ ਹਾਂ ਨਾ ਪਹਿਚਾਨਣ ਦਾ ਜਤਨ ਕਰਦੇ ਹਾਂ। ਜੋ ਅਸੀਂ ਨਹੀਂ ਹਾਂ, ਸਾਨੂੰ ਉਸੇ ਦੀ ਚਾਹ ਹੈ। ਅਸੀਂ ਧਨ-ਪਦ ਨਹੀਂ ਹਾਂ ਪਰ ਸਾਨੂੰ ਉਸੇ ਦੀ ਚਾਹ ਹੈ। ਅਸੀਂ ਆਤਮਾ ਹਾਂ ਜਿਹੜੀ ਸਾਡੇ ਨਾਲ ਹੈ। ਪਰ ਉਸ ਨੂੰ ਜਾਨਣ ਦੀ ਸਾਡੀ ਕੋਈ ਚਾਹ ਨਹੀਂ। ਆਤਮਾ ਨੂੰ ਜਾਨਣ ਲਈ ਗੁਰਬਾਣੀ ਦੀ ਰਹਿਨੁਮਾਈ ਲੈਣੀ ਪਵੇਗੀ। ਗੁਰਬਾਣੀ ਰਾਹ ਦਰਸਾਏਗੀ। ਗੁਰੂ-ਪਿਤਾ ਸਾਨੂੰ ਸਾਡੀਆਂ ਗਲਤੀਆਂ ਲਈ ਝਿੜਕਾਂ ਵੀ ਪਾਂਦੇ

ਹਨ, ਸਜ਼ਾ ਵੀ ਦਿੰਦੇ ਹਨ, ਪਰ ਫਿਰ ਆਪਣੇ ਗਲ ਲਾਂਦੇ ਹਨ, ਪਿਆਰ ਕਰਦੇ ਹਨ –

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥

(ਅੰਗ ੬੨੪)

ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਿ ਨ ਰਾਖਸਿ ਤੇਤੇ॥

(ਅੰਗ ੪੭੯)

ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਨੂੰ ਝਿੜਕਦੇ ਹਨ, ਬੁਰਾ ਭਲਾ ਕਹਿੰਦੇ ਹਨ, ਮਾਰਨ ਲਈ ਸੋਟਾ ਵੀ ਚੁੱਕ ਲੈਂਦੇ ਹਨ। ਪਰ ਉਸੇ ਨੂੰ ਆਤਮ ਦਰਸ਼ੀ ਵੀ ਬਣਾ ਦੇਂਦੇ ਹਨ। ਬਲਕਿ ਆਪਣੀ ਗੁਰ-ਗੱਦੀ ਵੀ ਉਸੇ ਨੂੰ ਬਖ਼ਸ਼ ਦੇਂਦੇ ਹਨ। ਗੁਰੂ ਝਿੜਕਦਾ ਹੈ ਤਾਂਕਿ ਕੱਚੇ ਪਿੱਲੇ ਭੱਜ ਜਾਣ ਅਤੇ ਸੱਚੇ ਜਗਿਆਸੂ ਹੀ ਰਹਿ ਜਾਣ। ਜਿਹੜੇ ਧਨ-ਪਦ ਨੂੰ ਸਥਾਈ ਸਮਝਦੇ ਹਨ, ਉਹ ਗੁਰੂ ਦੇ ਇਸ ਵਰਤਾਉ ਨੂੰ ਬਰਦਾਸ਼ਤ ਨਹੀਂ ਕਰਨਗੇ ਅਤੇ ਸਾਥ ਛੱਡ ਜਾਣਗੇ। ਅੱਛਾ ਹੀ ਹੈ ਕਿਉਂਕਿ ਨਾਸ਼-ਰਹਿਤ ਆਤਮਾ ਨੂੰ ਲੱਭਣ ਵਾਲੇ ਧਨ-ਪਦ ਦੀ ਚਾਹ ਲੈ ਕੇ ਇਸ ਰਾਹ ਦੀ ਯਾਤਰਾ ਨਹੀਂ ਕਰ ਸਕਦੇ। ਆਤਮਾ ਨੂੰ ਜਾਨਣ ਲਈ ਕੁਝ ਪਕੜਣ ਦੀ ਲੋੜ ਨਹੀਂ, ਕੁਛ ਤਿਆਗਣ ਦੀ ਲੋੜ ਨਹੀਂ। ਇਹ ਪਕੜਣਾ ਛਡਣਾ ਇਕ ਨਵਾਂ ਬੰਧਨ ਬਣ ਜਾਂਦਾ ਹੈ।

ਗੁਰਬਾਣੀ ਰਾਹੀਂ ਇੰਨਾ ਸਮਝ ਲੈਣਾ ਕਾਫ਼ੀ ਹੈ ਕਿ ਆਤਮਾ ਮੁਕਤ ਹੀ ਹੈ। ਜੇ ਅਸੀਂ ਆਪਣੀ ਦੈਵੀ ਸ਼ਕਤੀ ਨੂੰ ਧਨ-ਪਦ ਮਗਰ ਨਹੀਂ ਲਾਵਾਂਗੇ ਤਾਂ ਇਹ ਸ਼ਕਤੀ ਆਪੇ ਹੀ ਆਤਮਾ ਵੱਲ ਮੁੜੇਗੀ ਤੇ ਪਰਮ ਧਾਮ ਦਾ ਦੁਆਰ ਖੋਲ੍ਹ ਦੇਵੇਗੀ। ਪਕੜਣ-ਛੱਡਣ ਵਿਚ ਆਪਣੀ ਸ਼ਕਤੀ ਨਸ਼ਟ ਨਾ ਕਰੋ। ਵਾਹਿਗੁਰੂ ਜੋ ਦੇਵੇ ਲੈ ਲਉ, ਜੇ ਖੋਹ ਲਵੇ ਜਾਣ ਦਿਉ।

ਆਪਣੇ ਮੁਕਤ ਸੁਭਾਓ ਉਪਰ ਹੋਰ ਕੋਈ ਰੰਗ ਨਾ ਚੜ੍ਹਣ ਦਿਉ। ਸੰਸਾਰੀ ਘਟਨਾਵਾਂ ਦਾ ਪ੍ਰਭਾਓ ਆਪਣੇ ਉਪਰ ਨਾ ਪੈਣ ਦਿਉ, ਤੁਹਾਡਾ ਨਿਜ ਸਰੂਪ ਸਦਾ ਹੀ ਅਲਿਪਤ ਹੈ –

ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥

(ਅੰਗ ੩੮੪)

❋❋❋

– ਜੋਗਿੰਦਰ ਸਿੰਘ ਸੇਠੀ
ਮੋਬਾਇਲ : 9833393536

ਗੰਜਿ ਸ਼ਹੀਦਾਂ

ਅਰਥਾਤ

ਸਾਕਾ ਚਮਕੌਰ ਸਾਹਿਬ

– 13 –

ਸਾਫੇ ਕਬੀ ਸਿੰਘੋ ਕੇ ਉਠਾਤੇ ਥੇ ਜ਼ਮੀਂ ਸੇ।
ਕੇਸ ਇਸ ਕੇ ਜੋ ਝਾੜੇ ਤੋ ਲੀ ਖ਼ਾਕ ਉਸ ਕੀ ਜਬੀਂ[1] ਸੇ।
ਸਰ ਠੀਕ ਕੀਏ, ਸਰਕੇ ਹੂਏ ਬਾਲਿਸ਼ਿ-ਜ਼ੀ[2] ਸੇ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੋ ਕਹੀਂ ਸੇ।
ਹਾਸ਼ਾ! ਕਿਸੀ ਮੁਰਸ਼ਦ ਮੇਂ ਯਿਹ ਈਸਾਰ[3] ਨਹੀਂ ਹੈ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ[4] ਨਹੀਂ ਹੈ।

– 14 –


ਥੇ ਦੇਖਤੇ ਹਰ ਇਕ ਕੋ ਗੁਰੂ ਦੀਦਾਇ ਤਰ[5] ਸੇ।
ਉਲਫ਼ਤ[6] ਕੀ ਨਿਗਾਹੋਂ ਸੇ ਮੁਹੱਬਤ ਕੀ ਨਜ਼ਰ ਸੇ।
ਬਾਂਧੇ ਹੂਏ ਪਟਕਾ ਪਇ-ਖਿਦਮਤ[7] ਥੇ ਕਮਰ ਸੇ।
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ।
ਨਫਰਤ ਥੀ ਯਹਾਂ ਤਕ ਸ਼ਹਿ ਵਾਲਾ[8] ਕੋ ਰਿਆ[9] ਸੇ।
ਨੇਕੀ ਤੋ ਛੁਪਾਤੇ ਥੇ ਸਦਾ ਮਾ ਉ-ਸ਼ੁਮਾ[10] ਸੇ।”

– 15 –

ਜਿਨ ਸਿੰਘੋਂ ਨੇ ਕਲ ਮੌਤ ਕੇ ਸਾਹਿਲ[11] ਥਾ ਉਤਰਨਾ।
ਕਲ ਸੁਬਹ ਥਾ ਜਿਨ ਖਾਲਸੋਂ ਨੇ ਜੰਗ ਮੇਂ ਮਰਨਾ
ਬਾਲੀਂ[12] ਸੇ ਸ਼ਹੀਦੋਂ ਕੇ ਹੂਆ ਜਬਕਿ ਗੁਜ਼ਰਨਾ।
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ।
ਚੂੰਮਾਂ ਕਭੀ ਹਲਕੂਮ[13] ਦਹਨ[14] ਚੂੰਮਨੇ ਬੈਠੇ।
ਜਬ ਪਾਇੰਤੀ[15] ਆਏ ਤੋ ਚਰਨ ਚੂੰਮਨੇ ਬੈਠੇ।

ਲੇਖਕ –
ਹਕੀਮ ਮਿਰਜ਼ਾ ਅਲਹ ਯਾਰ ਖਾਂ ‘ਜੋਗੀ’ ਰਹਿਮਾਨੀ
‘ਨੈਸ਼ਨਲ ਪੋਇਟ’

1. ਮੁਖੜਾ । 2. ਕਾਠੀ ਦਾ ਸਿਰਹਾਣਾ । 3. ਪਰਉਪਕਾਰ, ਪਰਾਈ ਭਲਾਈ । 4. ਕਦਾਚਿਤ । 5. ਡਲ੍ਹਕਦੇ ਨੈਣਾਂ (ਨਾਲ) । 6. ਮਿੱਤ੍ਰਾਨਾ ਪਿਆਰ । 7. ਸੇਵਾ ਵਿੱਚ ਮਗਨ । 8. ਉੱਚ ਪਾਏ ਦੇ ਪਾਤਿਸ਼ਾਹ । 9. ਦਿਖਾਵਾ, ਪਖੰਡ । 10. ਅਸਾਂ ਤੁਸਾਂ (ਕੋਲੋਂ) । 11. ਕਿਨਾਰਾ । 12. ਸਿਰਹਾਣਾ । 13. ਘੰਡੀ, ਗਲ । 14. ਮੂੰਹ । 15. ਪੈਂਦ ਪੈਰਾਂ ਵੱਲ



ਸੁਲਤਾਨ-ਉਲ-ਕੌਮ

ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਬਾਬਾ ਬੰਦਾ ਸਿੰਘ ਬਹਾਦੁਰ ਜੀ ਅਤੇ ਅਨਿੰਨ ਸਿੱਖ ਸਾਥੀਆਂ ਦੀਆਂ ਸ਼ਹੀਦੀਆਂ ਤੋਂ ਬਾਅਦ, ਸਿੱਖ ਕੌਮ ਦਾ ਜੀਣਾ ਮੁਹਾਲ ਕਰਨ ਦੇ ਇਰਾਦੇ ਨਾਲ, ਦਿੱਲੀ ਸਰਕਾਰ ਨੇ ਸਿੱਖਾਂ ਦਿਆਂ ਸਿਰਾਂ ਦੀ ਕੀਮਤ ਲਗਾ ਦਿੱਤੀ ਸੀ। ਦਿਲ੍ਹੀ ਤਖ਼ਤ ਵੱਲੋਂ ਹੁਕਮ ਜਾਰੀ ਕੀਤਾ ਗਿਆ ਕਿ ਜੋ ਸਿੱਖ ਕਾਬੂ ਆ ਜਾਏ, ਉਸ ਨੂੰ ਬਿਨਾ ਕਿਸੇ ਕਾਰਨ ਕਤਲ ਕਰਨ ਦੀ ਇਜਾਜ਼ਤ ਹੈ। ਸਿੱਖਾਂ ਦਾ ਮਦੱਦਗਾਰ ਵੀ ਮੌਤ ਦੀ ਸਜ਼ਾ ਦਾ ਹੱਕਦਾਰ ਹੋਏਗਾ। ਸਿੱਖ ਕੌਮ ਆਪਣੇ ਵਡੇਰਿਆਂ ਦੇ ਲਹੂ-ਪਸੀਨਿਆਂ ਘੁਲੀ ਮਿੱਟੀ ਨੂੰ ਤਿਆਗ ਕੇ ਜੂਹਾਂ, ਜੰਗਲਾਂ ਤੇ ਰੇਗਿਸਤਾਨਾਂ ਵਿਚ ਸ਼ਰਣ ਲੈ ਕੇ ਛੁਪਦੇ ਛੁਪਾਂਦਿਆਂ ਜ਼ਿੰਦਗੀ ਬਸਰ ਕਰਨ ਨੂੰ ਮਜਬੂਰ ਹੋ ਗਏ ਸਨ। ਸਿੱਖਾਂ ਨੇ ਅਜਿਹੇ ਔਖੇ ਸਮੇਂ ਵਿਚ, ਜੰਗਲੀ ਬੂਟੀਆਂ ਅਤੇ ਰੁੱਖਾ ਦੇ ਪੱਤੇ ਖ਼ਾ ਕੇ ਗੁਜ਼ਾਰਾ ਕੀਤਾ। ਸਿੱਖੀ ਸਿਦਕ ਉੱਤੇ ਨਿਰਣਾਇਕ ਰੂਪ ਵਿੱਚ ਅਡਿਗ ਰਹਿ ਕੇ, ਸਿੱਖ ਜਜ਼ਬੇ ਦੀ ਮੂਕ ਭਾਵਨਾ, ਸਿਰੜ ਤੇ ਪ੍ਰਤੀਬੱਧਤਾ ਦੇ ਰੂਹਾਨੀ ਪ੍ਰਸੰਗਾਂ ਤੇ ਅਖੰਡ ਵਿਸ਼ਵਾਸ ਨੂੰ ਜੀਵਤ ਰੱਖਿਆ।

ਉਨ੍ਹਾਂ ਵਕਤਾਂ ਵਿਚ, ਗੁਰੂ ਕਾ ਲਾਲ, ਸੁਲਤਾਨ-ਉਲ- ਕੌਮ, ਦਲ ਖਾਲਸਾ ਦਾ ਮੁੱਖੀ, ਮਿਸਲਾਂ ਦੇ ਮੁਖੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ, ਬੁੱਢਾ ਦਲ ਦੇ ਜੱਥੇਦਾਰ ਅਤੇ ਨਾ ਜਾਣੇ ਕਿਤਨੇ ਹੋਰ ਨਾਵਾਂ ਨਾਲ ਜਾਣੇ ਜਾਣ ਵਾਲੇ ਸਰਦਾਰ ਜੱਸਾ ਸਿੰਘ ਦਾ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਆਹਲੂ ਵਿਖੇ, ਸਰਦਾਰ ਬਦਰ ਸਿੰਘ ਦੇ ਘਰ, 3 ਮਈ ਸੰਨ 1718 ਈਸਵੀ ਨੂੰ ਜਨਮ ਹੋਇਆ।

ਚਾਰ ਸਾਲ ਦੀ ਬਾਲ ਉਮਰ ਵਿਚ, ਸੰਨ 1722 ਈਸਵੀ 'ਚ ਪਿਤਾ ਸਰਦਾਰ ਬਦਰ ਸਿੰਘ ਦਾ ਸਾਇਆ ਸਿਰ ਤੋਂ ਉਠ ਗਿਆ। ਬੱਚੇ ਦੀ ਪਾਲਨਾ ਦੀ ਜ਼ਿੰਮੇਵਾਰੀ ਮਾਤਾ ਦਿਆਂ ਮੋਢ੍ਹਿਆਂ ਤੇ ਆ ਪਈ। ਮਾਤਾ ਜੀ ਦੀ ਗੁਰਬਾਨੀ ਪੜ੍ਹਨ ਅਤੇ ਕੀਰਤਨ ਕਰਨ ਦੀ ਲਗਨ ਕਾਰਨ, ਬਾਲ

ਜੱਸਾ ਸਿੰਘ ਨੂੰ ਵੀ ਕੀਰਤਨ ਦਾ ਸ਼ੋਕ ਪੈਦਾ ਹੋਣਾ ਸੁਭਾਵਿਕ ਸੀ।

ਬਾਲ ਜੱਸਾ ਸਿੰਘ ਦੀ ਮਾਤਾ ਜੀ ਨੂੰ ਆਪਣੇ ਲਾਡਲੇ ਨਾਲ, ਸੰਨ 1723 ਈਸਵੀ ਵਿਚ ਆਹਲੂ ਪਿੰਡ ਦੀਆਂ ਸੰਗਤਾਂ ਦੇ ਨਾਲ ਦਿੱਲੀ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਜਿੱਥੇ ਮਾਤਾ ਸੁੰਦਰੀ(ਸੁੰਦਰ ਕੌਰ) ਜੀ ਨੇ ਮਾਂ ਪੁੱਤਰ ਦਾ ਗਾਇਨ ਕੀਤਾ ਕੀਰਤਨ ਸੁਣਿਆ। ਮਾਤਾ ਸੁੰਦਰ ਕੌਰ ਜੀ ਦੀ ਸਲਾਹ 'ਤੇ ਬਾਲ ਜੱਸਾ ਸਿੰਘ, ਮਾਤਾ ਸੁੰਦਰੀ (ਸੁੰਦਰ ਕੌਰ) ਜੀ ਪਾਸ ਦਿੱਲੀ ਵਿਖੇ ਰਹਿ ਗਏ। ਦਿਲੀ ਵਿਖੇ ਬਾਲ ਜੱਸਾ ਸਿੰਘ ਨੂੰ ਗੁਰਬਾਣੀ ਵਿਦਿਆ ਦੇ ਨਾਲ ਫਾਰਸੀ ਵਿਦਿਆ ਵੀ ਪ੍ਰਾਪਤ ਕਰਨ ਦਾ ਸੁਭਾਗ ਵੀ ਮਿਲਿਆ।

ਸੰਨ 1729 ਈਸਵੀ ਵਿਚ ਸਰਦਾਰ ਬਾਘ ਸਿੰਘ, ਜੋ ਰਿਸ਼ਤੇ ਵਿਚ ਬਾਲ ਜੱਸਾ ਸਿੰਘ ਦੇ ਮਾਮਾ ਜੀ ਲਗਦੇ ਸੀ, ਉਨ੍ਹਾਂ ਨੂੰ ਆਪਣੇ ਨਾਲ ਪੰਜਾਬ ਲੈ ਆਏ। ਭਾਈ ਕਾਨ੍ਹ ਸਿੰਘ(ਮਹਾਨ ਕੋਸ਼) ਅਨੁਸਾਰ, ਮਾਤਾ ਸੁੰਦਰ ਕੌਰ ਜੀ ਨੇ ਸਰਦਾਰ ਜੱਸਾ ਸਿੰਘ ਨੂੰ ਵਿਦਾ ਕਰਨ ਸਮੇਂ ਇੱਕ 'ਗੁਰਜ' ਬਖ਼ਸੀ ਸੀ (ਪੰਨਾ 372 ਮਹਾਨ ਕੋਸ਼)

ਪੰਜਾਬ ਵਿਚ ਨਵਾਬ ਕਪੂਰ ਸਿੰਘ ਜੀ ਨੂੰ ਬਾਲ ਜੱਸਾ ਸਿੰਘ ਦੁਆਰਾ ਗਾਇਨ, ਕੀਰਤਨ ਸੁਣਨ ਦਾ ਅਵਸਰ ਮਿਲਿਆ। ਆਵਾਜ਼ ਵਿਚ ਮਿਠਾਸ ਨੇ ਨਵਾਬ ਕਪੂਰ ਸਿੰਘ ਜੀ ਦੇ ਮਨ ਨੂੰ ਮੋਹ ਲਿਆ। ਉਂਝ ਵੀ ਉਨ੍ਹਾਂ ਦਾ ਮਿਠ ਬੋਲੜਾ ਸੁਭਾ ਸੀ। ਨਵਾਬ ਕਪੂਰ ਸਿੰਘ ਜੀ ਨੇ ਬਾਲ ਜੱਸਾ ਸਿੰਘ ਨੂੰ ਗੋਦ ਲੈ ਕੇ ਆਪਣਾ ਪੁੱਤਰ ਬਣਾ ਲਿਆ। ਇਥੇ ਹੀ ਜੱਸਾ ਸਿੰਘ ਨੇ ਅੰਮ੍ਰਿਤ ਛੱਕ ਕੇ ਖਾਲਸੇ ਦੀ ਰਹਿਣੀ ਬਹਿਣੀ ਦੀ ਸਿਖਿਆ ਪ੍ਰਾਪਤ ਕੀਤੀ। ਨਵਾਬ ਕਪੂਰ ਸਿੰਘ ਜੀ ਦੀ ਇੱਛਾ ਅਨੁਸਾਰ ਜੱਸਾ ਸਿੰਘ ਨੇ ਜਵਾਨੀ ਵਿਚ ਪੈਰ ਧਰਦਿਆਂ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਦੇ ਗੁਣ ਗ੍ਰਿਹਣ ਕਰਨੇ ਆਰੰਭ ਕਰ ਦਿੱਤੇ। ਕੁਝ ਹੀ ਸਮੇਂ ਵਿਚ ਇਸ ਵਿਦਿਆ ਵਿਚ ਨਿਪੁੰਨਤਾ ਪ੍ਰਾਪਤ ਕਰ ਲਈ। ਸੰਨ 1745 ਈਸਵੀ ਦੀ ਦਿਵਾਲੀ, ਜੱਸਾ ਸਿੰਘ ਦੇ ਜੀਵਨ ਵਿਚ ਇੱਕ ਨਵੀਂ ਕਿਰਨ ਬਣ ਕੇ ਆਈ। ਇਸ ਮੌਕੇ ਤੇ, ਸਰਦਾਰ ਜੱਸਾ ਸਿੰਘ ਨੂੰ ਦਲ ਖਾਲਸੇ ਦੇ ਇਕ ਜੱਥੇ ਦੀ ਅਗਵਾਈ ਕਰਨ ਦੀ ਜ਼ੁੰਮੇਵਾਰੀ ਸੌਂਪਣ ਦਾ ਫੈਸਲਾ ਲਿਆ ਗਿਆ।

ਮਾੜੀ ਕੰਬੋਕੀ ਪਿੰਡ, ਲਾਹੌਰ ਦਾ ਵਸਨੀਕ ਸਰਦਾਰ ਸੁੱਖਾ ਸਿੰਘ, 15 ਸਾਲ ਦੀ ਉਮਰ ਵਿਚ ਸਰਦਾਰ ਸ਼ਾਮ ਸਿੰਘ ਦੇ ਜੱਥੇ ਦਾ ਮੈਂਬਰ ਬਣ ਗਿਆ ਸੀ। ਅੰਮ੍ਰਿਤਸਰ ਦਾ ਕੋਤਵਾਲ ਕਾਜ਼ੀ ਅਬਦੁਲ ਰਜ਼ਾਕ ਸੰਨ 1738 ਈਸਵੀ ਵਿਚ ਭਾਈ ਅਘੜ ਸਿੰਘ ਦੇ ਹੱਥੋਂ ਮਾਰਿਆ ਗਿਆ। ਸਿੱਖਾਂ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਮੰਡਿਆਲੇ ਪਿੰਡ ਦੇ ਵਸਨੀਕ ਮੱਸਾ ਰੰਘੜ ਨੂੰ ਅੰਮ੍ਰਿਤਸਰ ਦਾ ਕੋਤਵਾਲ ਬਣਾਇਆ ਗਿਆ। ਤਾਕਤ ਦੇ ਜ਼ੋਰ ਤੇ ਮੱਸੇ ਨੇ ਦਰਬਾਰ ਸਾਹਿਬ ਤੇ ਕਬਜ਼ਾ ਕਰ ਕੇ ਕੁਕਰਮ ਕਰਨੇ ਸ਼ੁਰੂ ਕਰ ਦਿੱਤੇ।ਇਕ ਸਿਖ ਆਪਣੇ ਜਿਸਮ ਦੇ ਟੁਕੜੇ ਤਾਂ ਕਰਵਾ ਸਕਦਾ ਹੈ, ਪਰ ਗੁਰੂ ਘਰ ਦੀ ਬੇਅਦਬੀ ਨਹੀਂ ਸਹਾਰ ਸਕਦਾ। ਬਦਲਾ ਲੈਣ ਦੀ ਧੁੰਨ ਵਿਚ ਸਰਦਾਰ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਕਟ ਕੇ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈ ਲਿਆ।

ਸੰਨ 1746 ਈਸਵੀ ਵਿਚ ਸਰਦਾਰ ਸੁੱਖਾ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਜੱਥੇ ਪਹਾੜਾਂ ਵੱਲ ਜਾ ਰਹੇ ਸੀ।ਂ ਰੋੜੀ ਸਾਹਿਬ ਵਿਖੇ ਦੋਵੇਂ ਜੱਥੇ ਲੰਗਰ ਪਕਾਉਣ ਲਈ ਰੁਕੇ। ਐਮਨਾਬਾਦ ਦੇ ਫੋਜਦਾਰ ਜਸਪੱਤ ਰਾਏ ਨੇ, ਉਨ੍ਹਾਂ ਦਿਆਂ ਜੱਥਿਆਂ ਤੇ ਹਮਲਾ ਕਰ ਦਿੱਤਾ। ਉਸ ਲੜਾਈ ਵਿਚ ਨਿਬਾਹੂ ਸਿੰਘ ਨੇ ਹਾਥੀ ਤੇ ਬੈਠੇ ਜਸਪਤ ਰਾਏ ਦਾ ਸਿਰ ਵੱਢ ਦਿੱਤਾ। ਜਸਰਥ ਰਾਏ ਦਾ ਸਿਰ ਵੱਢਿਆ ਦੇਖ ਸਰਕਾਰੀ ਫੋਜ ਭਜ ਖਲੋਤੀ। ਜਸਪਤ ਰਾਏ ਦੇ ਭਰਾ ਦਿਵਾਨ ਲਖਪਤ ਰਾਏ ਨੇ ਜਦੋਂ ਭਰਾ ਦੇ ਕਤਲ ਦੀ ਖਬਰ ਸੁਣੀ ਤਾਂ ਗੁੱਸੇ ਵਿਚ ਆ ਕੇ ਉਸ ਨੇ ਲਾਹੌਰ ਸ਼ਹਿਰ ਦੇ ਸਾਰੇ ਸਿੱਖ ਦੁਕਾਨਦਾਰਾਂ ਨੂੰ, 10 ਮਾਰਚ 1746 ਈਸਵੀ ਦਿਨ-ਦਿਹਾੜੇ ਹੀ ਕਤਲ ਕਰਵਾ ਦਿੱਤਾ। ਆਪ ਸਰਕਾਰੀ ਤੋਪਖਾਨਾ ਅਤੇ ਫੋਜ ਲੈ ਕੇ ਸਿੱਖਾਂ ਨੂੰ ਖਤਮ ਕਰਨ ਦੇ ਇਰਾਦੇ ਨਾਲ ਕਾਹਨੂਵਾਲ ਨੂੰ ਹੋ ਤੁਰਿਆ। ਉਸ ਮੁਹਿੰਮ ਵਿਚ 7000 ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 3000 ਤੋਂ ਵਧ ਸਿਖ ਬਿਰਧ ਮਰਦ। ਔਰਤਾਂ ਅਤੇ ਬੱਚਿਆਂ ਨੂੰ ਬੰਦੀ ਬਣਾ ਕੇ ਲਾਹੌਰ ਲਿਆਉਣ ਮਗਰੋਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸਿੱਖ ਇਤਿਹਾਸ ਵਿਚ ਇਹ ਸਾਕਾ ਛੋਟੇ ਘੱਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਦਸੰਬਰ 1747 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਤੇ ਆਪਣਾ ਪਹਿਲਾ ਹਮਲਾ ਕੀਤਾ। ਲਾਹੌਰ ਦਾ ਪ੍ਰਬੰਧਕ ਅਬਦਾਲੀ ਪਾਸੋਂ ਹਾਰ ਖਾ ਕੇ ਨਸ ਗਿਆ। ਅਬਦਾਲੀ, ਲਹੌਰ ਵਿਚ ਪੁੱਟ-ਮਾਰ ਕਰਨ ਮਗਰੋਂ, 22

ਜਨਵਰੀ ਨੂੰ ਤਰਨਤਾਰਨ ਦੇ ਨੇੜੇ, ਨੂਰ ਕੀ ਸਰਾਂ ਕੋਲ ਡੇਰੇ ਲਗਾਏ। ਸਿੰਘ ਅਬਦਾਲੀ ਦੀ ਮਿੰਟ ਮਿੰਟ ਦੀ ਸੂਹ ਲੈ ਰਹੇ ਸਨ, ਸਿੰਘਾਂ ਰਾਤ ਦੇ ਸਮੇਂ ਅਬਦਾਲੀ ਦੀ ਫ਼ੌਜ ਤੇ ਹਮਲਾ ਕੀਤਾ ਅਤੇ ਲੁੱਟ ਦਾ ਮਾਲ ਲੈ ਕੇ ਨਸ ਗਏ। 11 ਮਾਰਚ ਨੂੰ, ਅਬਦਾਲੀ ਦੀਆਂ ਫ਼ੌਜਾਂ ਨਾਲ ਟੱਕਰ ਲੈਣ ਲਈ, ਮੁਗਲ ਵਜ਼ੀਰ ਕਮਰੂਦੀਨ 60 ਹਜ਼ਾਰ ਮੁਗਲ ਫ਼ੌਜਾਂ ਨਾਲ ਸਰਹੰਦ ਵਿਖੇ ਅਬਦਾਲੀ ਦੇ ਟਾਕਰੇ ਤੁ ਆ ਖਲ੍ਹੋਤਾ। ਭਾਰੀ ਲੜਾਈ ਵਿਚ ਕਮਰੂਦੀਨ ਮਾਰਿਆ ਗਿਆ। ਉਸ ਦੇ ਪੁੱਤਰ ਮੀਰ ਮੰਨੂ ਨੇ ਕਮਾਨ ਸੰਭਾਲੀ ਅਤੇ ਅਫ਼ਗਾਨੀਆਂ ਨੂੰ ਭਾਜੜ ਪਾ ਦਿੱਤੀ। ਅਫ਼ਗਾਨ ਫ਼ੌਜੀ ਮੈਦਾਨ ਛੋੜ ਕੇ ਦੌੜਨ ਨੂੰ ਮਜਬੂਰ ਹੋ ਗਏ।

29 ਮਾਰਚ ਸੰਨ 1748 ਈਸਵੀ ਨੂੰ ਨਵਾਬ ਕਪੂਰ ਸਿੰਘ ਨੇ ਦਰਬਾਰ ਸਾਹਿਬ ਵਿਖੇ ਇੱਕ ਮੱਤਾ ਕਰ ਕੇ, ਸਾਰੇ ਵਿਖਰੇ ਪਏ ਖਾਲਸਿਆਂ ਨੂੰ ਇੱਕਠੇ ਕਰ ਕੇ ਦਲ ਖਾਲਸਾ ਦੇ ਝੰਡੇ ਹੇਠਾ ਲਿਆਂਦਾ। ਇਸ ਮੌਕੇ ਤੇ ਰਾਮ ਰਾਉਨੀ ਕਿਲੇ ਦਾ ਨੀਂਹ ਪੱਥਰ ਰਖਿਆ ਗਿਆ। ਇੱਸ ਮੌਕੇ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਸਾਂਝਾ ਜੱਥੇਦਾਰ ਥਾਪਿਆ ਗਿਆ। ਜੱਥੇਦਾਰ ਦੀ ਸਲਾਹ ਮਸ਼ਵਰੇ ਲਈ 12 ਮੈਂਬਰਾਂ ਦੀ ਕਮੇਟੀ ਬਣਾਈ ਗਈ, ਇਹੀ ਮੈਂਬਰ ਹੀ ਬਾਅਦ ਵਿਚ ਸਿੱਖ ਮਿਸਲਾਂ ਦੇ ਸਰਦਾਰ ਅਖਵਾਏ।

ਸੰਨ 1748 ਈਸਵੀ ਵਿੱਚ ਸਰਦਾਰ ਜੱਸਾ ਸਿੰਘ ਨੇ 'ਅੰਮ੍ਰਿਤਸਰ ਦੇ ਹਾਕਮ ਸਲਾਬਤਖ਼ਾਨ ਨੂੰ ਕਤਲ ਕਰ ਕੇ ਅੰਮ੍ਰਿਸਰ ਅਤੇ ਉਸ ਦੇ ਅਧੀਨ ਇਲਾਕੇ ਆਪਣੇ ਕਬਜ਼ੇ ਹੇਠ ਲਏ।(ਮਹਾਨ ਕੋਸ਼ ਪੰਨਾ 372)

ਸੰਨ 1748 ਈਸਵੀ ਸਿੰਘਾਂ ਲਈ ਮਹੱਤਵਪੂਰਨ ਸਾਲ ਸੀ। ਇਸ ਸਾਲ 9 ਅਪ੍ਰੈਲ ਨੂੰ ਮੀਰ ਮੰਨੂ ਦੀ ਲਾਹੌਰ ਅਤੇ ਮੁਲਤਾਨ ਦੇ ਨਵੇਂ ਸੂਬੇਦਾਰ ਵਜੋਂ ਨਿਯੁਕਤੀ ਹੋਈ। ਸੰਨ 1749 ਈਸਵੀ ਵਿਚ ਸ਼ਾਹਨਵਾਜ਼ ਨੂੰ ਮੁਲਤਾਨ ਤੋਂ ਖਾਰਿਜ ਕਰਨ ਲਈ, ਸਰਦਾਰ ਜੱਸਾ ਸਿੰਘ ਆਹਲੂ ਵਾਲੀਆ ਤੇ ਸਰਦਾਰਾਂ ਨੇ ਦੀਵਾਨ ਕੌੜਾ ਮਲ ਦੀ ਬਹੁਤ ਸਹਾਇਤਾ ਕੀਤੀ ਸੀ। ਮੀਰ ਮੰਨੂ ਨੇ ਕੌੜਾ ਮਲ ਨੂੰ ਆਪਣਾ ਨਵਾਂ ਦਿਵਾਨ ਥਾਪਿਆ ਅਤੇ ਦੀਵਾਨ ਲਖਪੱਤ ਰਾਏ ਨੂੰ 30 ਲੱਖ ਰੁਪਏ ਜੁਰਮਾਨਾ ਕਰਦਿਆਂ ਪਦ ਤੋਂ ਹਟਾ ਦਿੱਤਾ। ਲੱਖਪਤ ਰਾਏ ਪਾਸੋਂ, ਜੁਰਮਾਨੇ ਦੀ 30 ਲੱਖ ਰਕਮ ਚੋਂ ਕੇਵਲ 22 ਲੱਖ ਰੁਪਏ ਦੀ ਪ੍ਰਾਪਤੀ ਹੋਈ। ਦੀਵਾਨ ਕੌੜਾ ਮਲ ਨੇ ਸਿੰਘਾਂ ਦੇ ਅਹਿਸਾਨ ਬਦਲੇ, ਬਾਕੀ 8 ਲੱਖ ਦੀ ਰਕਮ ਆਪਣੇ ਪਾਸੋਂ ਮੀਰ ਮੰਨੂ ਨੂੰ ਚੁਕਾਂਦਿਆਂ ਲਖਪਤ ਰਾਏ ਨੂੰ ਸਿੰਘਾਂ ਦਾ ਮੁਜਰਿਮ ਜਾਣ ਕੇ ਉਸ ਨੂੰ ਸਿੰਘਾਂ ਦੇ ਹਵਾਲੇ ਕਰ ਦਿੱਤਾ। ਲਖਪਤ ਰਾਏ ਨੂੰ ਕਬਜ਼ੇ ਵਿਚ ਲੈਣ ਤੋਂ ਬਾਅਦ, ਉਸ ਨੂੰ ਆਸਾਨ ਮੌਤ ਦੇਣੀ ਨਾਮੁਨਾਸਿਬ ਸਮਝੀ ਗਈ। ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਦੇ ਫੈਸਲੇ ਅਨੁਸਾਰ ਲਖਪਤ ਰਾਏ ਨੂੰ ਟੱਟੀ ਵਿਚ ਬੰਦ ਕਰ ਦਿੱਤਾ ਗਿਆ। ਜਿੱਥੇ ਬਦਬੂ ਕਾਰਨ ਬਿਮਾਰ ਹੋ ਕੇ ਆਪਣੀਆਂ ਕਰਨੀਆਂ ਦੀ ਸਜ਼ਾ ਭੋਗਦਿਆਂ, 6 ਮਹੀਨੇ ਬਾਅਦ ਉਸ ਦੀ ਮੌਤ ਹੋ ਗਈ।

ਲਾਹੌਰ ਅਤੇ ਮੁਲਤਾਨ ਦਾ ਪ੍ਰਬੰਧ ਆਪਣਿਆਂ ਹੱਥਾਂ ਵਿਚ ਲੈ ਕੇ ਠੀਕ ਕਰਨ ਤੋਂ ਬਾਅਦ, ਮੀਰ ਮੰਨੂ ਨੇ ਸਿੱਖਾਂ ਨੂੰ ਖਤਮ ਕਰਨ ਦੇ ਇਰਾਦੇ ਨਾਲ ਗਸ਼ਤੀ ਫ਼ੌਜ ਛੱਡ ਦਿੱਤੀ। ਸਿੱਖ ਉਸ ਦਾ ਇਲਾਕਾ ਛਡ, ਦੂਜਿਆਂ ਇਲਾਕਿਆਂ ਨੂੰ ਜਾਣ ਲਈ ਮਜਬੂਰ ਹੋ ਗਏ। ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਨੌਕਰੀਆਂ ਦੀ ਪੇਸ਼ਕਸ਼ ਕੀਤੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਆਦਮੀਆਂ ਸਮੇਤ, ਉਸ ਦੀ ਨੌਕਰੀ ਪਰਵਾਨ ਕਰ ਲਈ । ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੇ ਇਹ ਪਰਸਤਾਵ ਅਸਵਿਕਾਰ ਕਰ ਦਿੱਤਾ।

ਖਾਲਸੇ ਨੇ ਸੰਨ 1748 ਈਸਵੀ ਦੀ ਦਿਵਾਲੀ ਮਨਾਉਣ ਲਈ ਅੰਮ੍ਰਿਤਸਰ ਇਕੱਠ ਕਰਨ ਦਾ ਫੈਸਲਾ ਲਿਆ। ਮੀਰ ਮੰਨੂ ਨੂੰ ਇਸ ਗੱਲ ਦਾ ਪਤਾ ਚਲਣ ਤੇ ਉਸ ਨੇ ਸਿੱਖਾਂ ਨੂੰ ਘੇਰਨ ਲਈ ਫੋਜ ਭੇਜ ਦਿੱਤੀ । ਜਲੰਧਰ ਦੇ ਸੂਬੇਦਾਰ ਨੂੰ ਫੌਜ ਨੂੰ ਮਦੱਦ ਕਰਨ ਦਾ ਫਰਮਾਨ ਵੀ ਭੇਜਿਆ। 500 ਸਿੰਘਾਂ ਨੇ ਰਾਮ ਰਾਉਣੀ ਕਿਲੇ ਵਿਚ ਸ਼ਰਣ ਲੈ ਲਈ। ਬਾਕੀ ਅਨੇਕਾਂ ਸਿੰਘ ਤਿੱਤਰ ਬਿੱਤਰ ਹੋ ਗਏ। ਦੋ ਮਹੀਨੇ ਦੇ ਘੇਰੇ ਮਗਰੋਂ ਵੀ ਉਹ ਸਿੰਘਾਂ ਨੂੰ ਹੱਥਿਆਰ ਸੁਟਣ ਲਈ ਮਜਬੂਰ ਨਾ ਕਰ ਸਕਿਆ। ਉਨ੍ਹਾਂ ਦਿਨਾਂ ਵਿਚ ਹੀ ਅਬਦਾਲੀ ਨੇ ਭਾਰਤ ਤੇ ਦੂਜਾ ਹਮਲਾ ਕਰ ਦਿੱਤਾ। ਜੱਸਾ ਸਿੰਘ ਰਾਮਗੜ੍ਹੀਆ ਸਿੰਘਾਂ ਨਾਲ ਜਾ ਮਿਲਿਆ ਤੇ ਦਿਵਾਨ ਕੌੜਾ ਮਲ ਨੂੰ ਗੜ੍ਹੀ ਦਾ ਘੇਰਾ ਉਠਾਉਣ ਦਾ ਸੁਨੇਹਾ ਭੇਜਿਆ। ਅਬਦਾਲੀ ਦੇ ਹਮਲੇ ਕਾਰਨ ਮੀਰ ਮੰਨੂ ਨੇ ਦਿਵਾਨ ਕੌੜਾ ਮ਼ਲ ਦੀ ਸਲਾਹ ਮੰਨ ਲਈ ਤੇ ਖਾਲਸੇ ਨੂੰ ਜਾਗੀਰ ਦੇ ਕੇ ਸੁਲਾਹ ਕਰ ਲਈ।

ਮਈ 1749 ਈਸਵੀ ਵਿਚ ਸ਼ਾਹ ਨਵਾਜ਼ ਨੇ ਮੁਲਤਾਨ ਤੇ ਕਬਜ਼ਾ ਕਰ ਲਿਆ। ਮੀਰ ਮੰਨੂ ਨੇ ਦਿਵਾਨ ਕੌੜਾ ਮਲ ਨੂੰ ਮੁਲਤਾਨ ਤੋਂ ਸ਼ਾਹ ਨਵਾਜ਼ ਦਾ ਕਬਜ਼ਾ ਵਾਪਿਸ ਲੈਣ ਲਈ

ਭੇਜਿਆ। ਕੌੜਾ ਮਲ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ 10,000 ਸਿੰਘਾਂ ਨੂੰ ਭਰਤੀ ਕਰ ਕੇ ਸ਼ਾਹ ਨਵਾਜ਼ ਤੇ ਹੱਲਾ ਬੋਲ ਦਿੱਤਾ। ਸ਼ਾਹ ਨਵਾਜ਼ ਦੀਆਂ ਫੋਜਾਂ ਸਿੰਘਾਂ ਸਾਹਮਣੇ ਬਹੁਤੀ ਦੇਰ ਟਿਕ ਨਾ ਸਕੀਆਂ। ਸ਼ਾਹ ਨਵਾਜ਼ ਲੜਾਈ ਵਿਚ ਮਾਰਿਆ ਗਿਆ । ਕੌੜਾ ਮਲ ਦਾ ਮੁਲਤਾਨ ਤੇ ਕਬਜ਼ਾ ਹੋ ਗਿਆ। ਕੌੜਾ ਮਲ ਦੀ ਸਫਾਰਸ਼ ਤੇ ਮੀਰ ਮੰਨੂ ਨੇ ਖਾਲਸੇ ਦੀ ਜਾਗੀਰ ਵਿਚ ਵਾਧਾ ਸਵੀਕਾਰ ਕਰ ਲਿਆ।

ਅਬਦਾਲੀ ਨੂੰ ਹਿੰਦੁਸਤਾਨ ਦੀ ਲੁਟ ਮਾਰ ਵਿਚ ਕੀਮਤੀ ਸਾਮਾਨ ਹੱਥ ਲਗਣ ਕਾਰਨ, ਉਸ ਨੂੰ ਹਿੰਦੁਸਤਾਨ ਤੇ ਹੱਲੇ ਕਰਨ ਵਿਚ ਮਜ਼ਾ ਆਉਣ ਲਗ ਪਿਆ ਸੀ। ਸੰਨ 1751 ਈਸਵੀ ਵਿਚ ਅਬਦਾਲੀ ਨੇ ਇਕ ਵਾਰ ਫਿਰ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ। ਮੀਰ ਮੰਨੂ ਨੇ ਇਕ ਵਾਰ ਫਿਰ ਆਪਣੀ ਮਦਦ ਲਈ ਖਾਲਸੇ ਨੂੰ ਬੁਲਾਇਆ। ਲੜਾਈ ਵਿਚ ਸਿੰਘਾਂ ਉਪਰ ਤੋਪਖਾਨੇ ਵਲੋਂ ਗੋਲੇ ਦਾਗੇ ਜਾਣ ਕਾਰਨ ਸਿੰਘ ਅੰਮ੍ਰਿਤਸਰ ਪਰਤ ਆਏ। ਲੜਾਈ ਵਿਚ ਮੀਰ ਮੰਨੂ ਦੀ ਹਾਰ ਹੋਈ। ਹਾਰ ਦਾ ਠੀਕਰਾ ਖਾਲਸੇ ਦੇ ਸਿਰ ਤੇ ਫੋੜਿਆ ਗਿਆ। ਖਾਲਸੇ ਦੀ ਜਾਗੀਰ ਵਾਪਿਸ ਲੈ ਲਈ ਗਈ। ਇਕ ਵਾਰ ਫਿਰ ਖਾਲਸੇ ਨੂੰ ਖਤਮ ਕਰਨ ਦੀ ਚਾਹਤ ਵਿਚ ਗਸ਼ਤੀ ਫੌਜ ਖ਼ਾਲਸੇ ਦੇ ਮਗਰ ਲਗਾ ਦਿੱਤੀ ਗਈ।

12 ਫਰਵਰੀ ਸੰਨ 1753 ਈਸਵੀ ਨੂੰ ਹੋਲੇ ਮੁਹੱਲੇ ਦੇ ਮੌਕੇ ਤੇ ਅਦੀਨਾਬੇਗ ਦੀਆਂ ਫੌਜ਼ਾਂ ਨੇ ਸਿੱਖਾਂ ਉੱਤੇ ਅਨੰਦਪੁਰ ਸਾਹਿਬ ਵਿਖੇ ਹਮਲਾ ਕੀਤਾ ਜਿਸ ਕਾਰਨ ਸਿੱਖਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਸੰਨ 1753 ਈਸਵੀ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਜਲੰਧਰ ਦੇ ਹਾਕਿਮ ਅਦੀਨਾਬੇਗ ਨੂੰ ਜਿੱਤ ਕੇ, ਅਨੰਦਪੁਰ ਸਾਹਿਬ ਦੇ ਹਮਲੇ ਦਾ ਬਦਲਾ ਫ਼ਤੇਹਬਾਦ ਪਰਗਨੇ ਤੇ ਕਬਜ਼ਾ ਕਰ ਕੇ ਲਿਆ। (ਮਹਾਨ ਕੋਸ਼ ਪੰਨਾ 372) ਇਸੇ ਸਾਲ ਨਵਾਬ ਕਪੂਰ ਸਿੰਘ ਜੀ ਨੇ ਸਰਦਾਰ ਜੱਸਾ ਸਿੰਘ ਜੀ ਨੂੰ ਆਪਣਾ ਵਾਰਿਸ ਨਾਮ-ਜ਼ੱਦ ਕਰ ਦਿੱਤਾ।

9 ਨਵੰਵਰ ਸੰਨ 1753 ਈਸਵੀ ਨੂੰ ਮੀਰ ਮੰਨੂ ਦੇ ਆਦੇਸ਼ ਤੇ ਸੈਕੜੇ ਸਿੰਘਣੀਆਂ ਅਤੇ ਬੱਚਿਆਂ ਨੂੰ ਇੱਕ ਬੌਰੇ ਵਿਚ ਕੈਦ ਕਰ ਲਿਆ। ਸਿੰਘਾਂ ਨੂੰ ਇਸ ਦਾ ਪਤਾ ਚਲਣ ਤੇ ਸਿੰਘਾਂ ਨੇ ਮੀਰ ਮੰਨੂ ਤੇ ਹਮਲਾ ਕਰ ਦਿੱਤਾ। ਮੀਰ ਮੰਨੂ ਜ਼ਖ਼ਮੀ ਹਾਲਤ ਵਿਚ ਨਸਣ ਲਗਿਆ, ਉਸ ਦਾ ਪੈਰ ਘੋੜੇ ਦੀ ਰਕਾਬ ਵਿਚ ਫਸ ਗਿਆ, ਘੋੜਾ ਨਸਦਾ ਹੀ ਗਿਆ, ਮੰਨੂ ਜ਼ਮੀਨ ਨਾਲ ਘਿਸਟਦਾ, ਪੱਥਾਂ, ਨੀਵੀਆਂ ਥਾਵਾਂ ਨਾਲ ਟਕਰਾਉਂਦਾ ਰਿਹਾ, ਜਿਸ ਕਾਰਨ ਉਸ ਦੀ ਅਨੇਕਾਂ ਹੱਡੀਆਂ ਤੇ ਖੋਪਰੀ ਟੁੱਟ ਗਈ, ਪਾਪੀ ਦਾ ਸਰੀਰ ਤੂੰਬਾ ਤੂੰਬਾ ਹੋ ਗਿਆ। ਸਿੰਘਾਂ ਨੇ ਬੰਦੀ ਸਿੰਘਣੀਆਂ ਅਤੇ ਭੁਜੰਗੀਆਂ ਨੂੰ ਛੁੜਾ ਲਿਆਂਦਾ।

10 ਅਪ੍ਰੈਲ ਸੰਨ 1754 ਈਸਵੀ ਨੂੰ ਵਿਸਾਖੀ ਦੇ ਮੌਕੇ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੂੰ ਖ਼ਾਲਸੇ ਦਾ ਜੱਥੇਦਾਰ ਅਤੇ ਨਵਾਬ ਦੇ ਖ਼ਿਆਬ ਨਾਲ ਨਿਵਾਜਿਆ ਗਿਆ।

7 ਨਵੰਬਰ ਸੰਨ 1754 ਈਸਵੀ ਨੂੰ ਖ਼ਾਲਸੇ ਨੇ ਅੰਮ੍ਰਿਤਸਰ ਵਿਖੇ, ਲਹੌਰ ਤੇ ਕਬਜ਼ਾ ਕਰਨ ਦਾ ਗੁਰਮੱਤਾ ਕੀਤਾ।

18 ਜਨਵਰੀ ਸੰਨ 1757 ਈਸਵੀ ਨੂੰ ਮੁਗਲਾਂ ਨੇ ਜਹਾਨ ਖ਼ਾਨ ਦੀ ਕਮਾਨ ਹੇਠ ਦਰਬਾਰ ਸਾਹਿਬ ਤੇ ਹਮਲਾ ਕੀਤਾ ਤੇ ਤਬਾਹੀ ਮਚਾਈ।ਇਸ ਲੜਾਈ ਵਿਚ ਖਾਲਸੇ ਨੇ ਜਹਾਨਖ਼ਾਨ ਦੀ ਫ਼ੋਜ ਨੂੰ ਲੋਹੇ ਦੇ ਚਨੇ ਚਬਾਣ ਲਈ ਮਜਬੂਰ ਕਰ ਦਿੱਤਾ। ਇਸੇ ਸਾਲ 2 ਅਪ੍ਰੈਲ ਨੂੰ ਤੈਮੂਰ ਖ਼ਾਨ ਤੇ ਜਹਾਨਖ਼ਾਨ ਨੇ ਇੱਕ ਵਾਰ ਫਿਰ ਦਰਬਾਰ ਸਾਹਿਬ ਤੇ ਹਮਲਾ ਕਰ ਕੇ ਤਬਾਹੀ ਮਚਾਈ। ਕੁਝ ਮਹੀਨਿਆਂ ਬਾਦ ਸਿੱਖ ਜਰਨੈਲਾਂ ਭਾਈ ਦਿਆ ਸਿੰਘ ਅਤੇ ਭਾਈ ਲਹਿਣਾ ਸਿੰਘ ਨੇ 19 ਜੂਨ ਸੰਨ 1757 ਈਸਵੀ ਨੂੰ ਜਹਾਨ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ ਦਰਬਾਰ ਸਾਹਿਬ ਦੀ ਬੇਹੁਰਮਤੀ ਦਾ ਬਦਲਾ ਲਿਆ।

17 ਨਵੰਬਰ ਸੰਨ 1757 ਈਸਵੀ ਨੂੰ ਇੱਕ ਵਾਰ ਫਿਰ ਨਵਾਬ ਕਪੂਰ ਸਿੰਘ ਨੇ ਨ੍ਹੀ ਰੱਖੀ ਅਤੇ ਸਰਦਾਰ ਜੱਸਾ ਸਿੰਘ ਨੇ ਨੀਹਾਂ ਵਿਚ ਚੂਨਾ ਪਾਣ ਦੀ ਸੇਵਾ ਨਿਭਾਈ।

19 ਮਾਰਚ ਸੰਨ 1857 ਈਸਵੀ ਨੂੰ ਸਿੰਘਾਂ ਨੇ ਝਨਾ ਦਰਿਆ ਦੇ ਕਿਨਾਰੇ ਐਮਨਾਬਾਦ ਵਿਖੇ, ਦੁਰਾਨੀ ਦੀਆਂ ਫ਼ੋਜਾਂ ਨੂੰ ਭਾਰੀ ਹਾਰ ਦਿੱਤੀ ਅਤੇ ਅਨੇਕਾਂ ਪਠਾਣਾਂ ਨੂੰ ਬੰਦੀ ਬਣਾ ਕੇ ਅੰਮ੍ਰਿਤਸਰ ਲਿਆਂਦਾ।

11 ਅਪ੍ਰੈਲ ਸੰਨ 1761 ਈਸਵੀ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੰਘਾਂ ਨੇ ਗੋਇੰਦਵਾਲ ਦੇ ਪਤਨ ਤੇ ਅਬਦਾਲੀ ਦੇ ਚੁੰਗਲ ਚੋਂ 2200 ਹਿੰਦੂ ਲੜਕੀਆਂ ਦੀ ਬੰਦ ਖਲਾਸੀ ਕਰਵਾਈ ਅਤੇ ਸਭਨਾ ਨੂੰ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾਇਆ।

22 ਅਕਤੂਬਰ ਸੰਨ 1761 ਈਸਵੀ ਨੂੰ ਦੀਵਾਲੀ ਦੇ ਅਵਸਰ ਤੇ ਸਿੰਘਾਂ ਨੇ ਲਹੌਰ ਤੇ ਕਬਜ਼ਾ ਕਰਨ ਲਈ, ਸ੍ਰੀ ਅਕਾਲ ਤਖਤ ਸਾਹਿਬ ਵਿਖੇ, ਗੁਰਮੱਤਾ ਕਰ ਕੇ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਖਾਲਸੇ ਨੇ ਲਾਹੌਰ ਤੇ ਕਬਜ਼ਾ ਕਰ ਲਿਆ।

27 ਅਕਤੂਬਰ ਸੰਨ 1761 ਈਸਵੀ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੂੰ ਬਾਦਸ਼ਾਹ ਦਾ ਖ਼ਿਤਾਬ ਦੇ ਕੇ, ਲਹੌਰ ਤੇ ਤਖ਼ਤ ਉੱਪਰ ਬਿਠਾ ਦਿੱਤਾ। ਸ਼ਾਹੀ ਟਕਸਾਲ ਤੋਂ ਨਾਨਕਸ਼ਾਹੀ ਸਿੱਕਾ ਜਾਰੀ ਕੀਤਾ ਗਿਆ। ਆਕਿਲ ਦਾਸ ਲਾਹੌਰ ਤੇ ਖਾਲਸੇ ਦਾ ਕਬਜ਼ਾ ਹੋਣਾ ਜਰ ਨਾ ਸਕਿਆ। ਆਕਿਲ ਦਾਸ ਨੇ ਅਬਦਾਲੀ ਨੂੰ ਫਿਰ ਹਮਲਾ ਕਰਨ ਦੀ ਦਾਅਵਤ ਭੇਜੀ। ਸੁਨੇਹਾ ਮਿਲਦਿਆਂ ਅਬਦਾਲੀ ਫਰਵਰੀ 1762 ਈਸਵੀ ਵਿਚ ਛੇਵੀਂ ਵਾਰ ਹਮਲਾ–ਆਵਰ ਬਣ ਕੇ ਲਾਹੌਰ ਪੁਜ ਗਿਆ।

5 ਫਰਵਰੀ, 1762 ਈਸਵੀ ਨੂੰ ਜਦੋਂ ਖਾਲਸਾ ਆਪਣਿਆਂ ਪਰਿਵਾਰਾਂ ਨੂੰ ਸੁਰਖਿਅਤ ਸਥਾਨ ਤੇ ਪਹੁੰਚਾਉਣ ਮਾਲਵੇ ਜਾ ਰਿਹਾ ਸੀ। ਅਬਦਾਲੀ ਦੀਆਂ ਫੌਜਾਂ ਦੁਆਰਾ ਖਾਲਸੇ ਤੇ ਅਚਾਨਕ ਪਿੱਛੋਂ ਹਮਲਾ ਕਰਨ ਨਾਲ ਖਾਲਸੇ ਦਾ ਭਾਰੀ ਨੁਕਸਾਨ ਹੋਇਆ। ਤਕਰੀਬਨ 12,000 ਤੋਂ 15,000 ਮਰਦ, 20 ਹਜ਼ਾਰ ਤੋਂ 25 ਹਜ਼ਾਰ ਜ਼ਨਾਨੀਆਂ ਤੇ ਮਾਸੂਮ ਬੱਚੇ ਇਸ ਘਲੂਘਾਰੇ ਦੀ ਭੇਟ ਚੜ੍ਹੇ) ਜੋ ਸਿੱਖ ਇਤਿਹਾਸ ਵਿਚ ਵੱਡੇ ਘਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੇ ਸਿੱਖ ਔਰਤਾਂ ਤੇ ਬੱਚਿਆਂ ਦੀ ਅਬਦਾਲੀ ਫੋਜ ਤੋਂ ਰੱਖਿਆ ਕਰਦਿਆਂ ਆਪਣੇ ਜਿਸ ਤੇ 22 ਜ਼ਖ਼ਮ ਖਾਧੇ, ਪਰ ਪੂਰੀ ਹਿੰਮਤ ਨਾਲ ਅਬਦਾਲੇ ਦੁ ਜ਼ੁਲਮ ਦਾ ਟਾਕਰਾ ਕੀਤਾ। 5 ਅਪ੍ਰੈਲ ਸੰਨ 1762 ਈਸਵੀ ਨੂੰ ਅਬਦਾਲੀ ਨੇ ਸਿੱਖ ਸਿਰਾਂ ਦੇ ਪੰਜਾਹ ਗੱਡੇ ਭਰ ਕੇ ਸਰਹੰਦ ਤੋਂ ਲਹੌਰ ਲਈ ਕੂਚ ਕੀਤਾ।

9 ਅਪ੍ਰੈਲ ਸੰਨ 1762 ਈਸਵੀ ਨੂੰ ਵਿਸਾਖੀ ਤੋਂ ਇਕ ਦਿਨ ਪਹਿਲਾਂ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਤੋਪਾਂ ਨਾਲ ਉੜਵਾ ਕੇ ਸਰੋਵਰ ਨੂੰ ਮਲਬੇ ਨਾਲ ਭਰਵਾ ਦਿੱਤਾ। ਇਸ ਹਮਲੇ ਵਿਚ ਇੱਕ ਇੱਟ ਅਬਦਾਲੀ ਦੇ ਨੱਕ ਤੇ ਆ ਵੱਜੀ, ਜਿਸ ਦਾ ਜ਼ਖ਼ਮ ਨਾਸੂਰ ਬਣ ਗਿਆ ਤੇ ਅਬਦਾਲੀ ਦੀ ਮੌਤ ਦਾ ਕਾਰਨ ਬਣਿਆ। ਇਸੇ ਸਾਲ, 17 ਅਕਤੂਬਰ ਨੂੰ ਸਰਦਾਰ ਚੜ੍ਹਤ ਸਿੰਘ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਆਰੰਭ ਕੀਤੀ।

17 ਅਕਤੂਬਰ ਨੂੰ ਹੀ ਸਿੰਘਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਇੱਕ ਗੁਰਮੱਤਾ ਕਰ ਕੇ ਅਬਦਾਲੀ ਦੀ ਫੋਜਾਂ ਤੇ ਹਮਲਾ ਕੀਤਾ। ਪਿਪਲੀ ਸਾਹਿਬ ਵਿਖੇ ਹੋਈ ਲੜ੍ਹਾਈ 'ਚ ਅਬਦਾਲੀ ਦੀਆਂ ਫੋਜਾਂ ਸਿੰਘਾਂ ਦਾ ਵਾਰ ਸਹਿਨ ਨਾ ਕਰ ਸਕੀਆਂ ਤੇ ਮੈਦਾਨ ਛੋੜ ਕੇ ਨੱਸ ਉੱਠੀਆਂ। ਅਫਗਾਨਿਸਾਤਨ ਵਿਚ ਵਿਧਰੋਹ ਹੋ ਜਾਣ ਕਾਰਨ 112 ਦਸੰਬਰ ਨੂੰ ਅਬਦਾਲੀ ਕਾਬੁਲ ਪਰਤਨ ਲਈ ਮਜਬੂਰ ਹੋ ਗਿਆ। ਸਿੰਘਾਂ ਨੇ ਇਕ ਵਾਰ ਫਿਰ ਸ਼ਹਿਰਾਂ ਵੱਲ ਕੂਚ ਕਰ ਲਿਆ। ਅਬਦਾਲੀ ਦੇ ਜਾਣ ਮਗਰੋਂ ਖਾਲਸੇ ਨੇ ਆਪਣੇ ਇਲਾਕੇ ਫਿਰ ਸਾਂਭਣੇ ਤੇ ਗੁਰੂ ਘਰਾਂ ਦੀ ਉਸਾਰੀ ਸ਼ੁਰੂ ਕਰ ਦਿੱਤੀ।

10 ਅਪ੍ਰੈਲ ਸੰਨ 1763 ਈਸਵੀ ਨੂੰ (ਵਿਸਾਖੀ ਵਾਲੈ ਦਿਨ) ਸਰਦਾਰ ਚੜ੍ਹਤ ਸਿੰਘ ਨੇ ਸਰਦਾਰ ਹਰੀ ਸਿੰਘ ਭੰਗੀ ਨੂੰ ਉਸਮਾਨ ਖਾਨ ਨੂੰ ਸੋਧਨ ਲਈ ਭੇਜਿਆ। ਉਸਮਾਨ ਖਾਨ ਦਾ ਕਤਲ ਕਰ ਕੇ, ਉਸ ਦੇ ਖ਼ਜ਼ਾਨੇ ਦੇ ਨਾਲ, ਕਬਜ਼ੇ ਹੇਠੋਂ ਹਜ਼ਾਰਾਂ ਹਿੰਦੂ ਕੁੜੀਆਂ ਦੀ ਮੁਕਤੀ ਕੀਤੀ।

ਨਵੰਬਰ 1763 ਈਸਵੀ ਵਿਚ ਅਬਦਾਲੀ ਦੇ ਜਰਨੈਲ ਨਾਲ ਵਜ਼ੀਰਾਬਾਦ ਦੇ ਨੇੜੇ ਖਾਲਸੇ ਦਾ ਟਾਕਰਾ ਹੋਗਿਆ । ਉਹ ਖਾਲਸੇ ਤੋਂ ਹਾਰ ਖਾ ਕੇ ਵਾਪਿਸ ਚਲਾ ਗਿਆ।

13 ਜਨਵਰੀ 1764 ਈਸਵੀ ਨੂੰ ਜੱਥੇਦਾਰ ਬਾਬਾ ਬਘੇਲ ਸਿੰਘ ਅਤੇ ਸਰਦਾਰ ਜੱਸਾ ਸਿੰਘ ਦੀਆਂ ਸਾਂਝੀਆਂ 40 ਹਜ਼ਾਰ ਖਾਲਸਾ ਫ਼ੋਜਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹੰਦ ਦੇ (ਈਸੜੂ) ਮੁਕਾਮ ਤੇ ਹੱਲਾ ਬੋਲ ਦਿੱਤਾ। ਦੋਹਾਂ ਧਿਰਾਂ ਵਿਚ ਭਾਰੀ ਜੰਗ ਹੋਈ। ਜਹਾਨ ਖ਼ਾਨ ਜ਼ਖ਼ਮੀ ਹੋ ਕੇ ਭੱਜ ਖਲ੍ਹੋਤਾ। ਭਾਈ ਥਰਾਜ ਸਿੰਘ ਨੇ ਸੂਬੇਦਾਰ ਜ਼ੈਨ ਖਾਨ ਦਾ ਸਿਰ ਕਲਮ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਾਹਮਣੇ ਪੇਸ਼ ਕਰ ਦਿੱਤਾ। ਇਸ ਲੜਾਈ ਵਿੱਚ ਸਈਦ ਖ਼ਾਨ ਅਤੇ ਯਾਰ ਮੁਹੰਮਦ ਖ਼ਾਨ ਵੀ ਮਾਰੇ ਗਏ। ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਖਾਲਸਾ ਸਰਹੰਦ ਦਾ ਮਾਲਿਕ ਹੋ ਗਿਆ। ਸਿੰਘਾਂ ਨੇ ਹਿਸ ਸਥਾਨ ਤੇ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਗਏ ਸਨ, ਇੱਕ ਗੁਰਦਵਾਰਾ ਉਸਾਰ ਕੇ, ਇੱਕ ਗ੍ਰੰਥੀ ਸਾਹਿਬ ਦੀ ਨਿਯੁਕਤੀ ਕੀਤੀ। ਗੁਰਦਵਾਰੇ ਦਾ ਪ੍ਰਬੰਧ ਭਾਈ ਬੁੱਧ ਸਿੰਘ ਜੀ ਨੂੰ ਸੌਂਪਿਆ ਗਿਆ। ਬਾਅਦ ਵਿਚ ਬਾਬਾ ਆਲਾ ਸਿੰਘ ਨੂੰ ਸੌਂਪ ਦਿੱਤਾ ਗਿਆ। ਜਿਤ ਨਾਲ ਖਾਲਸੇ ਦਾ ਹੌਸਲਾ ਵਧ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੇ ਸਰਹੰਦ ਦੀ ਲੁੱਟ ਤੋਂ ਆਪਣੇ ਹਿੱਸੇ ਦੇ ਨੌਅ ਲੱਖ ਰੁਪਏ ਦੀ ਰਕਮ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਲਈ ਭੇਂਟ ਕਰ ਦਿੱਤੀ।

20 ਫਰਵਰੀ 1764 ਈਸਵੀ ਵਿਚ ਖਾਲਸੇ ਨੇ ਨਜੀਬੁਦੌਲਾ ਦੇ ਇਲਾਕੇ ਸਹਾਰਨਪੁਰ, ਸ਼ਾਮਲੀ ਤੇ ਆਸ ਪਾਸ

ਦਿਆਂ ਇਲਾਕਿਆਂ ਨੂੰ ਲੁਟਣਾ ਸ਼ੁਰੂ ਕਰ ਦਿੱਤਾ। ਨਜੀਬੁਦੌਲਾ ਨੇ ਖਾਲਸੇ ਨੂੰ 11 ਲੱਖ ਦੀ ਰਕਮ ਦੇ ਕੇ ਸ਼ੁਲਾਹ ਕਰ ਲਈ। ਨਵੰਬਰ 1765 ਈਸਵੀ ਨੂੰ ਰਾਜਾ ਜਵਾਹਰ ਸਿੰਘ ਦੇ ਸੱਦੇ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਪੰਦਰਾਂ ਹਜ਼ਾਰ ਦੇ ਜੱਥੇ ਨਾਲ ਸਬਜ਼ੀ ਮੰਡੀ ਇਲਾਕੇ ਤੇ ਹੱਲਾ ਬੋਲਿਆ, ਨਜੀਬੁਦੌਲਾ ਹਾਰ ਖਾ ਕੇ ਪਿੱਛੇ ਹਟ ਗਿਆ।

ਅਬਦਾਲੀ ਨੂੰ ਲਾਹੌਰ ਅਤੇ ਸਰਹੰਦ ਤੇ ਖਾਲਸੇ ਦੇ ਕਬਜ਼ੇ ਦੀ ਖਬਰ ਮਿਲੀ। ਇਸ ਨੂੰ ਅਬਦਾਲੀ ਪਚਾ ਨਾ ਸਕਿਆ। ਦਸੰਬਰ 1764 ਈਸਵੀ ਵਿਚ ਇਕ ਵਾਰ ਫਿਰ ਉਸ ਨੇ ਹਮਲਾ ਕਰ ਦਿੱਤਾ। ਸਾਰੇ ਖਾਲਸਾ ਸਰਦਾਰ ਪੰਜਾਬ ਤੋਂ ਬਾਹਰ ਸੀ। ਅਬਦਾਲੀ ਬਿਨਾ ਕਿਸੇ ਰੋਕ ਟੋਕ ਦੇ ਲਾਹੌਰ ਤੇ ਕਾਬਜ਼ ਹੋ ਕੇ ਦਰਬਾਰ ਸਾਹਿਬ ਆ ਪੁਜਾ। ਜਿੱਥੇ ਗੁਰੁਦੁਆਰੇ ਦੀ ਸੇਵਾ ਸੰਭਾਲ ਕਰਨ ਵਾਲੇ ਜੱਥੇਦਾਰ ਗੁਰਬਖ਼ਸ਼ ਸਿੰਘ ਦੇ ਨਾਲ ਕੇਵਲ 30 ਸਿੰਘ ਹੀ ਸੀ। ਸਾਰੇ ਸਿੰਘ ਅਬਦਾਲੀ ਦੀ ਹਜ਼ਾਰਾਂ ਦੀ ਗਿਣਤੀ ਵਿਚ ਫੌਜ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ। ਇੱਥੋਂ ਵਿਹਲਾ ਹੋ ਕੇ ਅਬਦਾਲੀ ਦਿੱਲੀ ਵਲ ਨੂੰ ਤੁਰ ਪਿਆ।

ਰਾਹ ਵਿਚ ਉਸ ਨੂੰ ਖਬਰ ਮਿਲੀ ਕਿ ਨਜੀਬੁਦੌਲਾ ਨੇ ਰਾਜਾ ਜਵਾਹਰ ਸਿੰਘ ਨਾਲ ਸੁਲਾਹ ਕਰ ਲਈ ਹੈ। ਗੁੱਸੇ ਵਿਚ ਉਹ ਦਿੱਲ਼ੀ ਜਾਣ ਦੀ ਥਾਂ ਲੁਟ ਦੇ ਸਾਮਾਨ ਨਾਲ ਵਾਪਸ ਮੁੜ ਪਿਆ। ਖਾਲਸੇ ਨੂੰ ਅਬਦਾਲੀ ਦੇ ਮੁੜਨ ਦੀ ਸੂਹ ਮਿਲਦਿਆਂ, ਅਗਲੇ ਦਿਨ ਤੋਂ ਲਗਾਤਾਰ ਸਤ ਦਿਨ ਉਸ ਦੀਆਂ ਫੋਜਾਂ ਤੇ ਛਾਪਾ ਮਾਰ ਦੀ ਖਬਰ ਮਿਲਦਿਆਂ ਹੀ ਸਾਰੇ ਖਾਲਸਾ ਸਰਦਾਰ ਇਕਠੇ ਹੋ ਕੇ ਫਿਲੌਰ ਦੇ ਲਾਗੇ ਅਬਦਾਲੀ ਦੀ ਇੰਤਜ਼ਾਰ ਕਰਨ ਲੱਗੇ। ਅਬਦਾਲੀ ਨੂੰ ਜਦੋਂ ਇਸ ਦੀ ਸੂਹ ਮਿਲੀ ਉਹ ਰੋਪੜ ਦੇ ਨੇੜਿਓਂ ਸਤਲੁਜ ਪਾਰ ਕਰ ਗਿਆ।

ਖ਼ਾਲਸੇ ਦੀ ਛਾਪਾਮਾਰੀ ਤੋਂ ਤੰਗ ਆ ਕੇ ਉਹ ਲਾਹੌਰ ਰੁਕੇ ਬਿਨਾਂ ਹੀ ਕਾਬਲ ਪਰਤ ਗਿਆ। ਖਾਲਸੇ ਨੇ ਸੰਨ 1765 ਈਸਵੀ ਦੀ ਵਿਸਾਖੀ ਉੱਤੇ ਅੰਮ੍ਰਿਤਸਰ ਵਿਖੇ, ਲਾਹੌਰ ਉੱਤੇ ਕਬਜ਼ਾ ਕਰਨ ਦਾ ਮਤਾ ਪਾਸ ਕੀਤਾ। 16 ਅਪ੍ਰੈਲ, ਸੰਨ 1765 ਈਸਵੀ ਦੀ ਰਾਤ ਨੂੰ ਭੰਗੀ ਮਿਸਲ ਦੇ ਸਰਦਾਰਾਂ ਨੇ ਬਿਨਾ ਕਿਸੇ ਰੁਕਾਵਟ ਦੇ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਕਿਲ੍ਹੇ ਤੇ ਖਾਲਸਈ ਨਿਸ਼ਾਨ ਸਾਹਿਬ ਝੁਲਾ ਦਿੱਤਾ।

ਨਵੰਬਰ 1765 ਈਸਵੀ ਨੂੰ ਇਕ ਵਾਰ ਫਿਰ ਅਬਦਾਲੀ ਨੇ ਬੜੀ ਤਿਆਰੀ ਨਾਲ ਆਪਣਾ ਨੌਵਾਂ ਹੱਲਾ ਬੋਲਿਆ ਤੇ ਲਾਹੌਰ ਪੁਜ ਗਿਆ। ਸਿੰਘਾਂ ਨੂੰ ਇਸ ਹਮਲੇ ਦੀ ਸੂਹ ਮਿਲ ਗਈ ਸੀ। ਉਹ ਹੱਲੇ ਦੇ ਵਕਤ ਇਧਰ ਉਧਰ ਹੋ ਗਏ। ਇਧਰ ਅਬਦਾਲੀ ਨੇ ਇਹ ਮਹਿਸੂਸ ਕੀਤਾ ਕਿ ਉਸ ਦਾ ਨਿਯੁਕਤ ਕੀਤਾ ਪ੍ਰਬੰਧਕ ਖਾਲਸਾ ਟਿਕਣ ਨਹੀ ਦਿੰਦਾ। ਨਾਲੇ ਪੰਜਾਬ ਦੇ ਲੋਕ ਖਾਲਸੇ ਨਾਲ ਖੁਸ਼ ਹਨ, ਇਸ ਲਈ ਉਸ ਨੇ ਆਪਣਾ ਦੂਤ ਹਰੀ ਸਿੰਘ ਭੰਗੀ ਅਤੇ ਜੱਸਾ ਸਿੰਘ ਆਹਲੂਵਾਲੀਆ ਪਾਸ ਸੁਲਾਹ ਲਈ ਭੇਜੇ। ਖਾਲਸੇ ਵਲੋਂ ਨਾਂਹ ਹੋਣ ਤੇ ਅਬਦਾਲੀ, ਦਾਦਨ ਸ਼ਾਹ ਨੂੰ ਲਾਹੌਰ ਦਾ ਸੂਬੇਦਾਰ ਬਣਾ ਕੇ ਦਿੱਲੀ ਨੂੰ ਤੁਰ ਪਿਆ। ਨਜੀਬੁਦੌਲਾ ਦੀ ਬੇਨਤੀ ਤੇ ਉਹ ਦਿਲੀ ਨਾ ਆ ਕੇ ਰਾਹ ਚੋਂ ਹੀ ਵਾਪਿਸ ਹੋ ਕੇ ਕਸੂਰ ਵਲ ਦੀ ਕਾਬਲ ਵਾਪਿਸ ਤੁਰ ਗਿਆ। ਅਬਦਾਲੀ ਦਾ ਖਾਲਸੇ ਤੋਂ ਬਚ ਬਚਾ ਕੇ ਵਾਪਿਸ ਜਾਣ ਨਾਲ ਖਾਲਸਾ ਇਕ ਵਾਰ ਫਿਰ ਜਾਗਰੂਕ ਹੋ ਗਿਆ।

ਸੰਨ 1774 ਈਸਵੀ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਪੂਰਥਲਾ ਦਾ ਇਲਾਕਾ ਫਤਹ ਕਰ ਕੇ ਆਪਣੇ ਇਲਾਕੇ ਵਿਚ ਮਿਲਾ ਕੇ ਆਪਣੀ ਮਿਸਲ ਦੀ ਰਾਜਧਾਨੀ ਕਾਇਮ ਕੀਤੀ, ਇਸ ਅਵਸਰ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਨਾਮ ਦਾ ਸਿੱਕਾ ਚਲਾਇਆ। ਜਿਸ ਤੇ ਉਕਰਿਆ ਗਿਆ ਸੀ।

ਸਿੱਕਹ ਸ਼ਦ ਦਰ ਜਹਾਂ ਬਫ਼ਜ਼ਲੇ ਅਕਾਲ॥
ਮੁਲਕ ਅਹ੍ਮਦ ਗਰਿਫ਼ਤ ਜੱਸਾ ਕਲਾਲ॥

(ਮਹਾਨ ਕੋਸ਼ ਪੰਨਾ 372)

11 ਮਾਰਚ ਸੰਨ 1783 ਈਸਵੀ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਬਘੇਲ ਸਿੰਘ ਅਤੇ ਸਰਦਾਰ ਰਾਏ ਸਿੰਘ ਦੀਆਂ ਸਾਂਝੀਆਂ ਫ਼ੌਜਾਂ ਦਿੱਲੀ ਦੇ ਲਾਲ ਕਿਲ੍ਹੇ ਤੇ ਬਿਨਾ ਕਿਸੇ ਖ਼ੂਨ ਖਰਾਬੇ ਦੇ ਕਬਜ਼ਾ ਕਰਨ ਵਿਚ ਸਫਲ ਹੋ ਗਈਆਂ। ਦਿੱਲੀ ਵਿਚ ਖਾਲਸੇ ਵਲੋਂ ਸਰਕਾਰੀ ਮਾਲ ਦੀ ਲੁਟ ਮਾਰ ਤੋਂ ਬਚਣ ਲਈ, ਦਿ੍ਲੀ ਦੇ ਬਾਦਸ਼ਾਹ ਸ਼ਾਹ ਆਲਮ ਵਲੋਂ ਸਮਝੌਤੇ ਦੀ ਪੇਸ਼ਕਸ਼ ਕੀਤੀ ਗਈ।

ਸਰਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਅਤੇ ਹੋਰ ਸਰਦਾਰਾਂ ਦੇ ਸਤਿਕਾਰ ਵਿਚ ਸਿਰ ਨਿਉਂ ਜਾਂਦਾ ਹੈ। ਜਿਨ੍ਹਾਂ ਨੇ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ, ਸਿੱਖ ਗੁਰੂਆਂ ਦੇ ਸਤਿਕਾਰ ਵਿਚ, ਨਿੱਜੀ ਜਾਗੀਰਾਂ ਮੰਗਣ ਦੀ ਥਾਂ, ਆਉਣ ਵਾਲੀਆਂ ਨਸਲਾਂ ਲਈ ਸਿੱਖ ਵਿਰਾਸਤ ਦੀ ਸੰਭਾਲ ਨੂੰ ਤਰਜੀਹ ਦਿਤੀ। ਕੱਟੜ ਇਸਲਾਮੀ ਰਾਜ ਵਿਚ, ਸਿੱਖ ਗੁਰੂਆਂ

ਦੇ ਚਰਨ ਛੋਹ ਵਾਲੇ ਸਥਾਨਾਂ ਤੇ ਗੁਰੂਦੁਆਰੇ ਤਾਮੀਰ ਕਰਵਾਉਣ ਲਈ ਥਾਵਾਂ ਦੀ ਮੰਗ ਕੀਤੀ। ਉਨ੍ਹਾਂ ਸਥਾਨਾਂ ਦੀ ਨਿਸ਼ਾਨਦੇਹੀ ਹੋਣ ਤੇ ਹੇਠਲੀਆਂ ਤਿੰਨ ਸ਼ਰਤਾਂ ਤੇ ਦੋਹਾਂ ਧਿਰਾਂ ਵਿਚ ਸਮਝੌਤਾ ਹੋਇਆ।

1) ਦਿੱਲੀ ਸਰਕਾਰ ਖਾਲਸੇ ਨੂੰ ਤਿੰਨ ਲੱਖ ਰੁਪਏ ਨਜ਼ਰਾਨਾ ਦਵੇਗੀ।
2) ਜਿੱਥੇ ਜਿੱਥੇ ਸਿੱਖ ਗੁਰੂਆਂ ਦੀ ਚਰਨ ਛੋਹ ਹੋਈ, ਉਨ੍ਹਾਂ ਸਥਾਨਾਂ ਤੇ ਗੁਰਦੁਆਰੇ ਉਸਾਰੇ ਜਾਣ ਲਈ ਜ਼ਮੀਨ ਖਾਲਸੇ ਨੂੰ ਦਿੱਤੀ ਜਾਏ ਗੀ।
3) ਗੁਰਦੁਆਰਿਆਂ ਦੇ ਤਾਮੀਰ ਕਰਨ ਲਈ ਚੁੰਗੀ (ਰੁਪਏ ਪਿੱਛੇ ਛੇ ਆਨੇ) ਵਸੂਲ ਕਰਨ ਦਾ ਹੱਕ ਖਾਲਸੇ ਨੂੰ ਮਿਲੇਗਾ।


ਸੁਲਾਹ ਦੀ ਸੰਧੀ ਵਿਚ ਇਹ ਵੀ ਤੈਅ ਹੋਇਆ ਕਿ ਜਦ ਤਕ ਗੁਰਦੁਆਰੇ ਤਾਮੀਰ ਨਾ ਹੋ ਜਾਣ ਸਰਦਾਰ ਬਘੇਲ ਸਿੰਘ ਆਪਣੇ ਚਾਰ ਹਜ਼ਾਰ ਸੈਨਕਾਂ ਨਾਲ ਦਿੱਲੀ ਹੀ ਰਹਿਣਗੇ। ਜਿਨ੍ਹਾਂ ਦਾ ਖਰਚ ਦਿੱਲੀ ਸਰਕਾਰ ਨੂੰ ਚੁਕਾਣਾ ਪਏਗਾ। ਸਰਦਾਰ ਬਘੇਲ ਸਿੰਘ ਜੀ ਦੇ ਦਿੱਲੀ ਨਿਵਾਸ ਕਰਨ ਤਕ ਦਿਲੀ ਕੋਤਵਾਲੀ ਉਤੇ ਬਘੇਲ ਸਿੰਘ ਦਾ ਕਬਜ਼ਾ ਵੀ ਮਨਜ਼ੂਰ ਕਰ ਲਿਆ। ਮੁਗਲ ਰਾਜਿਆਂ ਨੇ ਜਿਸ ਸਿਲ ਤੇ ਰੱਖੇ ਤਖਤ-ਏ-ਤਾਉਸ ਤੇ ਬੈਠ ਕੇ ਸਿੱਖਾਂ ਤੇ ਜ਼ੁਲਮ ਕੀਤੇ, ਸਿੱਖ ਸਰਦਾਰ ਉਹ ਸਿਲ੍ਹ ਲਾਲ ਕਿਲ੍ਹੇ ਚੋਂ ਚੁਕ ਕੇ ਅੰਮ੍ਰਿਤਸਰ ਲੈ ਆਏ।

20 ਅਕਤੂਬਰ ਸੰਨ 1783 ਈਸਵੀ ਨੂੰ ਅਕਾਲ ਚਲਾਣਾ ਕਰਨ ਸਮੇਂ ਸਰਦਾਰ ਜੱਸਾ ਸਿੰਘ ਦੀ ਮਿਸਲ ਜਲੰਧਰ ਦੁਆਬ, ਤਰਨਤਾਰਨ ਤੇ ਅੰਮ੍ਰਿਤਸਰ ਦੇ ਅਨੇਕਾਂ ਪਿੰਡ ਅਤੇ ਸਤਲੁਜ ਦੇ ਕੰਢੇ ਤਕ ਦੇ ਇਲਾਕੇ ਦਾ ਮਾਲਿਕ ਬਣ ਗਿਆ ਸੀ। ਇਤਿਹਾਸ ਗਵਾਹ ਹੈ ਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸੂਝ-ਬੂਝ ਨੇ ਸਿੱਖ ਕੌਮ ਨੂੰ ਇੱਕਮੁੱਠ ਕੀਤਾ ਰੱਖਿਆ। ਇੱਕਮੁੱਠ ਹੋਣ ਕਾਰਨ ਸਿੱਖ ਤਾਕਤਵਰ ਬਣਦੇ ਗਏ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਅਕਾਲ ਚਲਾਣੇ ਦੇ ਦੋ ਸੌਅ ਸਾਲ ਬਾਅਦ, 4 ਅਪ੍ਰੈਲ ਸੰਨ 1985 ਈਸਵੀ ਨੂੰ ਭਾਰਤ ਸਰਕਾਰ ਦੇ ਡਾਕ-ਤਾਰ ਵਿਭਾਗ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦੀ ਯਾਦ ਨੂੰ ਸਮਰਪਿਤ ਇਕ ਡਾਕ ਟਿਕਟ ਜਾਰੀ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਨੂੰ ਮਾਣ ਬਖ਼ਸ਼ਿਆ।

❋❋❋

– ਰਜਿੰਦਰ ਸਿੰਘ ਜੋਲੀ
theresolutesikh.com
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528







ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਦਿੱਲੀ ਫਤਿਹ ਦਿਵਸ

















ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਦਿੱਲੀ ਫਤਿਹ ਦਿਵਸ





















ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਾਏ ਜਾਣ ਵਾਲੇ ਦਿੱਲੀ ਫਤਿਹ ਦਿਵਸ ਨੂੰ ਇਸ ਵਾਰ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਅਤੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ 200 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਦੇ ਹੋਏ ਪੂਰੇ ਖਾਲਸਾਈ ਜਾਹੋ-ਜਹਾਲ ਨਾਲ ਲਾਲ ਕਿਲ੍ਹਾ ਮੈਦਾਨ 'ਤੇ ਮਨਾਇਆ ਗਿਆ। ਇਸ ਮੌਕੇ 'ਜਰਨੈਲੀ ਮਾਰਚ' ਵੀ ਸਜਾਇਆ ਗਿਆ ਜਿਸ 'ਚ ਸ਼ਾਮਿਲ ਨਿਹੰਗ ਸਿੰਘਾਂ ਨੇ ਸ਼ਸਤਰ ਵਿਦਿਆ ਗਤਕਾ ਕਰਦੇ ਹੋਏ ਪੁਰਾਤਕ ਰਵਾਇਤਾਂ ਅਨੁਸਾਰ ਹਾਥੀ-ਘੋੜਿਆਂ 'ਤੇ ਸਵਾਰ ਹੋ ਕੇ ਲਾਲ ਕਿਲ੍ਹੇ ਤਕ ਮਾਰਚ ਕੱਢਿਆ। ਇਸ ਮੌਕੇ ਸੰਗਤ ਨੇ ਵੀ ਵੱਡੀ ਗਿਣਤੀ 'ਚ ਹਾਜ਼ਰੀ ਭਰੀ।

















ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਅਤੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ 200 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਗੁ. ਮਜਨੂੰ ਕਾ ਟਿੱਲਾ ਸਾਹਿਬ ਤੋਂ ਸਜਾਇਆ ਗਿਆ। ਇਸ ਮੌਕੇ ਪੰਜਾਬ ਅਤੇ ਹਰਿਆਣਾ ਦੀਆਂ ਸੰਗਤਾਂ ਵੱਲੋਂ ਜਗ੍ਹਾ-ਜਗ੍ਹਾ ਨਗਰ ਕੀਰਤਨ ਦਾ ਸੁਆਗਤ ਕੀਤਾ ਗਿਆ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਸ. ਜਸਪ੍ਰੀਤ ਸਿੰਘ ਕਰਮਸਰ ਅਤੇ ਸਮੂਹ ਦਿੱਲੀ ਕਮੇਟੀ ਮੈਂਬਰ ਸਾਹਿਬਾਨ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।





ਰੱਖਿਆ ਮੰਤਰੀ ਰਾਜਨਾਥ ਸਿੰਘ ਗੁ. ਸੀਸ ਗੰਜ ਸਾਹਿਬ ਵਿਖੇ ਹੋਏ ਨਤਮਸਤਕ



ਭਾਰਤ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਏ ਜਿੱਥੇ ਉਨ੍ਹਾਂ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਤੇ ਸਾਬਕਾ ਪ੍ਰਧਾਨ ਸ. ਮਨਜਿੰਦਰ ਸਿੰਘ ਸਿਰਸਾ ਨੇ ਸ੍ਰੀ ਰਾਜਨਾਥ ਸਿੰਘ ਨੂੰ ਸਿਰੋਪਾਓ ਅਤੇ ਸਿਰੀ ਸਾਹਿਬ ਦੇ ਕੇ ਸਨਮਾਨਤ ਕੀਤਾ। ਸ੍ਰੀ ਰਾਜਨਾਥ ਸਿੰਘ ਨੇ ਸਨਮਾਨ ਲਈ ਦਿੱਲੀ ਗੁਰਦੁਆਰਾ ਕਮੇਟੀ ਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਰੱਖਿਆ ਮੰਤਰੀ ਨੇ ਕਿਹਾ ਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਉਹਨਾਂ ਅੱਗੇ ਸੀਸ ਨਿਵਾਉਂਦੇ ਹਨ। ਜਬਰ-ਜ਼ੁਲਮ ਦੇ ਖਿਲਾਫ ਗੁਰੂ ਜੀ ਦਾ ਸੰਘਰਸ਼ ਸਾਨੂੰ ਸਦੀਆਂ ਤੱਕ ਪ੍ਰੇਰਿਤ ਕਰਦਾ ਰਹੇਗਾ।









ਦਿੱ.ਸਿੱ.ਗੁ.ਪ੍ਰ. ਕਮੇਟੀ ਦੇ ਘੱਟ ਗਿਣਤੀ ਵਿਭਾਗ ਦੁਆਰਾ ਗੁ. ਮਜਨੂੰ ਕਾ ਟਿੱਲਾ ਸਾਹਿਬ ਅਤੇ ਗੁ. ਸਿੰਘ ਸਭਾ ਸੈਕਟਰ-11, ਦੁਆਰਕਾ, ਦਿੱਲੀ ਵਿਖੇ ਟਿਊਸ਼ਨ ਫੀਸ ਮਾਫ਼ੀ ਯੋਜਨਾ ਅਤੇ ਹੋਰਨਾਂ ਯੋਜਨਾਵਾਂ ਆਦਿ ਦੀ ਜਾਣਕਾਰੀ ਦੇਣ ਲਈ ਕੈਂਪ ਲਗਾਇਆ ਗਿਆ।











ਖਾਲਸਾ ਸਾਜਣਾ ਦਿਵਸ ਵੈਸਾਖੀ ਪੁਰਬ ਸ਼ਰਧਾ-ਸਤਿਕਾਰ ਨਾਲ ਮਨਾਇਆ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਮਜਨੂੰ ਕਾ ਟਿੱਲਾ ਸਾਹਿਬ ਵਿਖੇ ਖਾਲਸਾ ਸਾਜਣਾ ਦਿਵਸ ਤੇ ਵੈਸਾਖੀ ਪੁਰਬ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਕਮੇਟੀ ਅਧੀਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਸਮਾਗਮ ਹੋਏ। ਇਨ੍ਹਾਂ ਸਮਾਗਮਾਂ ਦੀ ਅਰੰਭਤਾ ਸਵੇਰ ਵੇਲੇ ਹੋਈ ਜਿਸ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਵੱਖ-ਵੱਖ ਰਾਗੀ ਸਿੰਘਾਂ ਦੇ ਜੱਥਿਆਂ ਨੇ ਗੁਰੂ ਕੀ ਇਲਾਹੀ ਬਾਣੀ ਦੇ ਰੱਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਦੁਪਹਿਰ ਵੇਲੇ ਢਾਡੀ ਪ੍ਰਸੰਗ ਹੋਏ ਤੇ ਸ਼ਾਮ ਵੇਲੇ ਕਵੀ ਦਰਬਾਰ ਵੀ ਸਜਾਇਆ ਗਿਆ।

ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਸਮਾਗਮ ਵਿਚ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਤੇ ਹੋਰ ਪਤਵੰਤਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਮੀਤ ਸਿੰਘ ਕਾਲਕਾ ਤੇ ਸ. ਜਗਦੀਪ ਸਿੰਘ ਕਾਹਲੋਂ ਨੇ ਸਮੁੱਚੇ ਖਾਲਸਾ ਪੰਥ ਨੂੰ ਖਾਲਸਾ ਸਾਜਣਾ ਦਿਵਸ ਤੇ ਵੈਸਾਖੀ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਇਕੋ-ਇਕ ਸਿੱਖ ਕੌਮ ਨੂੰ ਇਹ ਮਾਣ ਮਿਲਿਆ ਹੈ ਕਿ ਜਿਹੜੀ ਆਪਣਾ ਜਨਮ ਦਿਨ ਮਨਾਉਂਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਾਡੀ ਕੌਮ 'ਤੇ ਇੰਨੀਆਂ ਬਖ਼ਸ਼ਿਸ਼ਾਂ ਕੀਤੀਆਂ ਹਨ, ਜੋ ਸ਼ਬਦਾਂ ਨਾਲ ਬਿਆਂ ਨਹੀਂ ਕੀਤੀ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਭ ਤੋਂ ਅਹਿਮ ਗੱਲ ਜਿਹੜੀ ਕੌਮ ਨੂੰ ਮੰਨਣ ਦਾ ਹੁਕਮ ਦਿੱਤਾ ਹੈ, ਉਹ ਹੈ ਧੀਆਂ ਤੇ ਪੁੱਤਰਾਂ ਨੂੰ ਇਕ ਬਰਾਬਰ ਸਮਝਣ ਤੇ ਕੋਈ ਫਰਕ ਨਾ ਕਰਨ ਦਾ ਹੁਕਮ ਦਿੱਤਾ ਤੇ ਅਤੇ ਮੁੰਡਿਆਂ ਦੇ ਨਾਂ ਪਿੱਛੇ ਸਿੰਘ ਤੇ ਕੁੜੀਆਂ ਦੇ ਨਾਂ ਪਿੱਛੇ ਕੌਰ ਲਾਉਣ ਦਾ ਹੁਕਮ ਦਿੱਤਾ। ਉਨ੍ਹਾਂ ਕਿਹਾ ਕਿ ਇਕੋ ਨਾਂ ਦੀ ਲੜਕੀ ਤੇ ਉਸਦੇ ਨਾਂ ਦਾ ਲੜਕਾ ਸਾਡੀ ਕੌਮ ਵਿਚ ਹੈ ਜਿਵੇਂ ਗੁਰਵਿੰਦਰ ਕੌਰ ਤੇ ਗੁਰਵਿੰਦਰ ਸਿੰਘ, ਅਜਿਹੀ ਸਮਾਨਤਾ ਹੋਰ ਕਿਸੇ ਧਰਮ ਵਿਚ ਵੇਖਣ ਨੂੰ ਨਹੀਂ ਮਿਲਦੀ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬੜੇ ਸ਼ਰਧਾ-ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਕੀਰਤਲ ਸਮਾਗਮ ਕਰਵਾਇਆ ਗਿਆ ਜਿਸ 'ਚ ਪੰਥ ਦੇ ਪ੍ਰਸਿੱਧ ਕੀਰਤਨੀਆਂ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵੱਲੋਂ ਵੀ ਵੱਧ-ਚੜ੍ਹ ਕੇ ਗੁਰੂ ਚਰਨਾਂ 'ਚ ਹਾਜ਼ਰੀ ਭਰੀ ਗਈ।



























ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਨਮ ਦਿਵਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ 'ਗੁਰਮੁਖੀ ਦਿਵਸ' ਦਾ ਆਯੋਜਨ ਕੀਤਾ ਗਿਆ ਜਿਸ 'ਚ ਸੰਗਤ ਅਤੇ ਬੱਚਿਆਂ ਨੇ ਗੁਰਮੁਖੀ ਦਾ ਗਿਆਨ ਪ੍ਰਾਪਤ ਕੀਤਾ । ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਜਸਪ੍ਰੀਤ ਸਿੰਘ ਕਰਮਸਰ ਵੱਲੋਂ ਸੰਗਤ ਅਤੇ ਬੱਚਿਆਂ ਨਾਲ ਗੁਰਮੁਖੀ ਨਾਲ ਜੁੜੀ ਕਈ ਤੱਥ-ਭਰਪੂਰ ਜਾਣਕਾਰੀਆਂ ਦੀ ਸਾਂਝ ਪਾਈ ਗਈ।

ਗੁਰਦੁਆਰਾ ਮਾਤਾ ਸੁੰਦਰੀ ਜੀ ਕੰਪਲੈਕਸ ਵਿੱਚ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ





ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਮਾਤਾ ਸੁੰਦਰੀ ਜੀ ਕੰਪਲੈਕਸ ਵਿਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼ ਐਂਡ ਸੰਗੀਤ ਅਕੈਡਮੀ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਅਰਦਾਸ ਕਰਨ ਉਪਰੰਤ ਸੇਵਾ ਸ਼ੁਰੂ ਕੀਤੀ ਗਈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਨਵੀਂ ਇਮਾਰਤ ਦੀ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਕੀਤੀ ਜਾ ਰਹੀ ਹੈ। ਨਵੀਂ ਇਮਾਰਤ 40 ਗੁਣਾ 160 ਫੁੱਟ ਦੇ ਸਾਈਜ਼ 'ਚ 40 ਹਜ਼ਾਰ ਵਰਗ ਫੁੱਟ ਵਿਚ ਬਣੇਗੀ ਤੇ ਇਮਾਰਤ ਦੀ ਦਿੱਖ ਪੁਰਾਤਨ ਵਿਰਸੇ ਅਨੁਸਾਰ ਹੋਵੇਗੀ।

ਸ. ਕਾਲਕਾ ਤੇ ਸ. ਕਾਹਲੋਂ ਨੇ ਇਹ ਵੀ ਦੱਸਿਆ ਕਿ ਇਥੇ ਸਿੱਖ ਪ੍ਰਚਾਰਕ ਤਿਆਰ ਕੀਤੇ ਜਾਣਗੇ ਜਿਨ੍ਹਾਂ ਦੇ ਰਹਿਣ ਸਹਿਣ ਤੇ ਖਾਣ ਪੀਣ ਦਾ ਪ੍ਰਬੰਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਸੀਂ ਪੰਜਾਬ ਦੀ ਇਕ ਵੱਡੀ ਯੂਨੀਵਰਸਿਟੀ ਨਾਲ ਸਮਝੌਤਾ ਕਰ ਰਹੇ ਹਾਂ ਜਿਸ ਸਦਕਾ ਇਹ ਪ੍ਰਚਾਰਕ ਬਕਾਇਦਾ ਡਿਗ੍ਰੀ ਧਾਰਕ ਤਿਆਰ ਹੋਣਗੇ। ਇਕ ਬੈਚ ਵਿਚ 100 ਦੇ ਕਰੀਬ ਪ੍ਰਚਾਰਕ ਤਿਆਰ ਕੀਤੇ ਜਾਣਗੇ। ਨਵੀਂ ਇਮਾਰਤ 'ਚ ਜਿੱਥੇ ਕਲਾਸਾਂ ਲਾਉਣ ਦਾ ਪ੍ਰਬੰਧ ਹੋਵੇਗਾ, ਉਥੇ ਨਾਲ ਹੀ ਇਕ ਚੰਗਾ ਆਡੀਟੋਰੀਅਮ ਬਣਾਇਆ ਜਾਵੇਗਾ ਜਿਸ ਵਿਚ ਸੈਮੀਨਾਰ ਹੋ ਸਕਣਗੇ।

ਉਨ੍ਹਾਂ ਦੱਸਿਆ ਕਿ ਸੰਗੀਤ ਅਕੈਡਮੀ ਕੀਰਤਨ ਦੀ ਸਿੱਖਲਾਈ ਦਿੱਤੀ ਜਾਇਆ ਕਰੇਗੀ। ਇਸ ਵਾਸਤੇ ਦਿੱਲੀ ਦੀਆਂ ਜਿਹੜੀਆਂ ਸਿੱਖ ਬੀਬੀਆਂ ਤੇ ਬੱਚੇ ਕੀਰਤਨ ਸਿੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਲਿਆਉਣ ਤੇ ਲਿਜਾਣ ਦਾ ਪ੍ਰਬੰਧ ਵੀ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੀਤਾ ਜਾਵੇਗਾ ਤਾਂ ਜੋ ਦਿੱਲੀ ਵਿਚ ਚੰਗਾ ਕੀਰਤਨ ਵਾਲੇ ਜੱਥੇ ਤਿਆਰ ਕੀਤੇ ਜਾ ਸਕਣ।











ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਅਤੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੇ 200 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਨਗਰ ਕੀਰਤਨ ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਸਜਾਇਆ ਗਿਆ। ਜਿਸ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਦਿੱਲੀ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਸ. ਜਸਪ੍ਰੀਤ ਸਿੰਘ ਕਰਮਸਰ ਅਤੇ ਦਿੱਲੀ ਕਮੇਟੀ ਦੇ ਕਈ ਮੈਂਬਰ ਸਾਹਿਬਾਨ ਨੇ ਹਾਜ਼ਰੀ ਭਰੀ ਅਤੇ ਪੰਜ ਪਿਆਰਿਆਂ ਦਾ ਸਤਿਕਾਰ ਕੀਤਾ। ਕਮੇਟੀ ਵੱਲੋਂ ਨਗਰ ਕੀਰਤਨ 'ਚ ਸ਼ਾਮਿਲ ਸੰਗਤਾਂ ਦੇ ਵਿਸ਼ਰਾਮ ਅਤੇ ਲੰਗਰ-ਪਾਣੀ ਦੀ ਸੇਵਾ ਵੀ ਕੀਤੀ ਗਈ।



ਦਿੱਲੀ ਪੁਲਸ ਤੇ ਜੱਜਾਂ ਦੀ ਟੀਮ ਵਿਚਾਲੇ ਫ੍ਰੈਂਡਲੀ ਕ੍ਰਿਕੇਟ ਮੁਕਾਬਲਾ





ਸ੍ਰੀ ਗੁਰੂ ਤੇਗ ਬਹਾਦਰ ਕਾਲਜ (ਡੀਯੂ) 'ਚ ਦਿੱਲੀ ਜੱਜੇਸ-11 ਅਤੇ ਦਿੱਲੀ ਪੁਲਸ-11 ਵਿਚਾਲੇ ਫ੍ਰੈਂਡਲੀ ਕ੍ਰਿਕੇਟ ਮੈਚ ਖੇਡਿਆ ਗਿਆ। ਇਸ ਮੌਕੇ ਦਿੱਲੀ ਪੁਲਸ ਦੇ ਸਪੈਸ਼ਲ ਪੁਲਸ ਕਮਿਸ਼ਨਰ ਸ੍ਰੀ ਸੰਜੈ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿਨ੍ਹਾਂ ਦਾ ਦਿੱਲੀ ਕਮੇਟੀ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ, ਸ. ਹਰਵਿੰਦਰ ਸਿੰਘ ਕੇ.ਪੀ., ਸ. ਐਮ.ਪੀ.ਐਸ. ਚੱਢਾ ਅਤੇ ਹੋਰਨਾਂ ਮੈਂਬਰ ਸਾਹਿਬ ਵੱਲੋਂ ਸੁਆਗਤ ਕੀਤਾ ਗਿਆ।





ਖਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਗੁ. ਮਜਨੂੰ ਕਾ ਟਿੱਲਾ ਸਾਹਿਬ ਵਿਖੇ 'ਗੁਰਮਤਿ ਕੁਇਜ਼ ਕੰਪੀਟੀਸ਼ਨ' ਕਰਵਾਇਆ ਗਿਆ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ ਅਤੇ ਉਨ੍ਹਾਂ ਦਾ ਹੌਂਸਲਾ ਵਧਾਇਆ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਭਾਟੀਆ, ਸ: ਸਤਿੰਦਰਪਾਲ ਸਿੰਘ ਨਾਗੀ ਆਦਿ ਵੀ ਮੌਜੂਦ ਸਨ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਫਰਵਰੀ 2023 (ਆਮਦਨ ਭਾਗ)

ਅਕਾਊਂਟਸ ਖਰਚ	ਗੁਰਦੁਆਰਾ ਬਦਰਪੁਰ ਸਾਹਿਬ	ਗੁਰਦੁਆਰਾ ਬਾਲਾ ਸਾਹਿਬ	ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ	ਗੁਰਦੁਆਰਾ ਬੰਗਲਾ ਸਾਹਿਬ	ਗੁਰਦੁਆਰਾ ਭਾਈ ਲਾਲੋ ਜੀ	ਗੁਰਦੁਆਰਾ ਦਮਦਮਾ ਸਾਹਿਬ	ਗੁਰਦੁਆਰਾ ਦਰਿਆ ਗੰਜ	ਗੁਰਦੁਆਰਾ ਢੱਕਾਧੀਰ ਪੁਰ	ਗੁਰਦੁਆਰਾ ਕਰੋਲ ਬਾਗ	ਗੁਰਦੁਆਰਾ ਮਜਨੂੰ ਟਿੱਲਾ ਸਾਹਿਬ	ਗੁਰਦੁਆਰਾ ਮਾਤਾ ਸੁੰਦਰੀ ਜੀ	ਗੁਰਦੁਆਰਾ ਮੋਤੀ ਬਾਗ ਸਾਹਿਬ	ਗੁਰਦੁਆਰਾ ਨਾਨਕ ਪਿਆਉ	ਗੁ: ਪੀਪਲ ਮਹਾਦੇਵ ਸਾਹਿਬ	ਗੁਰਦੁਆਰਾ ਰਕਾਬ ਗੰਜ ਸਾਹਿਬ	ਗੁਰਦੁਆਰਾ ਰਣਜੀਤ ਨਗਰ	ਗੁਰਦੁਆਰਾ ਆਰ.ਕੇ. ਪੁਰਮ	ਗੁਰਦੁਆਰਾ ਸੀਸ ਗੰਜ ਸਾਹਿਬ	ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ	ਹਸਪਤਾਲ ਅਤੇ ਡਿਸਪੈਂਸਰੀ	ਜਾਇਦਾਦ ਅਕਾਊਂਟਸ	ਸਕੂਲ/ਕਾਲਜ ਅਤੇ ਇੰਸਟੀਚਿਊਟ
ਚੜ੍ਹਤ / ਗੋਲਕ	---	1000	9054	29346202	54045	145164	2100	274300	738023	1130640	16372	2086168	2907226	---	3596000	---	267089	13737366	---	---	---	---
ਲੰਗਰ	---	98026	3250	9305208	---	117341	---	---	---	218065	5250	520788	653220	---	1178307	---	10700	2491771	---	---	---	---
ਪ੍ਰਸ਼ਾਦਿ	---	407335	1100	10084074	24701	365438	800	---	45500	769020	156922	886128	1953666	---	1116435	---	3450	4395991	---	---	---	---
ਸ੍ਰੀ ਆਖੰਡ ਪਾਠ	---	110640	6100	2159400	36600	67100	12200	---	---	36600	48800	170800	451400	---	356500	---	12200	1165100	---	---	---	---
ਕਿਊ.ਐਮ.ਸੀ.	875	22235	645	---	690	2825	550	706	1465	9540	13713	7028	15250	300	36658	720	---	19489	---	---	---	---
ਸਰਾਂ	---	7300	---	1344850	---	31100	---	---	---	---	12800	631401	---	---	413150	---	---	782350	---	---	---	---
ਬਿਲਡਿੰਗ	---	---	---	591500	---	27300	---	---	---	500	---	---	---	---	1000	---	---	---	---	---	---	---
ਫੁਟਕਲ	---	---	---	152921	---	---	---	---	---	---	180	---	590	---	28540	---	10560	203026	---	---	527706	---
ਅਨੰਦ ਕਾਰਜ ਭੇਟਾ	---	---	---	---	---	50000	---	---	---	---	---	---	29800	---	1056500	---	---	---	---	---	---	---
ਸੇਬਟ੍ਰਾਲਾਈਜ ਡੋਨੇਸ਼ਨ	---	---	---	8370937	---	---	---	---	---	---	---	---	---	---	---	---	---	---	---	---	---	---
ਸੂਦ/ਜੁਰਮਾਨਾ	---	---	---	---	---	---	---	---	---	---	---	---	---	---	---	---	---	---	1100	---	---	---
ਮੈਡੀਕਲ ਫੀਸ/ਬਾਲਾ ਪ੍ਰੀਤਮ ਦਵਾਖ਼ਾਨਾ	---	---	---	---	---	---	---	---	---	---	---	---	---	---	---	---	---	---	---	5037740	---	---
ਐਜ਼ੂਕੇਸ਼ਨ ਫੰਡ	---	---	---	---	---	---	---	---	---	---	---	---	---	---	---	---	---	---	2118000	---	---	---
ਗੁ. ਬਾਬਾ ਬੁੱਢਾ ਜੀ TDI City	---	---	---	---	---	---	---	---	---	---	---	---	---	---	---	---	---	---	4862	---	---	---
ਗੁ: ਮਿਲਾਪ ਨਗਰ, ਉਤਮ ਨਗਰ	---	---	---	---	---	---	---	---	---	---	---	---	---	---	---	---	---	---	102380	---	---	---
ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ	---	---	---	---	---	---	---	---	---	---	---	---	---	---	---	---	---	---	24437	---	---	---
ਐਫ.ਸੀ.ਆਰ.ਏ. ਡੋਨੇਸ਼ਨ	---	---	---	---	---	---	---	---	---	---	---	---	---	---	---	---	---	---	4184300	---	---	---
ਸੀ.ਐਸ.ਆਰ. ਡੋਨੇਸ਼ਨ	---	---	---	---	---	---	---	---	---	---	---	---	---	---	---	---	---	---	27400000	---	---	---
ਐਜ਼ੂਕੇਸ਼ਨ ਫੀਸ	---	---	---	---	---	---	---	---	---	---	---	---	---	---	---	---	---	---	---	---	---	281140
ਪ੍ਰਿੰਟਿੰਗ ਪ੍ਰੈਸ	---	---	---	---	---	---	---	---	---	---	---	---	---	---	---	---	---	---	8900	---	---	---
ਪ੍ਰਚਾਰ	---	---	---	---	---	---	---	---	---	---	---	---	---	---	---	---	---	---	45780	---	---	---
ਪਿੰਨੀ ਪ੍ਰਸ਼ਾਦ	---	---	---	---	---	---	---	---	---	---	---	---	---	---	---	---	---	---	360000	---	---	---
ਸਟਾਫ ਭੇਟਾ	---	---	---	---	---	---	---	---	---	---	---	---	---	---	---	---	---	---	226974	---	---	---
ਜੋੜ	875	646536	20149	61355092	116036	806268	15650	275006	784988	2164365	254037	4302313	6011152	300	7783090	720	303999	22795093	34476733	5037740	527706	281140

Note : The information in this documents in unaudited, therefore these are subject to change without notice and should not be construed as a commitment by DSGMC.

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਫਰਵਰੀ 2023 (ਖਰਚ ਭਾਗ)

ਅਕਾਊਂਟਸ ਆਮਦਨ	ਗੁਰਦੁਆਰਾ ਬਦਰਪੁਰ ਸਾਹਿਬ	ਗੁਰਦੁਆਰਾ ਬਾਲਾ ਸਾਹਿਬ	ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ	ਗੁਰਦੁਆਰਾ ਬੰਗਲਾ ਸਾਹਿਬ	ਗੁਰਦੁਆਰਾ ਭਾਈ ਲਾਲੋ	ਗੁਰਦੁਆਰਾ ਦਮਦਮਾ ਸਾਹਿਬ	ਗੁਰਦੁਆਰਾ ਦਰਿਆ ਗੰਜ	ਗੁਰਦੁਆਰਾ ਢੱਕਾਧੀਰ ਪੁਰ	ਗੁਰਦੁਆਰਾ ਕਰੋਲ ਬਾਗ	ਗੁਰਦੁਆਰਾ ਮਜਨੂੰ ਟਿੱਲਾ ਸਾਹਿਬ	ਗੁਰਦੁਆਰਾ ਮਾਤਾ ਸੁੰਦਰੀ ਜੀ	ਗੁਰਦੁਆਰਾ ਮੋਤੀ ਬਾਗ ਸਾਹਿਬ	ਗੁਰਦੁਆਰਾ ਨਾਨਕ ਪਿਆਉ	ਗੁਰਦੁਆਰਾ ਪਿਪਲ ਮਹਾਂਦੇਵ	ਗੁਰਦੁਆਰਾ ਰਕਾਬ ਗੰਜ ਸਾਹਿਬ	ਗੁਰਦੁਆਰਾ ਰਣਜੀਤ ਨਗਰ	ਗੁਰਦੁਆਰਾ ਆਰ.ਕੇ. ਪੁਰਮ	ਗੁਰਦੁਆਰਾ ਸੀਸ ਗੰਜ ਸਾਹਿਬ	ਦਿੱਲੀ ਕਮੇਟੀ ਦੀ ਹੋਰ ਆਮਦਨ	ਹਸਪਤਾਲ ਅਤੇ ਡਿਸਪੈਂਸਰੀ	ਜਾਇਦਾਦ ਅਕਾਊਂਟਸ	ਸਕੂਲ/ਕਾਲਜ ਅਤੇ ਇੰਸਟੀਚਿਊਟ
ਲੰਗਰ	57970	161879	46037	5268607	13034	191797	5686	11087	39305	637324	138426	762255	840206	---	1181905	4401	5169	3392896	---	---	---	---
ਪ੍ਰਸ਼ਾਦਿ/ਪ੍ਰਸ਼ਾਦਿ ਹਜ਼ੂਰੀ	17520	206392	9951	2588367	26520	327438	8844	---	67858	613152	71070	548795	1498832	---	816885	---	8760	2624153	---	---	---	---
ਸ੍ਰੀ ਆਖੰਡ ਪਾਠ	---	62400	13600	2124062	33600	50123	9600	4800	4800	646	48508	3223	350585	---	108831	---	14400	830139	---	---	---	---
ਬਿਜਲੀ / ਪਾਣੀ	52230	535513	13860	1824135	35570	100120	4300	8750	46460	180350	43190	343685	979068	720	764345	30090	6930	892708	---	---	---	---
ਫੁਟਕਲ	46640	103003	39462	614294	27198	80540	14800	4800	40375	186200	52300	227765	591595	13355	568658	12547	25351	470432	---	---	---	---
ਟੈਲੀਫੋਨ	---	---	---	7321	---	714	---	---	---	---	---	---	1768	---	3692	---	---	---	---	---	---	---
ਸਫਾਈ ਤੇ ਰੱਖਰਖਾਵ	965	70800	961	476457	---	142458	312	---	648	71796	71813	183490	219390	---	417663	---	638	338362	---	---	---	---
ਕਨਵੈਂਸ ਚਾਰਜਿਸ	---	1760	1630	---	1650	250	150	300	---	400	300	200	350	---	---	---	1020	960	---	---	---	---
ਰਿਪੇਅਰ ਤੇ ਰੱਖਰਖਾਵ	---	58640	3900	433622	1950	23865	---	4000	6500	---	---	42330	115832	---	181928	---	---	38650	---	---	---	1435
ਕਿਰਾਇਆ ਸਾਊਂਡ ਸਿਸਟਮ	---	10900	---	---	7500	---	---	---	9300	---	---	---	---	---	---	---	---	---	---	---	---	---
ਕਿਰਾਇਆ ਟੈਂਟ	---	---	39659	245167	---	---	---	---	---	---	---	---	57543	---	50000	---	---	8254	---	---	---	---
1984 ਦੰਗਾ ਪੀੜ੍ਹਤ	---	---	---	---	---	---	---	---	---	---	---	---	---	---	---	---	---	---	36380	---	---	---
1984 ਸਿੱਖ ਕਤਲੇਆਮ ਯਾਦਗਾਰ	---	---	---	---	---	---	---	---	---	---	---	---	---	---	---	---	---	---	14241	---	---	---
ਬੈਂਕ ਚਾਰਜਿਜ	---	---	---	---	---	---	---	---	---	---	---	---	---	---	---	---	---	---	19681	---	---	---
ਕੰਪਿਊਟਰ ਰਿਪੇਅਰ ਤੇ ਰੱਖ ਰਖਾਵ	---	---	---	---	---	---	---	---	---	---	---	---	---	---	---	---	---	---	47418	---	---	---
ਐਜੂਕੇਸ਼ਨ ਖਰਚ	---	---	---	---	---	---	---	---	---	---	---	---	---	---	---	---	---	---	---	---	---	1824715
ਮੁਲਾਜ਼ਮ ਭਲਾਈ ਖਰਚ	---	---	---	---	---	---	---	---	---	---	---	---	---	---	---	---	---	---	317000	---	---	---
ਗੁ: ਬਾਬਾ ਬੁੱਢਾ ਜੀ TDI City	---	---	---	---	---	---	---	---	---	---	---	---	---	---	---	---	---	---	21354	---	---	---
ਗੁ: ਮੰਗੋਲਪੁਰੀ	---	---	---	---	---	---	---	---	---	---	---	---	---	---	---	---	---	---	13436	---	---	---
ਗੁ: ਮਿਲਾਪ ਨਗਰ, ਉਤਮ ਨਗਰ	---	---	---	---	---	---	---	---	---	---	---	---	---	---	---	---	---	---	19995	---	---	---
ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ	---	---	---	---	---	---	---	---	---	---	---	---	---	---	---	---	---	---	193731	---	---	---
ਗੁਰਪੁਰਬ	---	---	---	---	---	---	---	---	---	---	---	---	---	---	---	---	---	---	2877454	---	---	---
ਸਹਾਇਤਾ	---	---	---	---	---	---	---	---	---	---	---	---	---	---	---	---	---	---	2649329	---	---	---
ਲੀਗਲ ਐਂਡ ਪ੍ਰੋਫੈਸਨਲ	---	---	---	---	---	---	---	---	---	---	---	---	---	---	---	---	---	---	1665492	---	---	---
ਮੈਡੀਕਲ ਚਾਰਜਿਸ/ਬਾਲਾ ਪ੍ਰੀਤਮ ਦਵਾਖਾਨਾ	---	---	---	---	---	---	---	---	---	---	---	---	---	---	---	---	---	---	---	6260867	---	---
ਆਫਿਸ ਖਰਚੇ	---	---	---	---	---	---	---	---	---	---	---	---	---	---	---	---	---	---	2408928	---	---	---
ਪ੍ਰਚਾਰ	---	---	---	---	---	---	---	---	---	---	---	---	---	---	---	---	---	---	5839987	---	---	---
ਪੈਟਰੋਲ, ਡੀਜਲ ਤੇ ਸੀ.ਐਨ.ਜੀ.	---	---	---	---	---	---	---	---	---	---	---	---	---	---	---	---	---	---	837461	---	---	---
ਪਿੰਨੀ ਪ੍ਰਸ਼ਾਦਿ	---	---	---	---	---	---	---	---	---	---	---	---	---	---	---	---	---	---	235369	---	---	---
ਪ੍ਰਿਟਿੰਗ ਪ੍ਰੈਸ	---	---	---	---	---	---	---	---	---	---	---	---	---	---	---	---	---	---	432020	---	---	---
ਜਾਇਦਾਦ ਰੱਖ-ਰਖਾਵ	---	---	---	---	---	---	---	---	---	---	---	---	---	---	---	---	---	---	---	---	399809	---
ਰਾਗੀ ਭੇਟਾ	---	---	---	---	---	---	---	---	---	---	---	---	---	---	---	---	---	---	615186	---	---	---
ਰਿਪੇਅਰ ਅਤੇ ਰੱਖ ਰਖਾਵ ਗੱਡੀਆਂ	---	---	---	---	---	---	---	---	---	---	---	---	---	---	---	---	---	---	215825	---	---	---
ਤਨਖ਼ਾਹ	---	---	---	---	---	---	---	---	---	---	---	---	---	---	---	---	---	---	38762540	---	---	---
ਸੋਲਰ ਸਿਸਟਮ ਪਲਾਂਟ	---	---	---	57000	---	---	---	---	---	---	---	---	---	---	---	---	---	---	---	---	---	---
ਵੈਬਸਾਈਟ ਖਰਚ	---	---	---	---	---	---	---	---	---	---	---	---	---	---	---	---	---	---	29500	---	---	---
ਸਟੀਚਿੰਗ	---	---	---	---	---	---	---	---	---	---	---	---	---	---	---	---	---	---	31929	---	---	---
ਜੋੜ	175325	1211287	169060	13639032	147022	917305	43692	33737	215246	1689868	425607	2111743	4655169	14075	4093907	47038	62268	8596554	57284256	6260867	399809	1826150

Note : The information in this documents in unaudited, therefore these are subject to change without notice and should not be construed as a commitment by DSGMC.

ਗਿਣਤੀ

੧. ਕੇਤੜਿਆਂ ਪਤਿਸਾਹ ਜਗਿ ਕਿਤੜੇ ਮਸਲਤਿ ਕਰਨਿ ਵਜੀਰਾ।
੨. ਕੇਤੜਿਆਂ ਉਮਰਾਉ ਲਖ ਮਨਸਬਦਾਰ ਹਜਾਰ ਵਡੀਰਾ।
੩. ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ ਬੰਦ ਅਮੀਰਾ।
੪. ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰਾ।
੫. ਲਖ ਫਰਾਸ਼ ਲਖ ਸਾਰਵਾਨ ਮੀਰਾਖੋਰ ਸਈਸ ਵਹੀਰਾ।
੬. ਕਿਤੜੇ ਲਖ ਜਲੇਬਦਾਰ ਗਾਡੀਵਾਨ ਚਲਾਇਨਿ ਗਡੀਰਾ।
੭. ਛੜੀਦਾਰ ਦਰਵਾਨ ਖਲੀਰਾ ॥੧੯॥

{ ਵਾਰਾਂ ਭਾਈ ਗੁਰਦਾਸ ਜੀ : ਵਾਰ ੮, ਪਉੜੀ ੧੨ }

: ਪਦ ਅਰਥ :

ਮਸਲਤ – ਸਲਾਹੀ, ਮਸ਼ਵਰੇ ਦੇਣ ਵਾਲੇ । ਉਮਰਾਉ – ਅਮੀਰ । ਮਨਸਬਦਾਰ – ਅਹੁਦੇਦਾਰ । ਤਰਕਸ਼ਬੰਦ – ਧਨੁਸ਼ਧਾਰੀ । ਭੋਈ – ਘਾਹੀ । ਮੇਠ – ਤਬੇਲੇ ਦਾ ਨੌਕਰ । ਮਹਾਵਤ – ਹਾਥੀ ਨੂੰ ਤੋਰਨ ਵਾਲੇ । ਫਰਾਸ਼ – ਫ਼ਰਸ਼ ਸਾਫ਼ ਕਰਕੇ ਵਿਛੌਣ ਵਾਲੇ । ਮੀਰਾਂ – ਸਰਦਾਰ, ਅਫ਼ਸਰ ਜਿਵੇਂ ਸ਼ਿਕਾਰ ਦਾ ਅਫ਼ਸਰ 'ਮੀਰ ਸ਼ਿਕਾਰ' ਕਹੀਦਾ ਹੈ, ਇਮਾਰਤਾਂ ਦਾ ਅਫ਼ਸਰ 'ਮੀਰ ਇਮਾਰਤ' (ਮੀਰ ਸੱਯਦ ਨੂੰ ਭੀ ਕਹਿੰਦੇ ਹਨ) । ਸਾਰਵਾਨ – ਊਠ ਚਲਾਉਣ ਵਾਲੇ । ਮੀਰਾਂ ਖੋਰ – ਘੋੜਿਆਂ ਦਾ ਅਫ਼ਸਰ । ਵਹੀਰ – ਬਹੁਤੇ । ਜਲੇਬਦਾਰ – ਪਾਤਸ਼ਾਹੀ ਸਵਾਰੀ ਦਾ ਅਫ਼ਸਰ । ਖਲੀਰਾ – ਹਸਾਉਣ ਖਿਡਾਉਣ ਵਾਲੇ (ਖਲੀਰ – ਮਾਸੀ ਸਾਕ ਸਬੰਧੀ)

: ਅਰਥ :

੧) ਕਿਤਨੇ ਹੀ ਸੰਸਾਰ ਵਿੱਚ ਪਾਤਸ਼ਾਹ, ਕਿਤਨੇ ਹੀ ਵਜ਼ੀਰ ਸਲਾਹ ਮਸ਼ਵਰੇ ਦੇਣ ਵਾਲੇ ਹਨ।
੨) ਲੱਖਾਂ ਹੀ ਅਮੀਰ, ਔਹਦੇਦਾਰ ਤੇ ਹਜ਼ਾਰਾਂ ਹੀ ਹੋਰ ਵੱਡੇ-ਵੱਡੇ (ਰੁਤਬਿਆਂ ਵਾਲੇ) ਹਨ।
੩) ਲੱਖਾਂ ਹਕੀਮ ਹਿਕਮਤ ਕਰਨ ਵਾਲੇ, ਕਿੰਨੇ ਹੀ ਧਨੁਸ਼ਧਾਰੀ ਅਮੀਰ ਹਨ।
੪) ਕਿੰਨੇ ਹੀ ਨੌਕਰ ਚਾਕਰ, ਘਾਹੀ, ਦਰੋਗੇ ਹਾਥੀਵਾਨਾਂ ਦੇ ਅਫ਼ਸਰ ਹਨ।
੫) ਲੱਖਾਂ ਫ਼ਰਸ ਸਾਫ਼ ਕਰਨ ਵਾਲੇ ਗਲੀਚੇ ਵਿਛਾਉਣ ਵਾਲੇ, ਲੱਖਾਂ ਊਠਾਂ ਦੇ ਚਾਲਕ, ਘੋੜਿਆਂ ਦੇ ਅਫ਼ਸਰ ਹਨ।
੬) ਲੱਖਾਂ ਹੀ ਪਾਤਸ਼ਾਹੀ ਸਵਾਰੀ ਦੇ ਪ੍ਰਬੰਧ ਕਰਨ ਵਾਲੇ ਅਹਿਲਕਾਰ ਹਨ। ਗੱਡੀਆਂ ਚਲਾਉਣ ਵਾਲੇ ਗਾਡੀਵਾਨ ਤੇ ਅਨੇਕਾਂ ਹੀ ਦਰਬਾਨ ਹਨ।
੭) ਜੋ ਛੜੀਆਂ (ਡਾਂਗਾਂ ਆਦਿ) ਲੈ ਕੇ ਪਹਿਰੇ 'ਤੇ ਖਲੌਂਦੇ ਹਨ ।੧੯।

: ਭਾਵਾਰਥ :

ਇਸ ਉਪਰੋਕਤ ਪਉੜੀ ਅੰਦਰ ਭੀ ਭਾਈ ਸਾਹਿਬ ਜੀ ਉਸ ਬੇਅੰਤ ਪ੍ਰਭੂ ਦੀ ਬੇਅੰਤ ਰਚਨਾ ਦਾ ਜ਼ਿਕਰ ਕਰਦੇ ਹਨ ਕਿ ਇਸ ਰਚਨਾ ਨੂੰ ਕਿਸੇ ਪਖੋਂ ਭੀ ਨਜ਼ਰ ਮਾਰੋ ਆਖ਼ਰ ਬੇਅੰਤ, ਬੇਅੰਤ ਹੀ ਕਹਿਣਾ ਬਣਦਾ ਹੈ।

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ
ਸਾਬਕਾ ਹੈਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

SIS GANJ
Published : May 1, 2023
Posting : 5-10 May 2023, LPC, Delhi RMS
Delhi-110006

MAY 2023

DL (ND)-11/6040/2021-22-2023
U(C)-224/2021-23
RNI 10622/64



ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਥਿਤ ਰਾਮਗੜ੍ਹੀਆ ਬੁੰਗਾ

Total Pages : 1 to 64 (With Cover)